ਮਾਰਚ 2026

# ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-7, Issue-8, March 2026, Ludhiana gurmatvirsa@gmail.com Multilingual Price 25/-



## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ
# ਵਿਦਿਆਰਥੀਆਂ ਦੇ 28ਵੇਂ ਬੈਚ ਦੀ ਸੰਪੂਰਨਤਾ
## ਮੌਕੇ ਹੋਇਆ ਵਿਦਾਇਗੀ ਸਮਾਗਮ



## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ 28ਵੇਂ ਬੈਚ ਦੀ ਸੰਪੂਰਨਤਾ ਮੌਕੇ ਹੋਏ ਵਿਦਾਇਗੀ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।










# ਗੁਰਮਤਿ ਵਿਰਸਾ

ਮਾਰਚ 2026 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਫ਼ੱਗਣ-ਚੇਤ ਮਹੀਨੇ ਦੇ ਖਾਸ ਦਿਹਾੜੇ

- ਨਾਨਕਸ਼ਾਹੀ ਸੰਮਤ 553 ਸ਼ੁਰੂ : 1 ਚੇਤ (14 ਮਾਰਚ)
- ਗੁਰਤਾਗੱਦੀ ਪਾਤਸ਼ਾਹੀ 7ਵੀਂ : 1 ਚੇਤ (14 ਮਾਰਚ)
- ਦਿੱਲੀ ਫਤਹਿ ਦਿਵਸ : 2 ਚੇਤ (15 ਮਾਰਚ)
- ਜੋਤੀ ਜੋਤਿ ਪਾਤਸ਼ਾਹੀ ਛੇਵੀਂ : 6 ਚੇਤ (19 ਮਾਰਚ)
- ਸ਼ਹੀਦੀ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ: 12 ਚੇਤ (25 ਮਾਰਚ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

ਸੰਪਾਦਕੀ 4
ਸਵਾਲ ਜਵਾਬ 7
ਸ਼ਬਦ ਵਿਚਾਰ 8
ਹੋਲੀ ਅਤੇ ਹੋਲਾ ਮਹੱਲਾ 9
ਚੜ੍ਹਦੀ ਕਲਾ ਦਾ ਪ੍ਰਤੀਕ- ਹੋਲਾ ਮਹੱਲਾ 12
ਅਕਾਲ ਪੁਰਖ ਦਾ ਗੁਣ- ਨਿਰਭਉ 15
ਮੱਧ ਦੀ ਅਰਦਾਸ 16
ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ 18
ਮਤ ਕੋ ਭਰਮਿ ਭੁਲੈ ਸੰਸਾਰਿ ਗੁਰ ਬਿਨੁ ਕੋਇ ਨ ਉਤਰਸਿ ਪਾਰਿ 20
ਨੰਨੇ ਵਾਰਸ 22
ਜਾਤ ਅਤੇ ਸਿੱਖ 24
ਐਸੇ ਜਨ ਵਿਰਲੇ ਸੰਸਾਰੇ 29
ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... 33
ਕਾਵਿ ਕਿਆਰੀ 35
ਸਾਡੀ ਖੇਤੀ 37
ਸਿਹਤ ਸੰਭਾਲ 38
ਗੁਰਮਤਿ ਸੰਜੋਗ 40
ਜਨਵਰੀ ਮਹੀਨੇ ਦੀਆਂ ਸਰਗਰਮੀਆਂ 41




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਪੰਜਾਬ ਦੇ ਮੁੱਦੇ, ਰੈਲੀਆਂ ਅਤੇ ਤੋਹਮਤਾਂ



ਕਿਸੇ ਬੰਦੇ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਕਿਸੇ ਦੋਸਤ ਨੇ ਉਸ ਨੂੰ ਰਾਏ ਦਿੱਤੀ ਕਿ ਜੇਕਰ ਪਹਿਲੀ ਦਫਾ ਹੀ ਘਰਵਾਲੀ 'ਤੇ ਆਪਣਾ ਦਬਦਬਾ ਕਾਇਮ ਕਰ ਲਿਆ ਤਾਂ ਸਾਰੀ ਉਮਰ ਸੌਖਾ ਰਹੇਂਗਾ। ਘਰਵਾਲੀ ਸਾਰੀ ਉਮਰ ਤੇਰਾ ਕਿਹਾ ਮੰਨਿਆ ਕਰੇਗੀ। ਦੂਜੇ ਪਾਸੇ ਘਰਵਾਲੀ ਦੀਆਂ ਸਹੇਲੀਆਂ ਨੇ ਵੀ ਇਹ ਪੱਟੀ ਪੜ੍ਹਾ ਦਿੱਤੀ ਕਿ ਜੇ ਪਹਿਲੇ ਦਿਨ ਘਰਵਾਲੇ 'ਤੇ ਆਪਣਾ ਪ੍ਰਭਾਵ ਪਾ ਲਿਆ ਤਾਂ ਘਰਵਾਲਾ ਸਾਰੀ ਜ਼ਿੰਦਗੀ ਤੇਰਾ ਪਾਣੀ ਭਰਿਆ ਕਰੇਗਾ। ਚਲੋ ਵਿਆਹ ਹੋ ਗਿਆ, ਘਰਵਾਲੀ ਸਹੁਰੇ ਘਰ ਆਈ ਹੋਣ ਕਰਕੇ ਕੁਝ ਸੰਗਾਊ ਜਿਹੀ ਬਿਰਤੀ ਦਾ ਇਸਤੇਮਾਲ ਕਰ ਰਹੀ ਸੀ। ਘਰਵਾਲਾ ਕਿਸੇ ਦਾ ਚੁੱਕਿਆ ਹੋਇਆ ਜਦੋਂ ਵੀ ਘਰ ਆਏ ਤੇ ਦੰਦੀਆਂ ਕਰੀਚ ਕੇ ਉੱਚੀ ਸਾਰੀ ਕਿਹਾ ਕਰੇ ਕਿ, "ਜਿਹੜਾ ਮੇਰੇ ਅੱਗੇ ਬੋਲਿਆ ਮੈਂ ਓਦ੍ਹੇ ਵੱਟ ਕੇ ਕੱਢ ਕੇ ਰੱਖ ਦਿਆਂਗਾ"। ਕਈ ਦਿਨ ਲੰਘ ਗਏ ਘਰਵਾਲੀ ਨੇ ਬੜੀ ਦੂਰ ਦੀ ਸੋਚਦਿਆਂ ਜੁਗਤੀ ਨਾਲ ਘਰ ਚਲਾਉਣ ਦੀ ਵਿਉਂਤ ਬੰਨ੍ਹੀ। ਇਕ ਦਿਨ ਜਦੋਂ ਘਰਵਾਲਾ ਕਹਿੰਦਾ ਕਿ "ਮੈਂ ਵੱਟ ਕੱਢ ਕੇ ਰੱਖ ਦਿਆਂਗਾ" ਤਾਂ ਓਦੋਂ ਅਚਾਨਕ ਘਰਵਾਲੀ ਅਵਾਜ਼ ਮਾਰਦੀ ਹੈ ਤੇ ਕਹਿੰਦੀ "ਜੀ ਮੇਰੀ ਗੱਲ ਸੁਣਿਆ ਜੇ"। ਘਰਵਾਲਾ ਫਟਾਫੱਟ ਚਲਿਆ ਆਇਆ। ਘਰਵਾਲੀ ਨੇ ਇਕ ਲਿਸਟ ਤਿਆਰ ਕੀਤੀ ਹੋਈ ਸੀ, ਜਿਸ ਵਿੱਚ ਪਾਣੀ ਵਾਲੀ ਟੂਟੀ ਖਰਾਬ ਤੋਂ ਲੈ ਕੇ ਜਿੰਨੇ ਵੀ ਘਰ ਦੇ ਜ਼ਰੂਰੀ ਕੰਮ ਸਨ, ਉਸ ਨੇ ਸਾਰੇ ਲਿਖੇ ਹੋਏ ਸਨ। ਉਹ ਸਾਰੀ ਲਿਸਟ ਘਰਵਾਲੇ ਦੇ ਹੱਥ ਫੜਾ ਦਿੱਤੀ। ਲਿਸਟ ਦੇਖਦਿਆਂ ਹੀ ਵੱਟ ਕੱਢਣ ਵਾਲਾ ਬੰਦਾ ਚਾਰੋਂ ਖਾਨਿਓਂ ਚਿੱਤ ਹੋ ਗਿਆ। ਕਈਆਂ ਦਿਨਾਂ ਦੀ ਵੱਟ ਕੱਢਣ ਵਾਲੀ ਫੂਕ ਘਰਵਾਲੀ ਦੇ ਪਹਿਲੇ ਝਟਕੇ ਨਾਲ ਹੀ ਨਿਕਲ ਗਈ। ਹੁਣ ਉਸ ਨੂੰ ਸਮਝ ਨਾ ਪਏ ਕਿ ਮੈਂ ਇਸ ਨੂੰ ਕੀ ਜਵਾਬ ਦਿਆਂ? ਘਰਵਾਲੀ ਬਣਾ ਸਵਾਰ ਕੇ ਕਹਿੰਦੀ ਕੇ "ਜੀ ਵੱਟ ਬਾਅਦ ਵਿੱਚ ਕੱਢ ਲਿਆ ਜੇ, ਆ ਜ਼ਰੂਰੀ ਘਰ ਦੇ ਕੰਮ ਹਨ, ਪਹਿਲਾਂ ਇਹ ਕਰ ਲਓ"।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਵਲੋਂ ਰੈਲੀਆਂ ਵਿੱਚ ਵੀ ਕੁਝ ਏਦਾਂ ਹੀ ਕਿਹਾ ਜਾਂਦਾ ਹੈ ਕਿ ਸਾਡੀ ਸਰਕਾਰ ਬਣਾਓ ਅਸੀਂ ਵੱਟ ਕੱਢ ਦਿਆਂਗੇ। ਇਹ ਦਮਗਜੇ ਮਾਰਦਿਆਂ ਤੇ ਵੱਟ ਕਢਦਿਆਂ ਕਢਾਉਂਦਿਆਂ 2027 ਦੀਆਂ ਚੋਣਾਂ ਦਾ ਸ਼ੋਰ-ਸ਼ਰਾਬਾ ਸਮਾਪਤ ਹੋ ਜਾਏਗਾ, ਪਰ ਪਰਨਾਲਾ ਓੱਥੇ ਦਾ ਓੱਥੇ ਹੀ ਰਹੇਗਾ ਹੈ। ਪੰਜਾਬ ਦੇ ਲੀਡਰੋ ਵੱਟ ਬਾਅਦ ਵਿੱਚ ਕੱਢ ਲਿਆ ਜੇ, ਪਹਿਲਾਂ ਲੋਕ ਮਸਲੇ ਹੱਲ ਕਰਨ ਵਾਲੀ ਕੋਈ ਨੀਤੀ ਤਾਂ ਬਣਾਓ। ਲੋਕਾਂ ਨੂੰ ਹਵਾਈ ਫਾਇਰ, ਫੋਕੀ ਸ਼ੋਹਰਤ ਤੇ ਲੋਕ ਲਭਾਊ ਨਾਹਰੇ ਨਾ ਦਿਓ। ਪੰਜਾਬ ਦੀ ਧਰਤੀ ਨਾਲ ਜੁੜਿਆ ਪ੍ਰੋਗਰਾਮ ਦਿਓ। ਪੰਜਾਬ ਦੇ ਵਿਕਾਸ ਲਈ ਕਿਸੇ ਵੀ ਰਾਜਸੀ ਪਾਰਟੀ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਜੇ ਵਰਤਮਾਨ ਸਰਕਾਰ ਦੀ ਗੱਲ ਕਰੀਏ ਤਾਂ ਇੰਝ ਲੱਗਦਾ ਹੈ ਕਿ ਅਜੇ ਇਨ੍ਹਾਂ ਨੇ ਗੋੜ੍ਹੇ ਵਿਚੋਂ ਪੂਣੀ ਵੀ ਨਹੀਂ ਕੱਤੀ ਪਰ ਚੋਣਾਂ ਫਿਰ ਸਿਰ 'ਤੇ ਖੜੀਆਂ ਹਨ। ਬੇ- ਲੋੜੀਆਂ ਤੇ ਨਿਗੂਣੀਆਂ ਜੇਹੀਆਂ ਸਹੂਲਤਾਂ ਨਾਲ ਕਦੇ ਸਮੁੱਚਾ ਵਿਕਾਸ ਨਹੀਂ ਹੁੰਦਾ। ਕੀ ਪੰਜਾਬ ਦੀਆਂ ਰਾਜਸੀ ਪਾਰਟੀਆਂ ਕੋਲ ਨਾਹਰਿਆਂ, ਤੋਹਮਤਾਂ ਤੇ ਰੈਲੀਆਂ ਤੋਂ ਬਿਨਾਂ ਕੁਝ ਹੋਰ ਵੀ ਮੁੱਦਾ ਹੈ?

ਪੰਜਾਬ ਖੇਤੀ ਦੇ ਸਿਰ 'ਤੇ ਖੜਾ ਹੈ। ਕੇਂਦਰੀ ਸਰਕਾਰ ਤੇ ਸੂਬਾ ਸਰਕਾਰਾਂ ਰਲ਼ ਕੇ ਹੀ ਕਿਰਸਾਨ ਦੀ ਹੋਣੀ ਤਹਿ ਕਰਦੀਆਂ ਹਨ। ਸਹੀ ਸਮੇਂ ਜਿਨਸਾਂ ਦਾ ਪੂਰਾ ਭਾਅ ਨਾ ਮਿਥਣਾ, ਸਮੇਂ ਸਿਰ ਪੈਸਿਆਂ ਦਾ ਭੁਗਤਾਨ ਨਾ ਹੋਣਾ, ਮੰਡੀਆਂ ਵਿਚ ਲੰਮਾ ਸਮਾਂ ਖੱਜਲ ਖੁਆਰ ਹੋਣਾ ਕਿਰਸਾਨ ਦੇ ਪੱਕੇ ਤੌਰ 'ਤੇ ਪੱਲੇ ਪਿਆ ਹੋਇਆ ਹੈ। ਖੰਡ ਮਿੱਲਾਂ ਗੰਨੇ ਦਾ ਭੁਗਤਾਨ ਬਹੁਤ ਦੇਰ ਨਾਲ ਕਰਦੀਆਂ ਹਨ। ਕਿਰਸਾਨ ਖੱਜਲ ਹੋਣ ਲਈ ਮਜ਼ਬੂਰ ਹੈ। ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਕਰਜ਼ਾਈ ਕਿਰਸਾਨਾਂ ਦੀਆਂ ਆਤਮ ਹੱਤਿਆਵਾਂ ਵਾਲ਼ੀਆਂ ਖਬਰਾਂ ਨਿੱਤ ਆਉਣੀਆਂ ਚਿੰਤਾ ਜਨਕ ਵਿਸ਼ਾ ਹੈ।

ਅਜੇ ਚਾਰ ਕੁ ਦਿਨ ਪਹਿਲਾਂ ਹੀ ਪੰਜਾਬ ਦੇ ਸਾਬਕਾ ਗ੍ਰਹਿ ਮੰਤ੍ਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦਾ ਬਿਆਨ ਆਇਆ ਕਿ ਅਸੀਂ ਕਿਰਸਾਨਾਂ ਨੂੰ ਬਿਜਲੀ ਕਨੈਕਸ਼ਨ ਦਸ ਦਿਨ ਵਿੱਚ ਦਿਆਂਗੇ ਬੱਸ ਸਾਡੀ ਸਰਕਾਰ ਇੱਕ ਵਾਰ ਬਣਾਓ। ਬਿਨਾਂ ਸਿਰ ਪੈਰ ਦੇ ਬਿਆਨ ਦੇਣ ਨਾਲ ਕੀ ਪੰਜਾਬ ਦੀ ਹੋਣੀ ਸਵਰ ਜਾਏਗੀ? ਸੁਖਬੀਰ ਸਿੰਘ ਬਾਦਲ ਨੂੰ ਪੁੱਛਿਆ ਜਾਏ ਕਿ ਕਿਰਸਾਨਾਂ ਨੂੰ ਬੰਬੀਆਂ ਵਾਸਤੇ ਕਨੈਕਸ਼ਨ ਦੇਣ ਨਾਲ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਕੀ ਬਣੇਗਾ? ਪੰਜਾਬ ਦੇ ਕੁਝ ਹਿੱਸੇ ਡਾਰਕ ਜੋਨ ਵਿੱਚ ਆਉਂਦੇ ਹਨ। ਝੋਨੇ ਦੀ ਖੇਤੀ ਕਰਕੇ ਪੰਜਾਬ ਨੇ ਭਾਰਤ ਦਾ ਢਿੱਡ ਭਰਿਆ, ਪਰ ਆਪ ਪਾਣੀ ਪੱਖੋਂ ਮਲੰਗ ਹੋ ਗਿਆ। ਜਿਸ ਬੇ-ਤਰਤੀਬੀ ਨਾਲ ਪੰਜਾਬ ਵਿੱਚ ਪਾਣੀ ਦੀ ਵਰਤੋਂ ਕੀਤੀ ਗਈ ਹੈ, ਇਸ ਹਿਸਾਬ ਨਾਲ ਪੰਜਾਬੀ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਨੂੰ ਵੀ ਤਰਸਣਗੇ। ਬਾਦਲ ਦੀ ਸਰਕਾਰ ਨੇ ਹਰਿਆਣੇ ਦੇ ਮੁੱਖ ਮੰਤਰੀ ਨਾਲ ਸਾਂਝ ਪਗਾਉਂਦਿਆਂ ਸੌ ਕਰੋੜ ਰੁਪਇਆ ਲੈ ਕੇ ਸਤਲੁੱਜ ਜਮਨਾ ਲਿੰਕ ਨਹਿਰ ਬਣਾਉਣ ਦਾ ਰਾਹ ਪੱਧਰਾ ਕੀਤਾ ਸੀ। ਪੰਜਾਬ ਦੇ ਦਰਿਆਈ ਪਾਣੀ ਦੂਜੇ ਸੂਬਿਆਂ ਨੂੰ ਦੇ ਕੇ, ਕਿਰਸਾਨਾਂ ਨੂੰ ਬੰਬੀਆਂ ਲਈ ਮੁਫਤ ਬਿਜਲੀ ਦੇ ਕੇ ਕੀ ਪੰਜਾਬ ਦੀ ਆਰਥਿਕਤਾ ਤਬਾਹ ਨਹੀਂ ਕੀਤੀ ਗਈ? ਜੇ ਪੰਜਾਬ ਨੂੰ ਸਹੀ ਢੰਗ ਤਰੀਕੇ ਨਾਲ ਨਹਿਰੀ ਪਾਣੀ ਦਿੱਤਾ ਜਾਂਦਾ ਤਾਂ ਇੱਥੇ ਪਾਣੀ ਦੀ ਸਮੱਸਿਆ ਆ ਹੀ ਨਹੀਂ ਸਕਦੀ ਸੀ।

2.2.26 ਨੂੰ ਸਪੋਕਸਮੈਨ ਵਿੱਚ ਛਪੀ ਖ਼ਬਰ ਅਨੁਸਾਰ ਰਾਜ ਸਭਾ ਦੇ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦੇ ਚਿੰਤਾਜਨਕ ਪੱਧਰ ਤੱਕ ਡਿੱਗ ਜਾਣ ਉੱਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 9 ਫੀ ਸਦੀ ਖੂਹਾਂ ਵਿੱਚ ਭੂਮੀਗਤ ਪਾਣੀ 40 ਮੀਟਰ ਤੋਂ ਵੱਧ ਡੂੰਘਾ ਹੋ ਗਿਆ ਹੈ। ਖ਼ਾਸ ਕਰਕੇ ਖੇਤੀ ਦੇ ਤੌਰ 'ਤੇ ਮਹੱਤਵ ਪੂਰਨ ਜ਼ਿਲ੍ਹਿਆਂ ਜਿਵੇਂ ਸੰਗਰੂਰ 100%, ਬਰਨਾਲਾ 67%, ਪਟਿਆਲਾ 44%, ਮੋਗਾ ਅਤੇ ਮਲੇਰਕੋਟਲਾ ਵਿੱਚ ਪਾਣੀ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ। ਲੁਧਿਆਣਾ, ਜਲੰਧਰ, ਅਤੇ ਬਠਿੰਡਾ ਵਿੱਚ ਵੀ ਜ਼ਿਆਦਾਤਰ 10-40 ਮੀਟਰ ਡੂੰਘਾਈ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਪੰਜਾਬ ਦਾ ਜ਼ਮੀਨਦੋਜ਼ ਪਾਣੀ ਖ਼ਤਰਨਾਕ ਮੋੜ ਤੇ ਖੜਾ ਹੈ ਪਰ ਪੰਜਾਬ ਦੇ ਨੇਤਾ ਜ਼ਮੀਨ ਵਿਚੋਂ ਪਾਣੀ ਹੋਰ ਕੱਢਣ ਲਈ ਬਿਜਲੀ ਕੁਨੈਕਸ਼ਨ ਦੇ ਕੇ ਕਹਿਰ ਹੀ ਕਮਾਉਣਗੇ। ਰਾਜਨੀਤਿਕ ਲੀਡਰਾਂ ਨੂੰ ਕੇਵਲ ਵੋਟਾਂ ਚਾਹੀਦੀਆਂ ਹਨ ਸੂਬੇ ਦੇ ਹਿੱਤਾਂ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ।

ਇੱਕ ਸਮਾਂ ਹੁੰਦਾ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਦਾ ਸੀ। ਹੁਣ ਸ਼੍ਰੋਮਣੀ ਅਕਾਲੀ ਦਲ ਸਾਰੇ ਹੀ ਮੁੱਦੇ ਭੁੱਲ-ਭਲਾ ਗਿਆ ਹੈ। ਇਸ ਦਾ ਅਰਥ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਕੋਲ ਪੰਜਾਬ ਦਾ ਕੋਈ ਮੁੱਦਾ ਰਿਹਾ ਹੀ ਨਹੀਂ ਹੈ? ਸ਼੍ਰੋਮਣੀ ਅਕਾਲੀ ਦਲ ਕਦੇ ਸਮੁੱਚੇ ਦੇਸ਼ ਦੀ ਅਗਾਵਈ ਕਰਦਾ ਸੀ ਅੱਜ ਹਾਸ਼ੀਏ ਤੇ ਕਿਉਂ ਚਲਾ ਗਿਆ ਹੈ? ਇਸ ਦਾ ਕਾਰਨ ਹੈ ਕਿ ਅਕਾਲੀ ਦਲ ਸਿੱਖ ਸਰੋਕਾਰ, ਸਿੱਖ ਸਭਿਅਚਾਰ, ਸਿੱਖ ਪ੍ਰੰਪਰਾਵਾਂ, ਸਿੱਖ ਇਤਿਹਾਸ, ਸਿੱਖ ਫਲਸਫੇ ਨੂੰ ਹੀ ਤਿਲਾਂਜਲੀ ਨਹੀਂ ਦਿੱਤੀ ਸਗੋਂ ਸੂਬੇ ਦੇ ਕੁਦਰਤੀ ਸਰੋਤਾਂ ਨੂੰ ਲੁੱਟਿਆ ਗਿਆ ਹੈ। ਨਵੇਂ ਨਵੇਂ ਮਨਸੂਬੇ ਬਣਾਉਣ ਲਈ ਜੰਗਲਾਤ ਦੀਆਂ ਜ਼ਮੀਨਾਂ, ਪੰਚਾਇਤੀ ਜ਼ਮੀਨਾਂ, ਰੇਤ, ਬੱਜਰੀ, ਜੰਗਲ ਆਦਿ ਦੀ ਦੱਬ ਕੇ ਲੁੱਟ ਮਚਾਈ ਗਈ ਹੈ। ਇਸ ਕੰਮ ਲਈ ਕਾਂਗਰਸੀਏ ਵੀ ਪਿੱਛੇ ਨਹੀਂ ਰਹੇ। ਇਹ ਵੀ ਠੀਕ ਹੈ ਕਿ ਇਸ ਵਿੱਚ ਬਹੁਤਾਤ ਲੀਡਰ ਸ਼ਾਮਿਲ ਨਹੀਂ ਹਨ ਪਰ ਜਦੋਂ ਕਣਕ ਪਿੱਸਦੀ ਹੈ ਤਾਂ ਨਾਲ ਘੁਣ ਵੀ ਪਿਸਦਾ ਹੈ। ਕੁਝ ਲੀਡਰਾਂ ਦੀਆਂ ਲੂੰਬੜ ਚਾਲਾਂ ਨਾਲ ਪਾਰਟੀ ਦੀ ਇਖ਼ਲਾਕੀ ਹਾਰ ਹੁੰਦੀ ਹੈ। ਅਸਲ ਕਹਾਣੀ ਹੈ ਕਿ ਜਦੋਂ ਨੇਤਾ ਪਾਰਟੀ ਵਿੱਚ ਹੁੰਦਾ ਹੈ ਤਾਂ ਉਹ ਪਾਰਟੀ ਦੇ ਇਖ਼ਲਾਕ ਲਈ ਨਹੀਂ ਸਗੋਂ ਆਪਣੇ ਪੁੱਤ ਭਤੀਜਿਆਂ ਲਈ ਲਿਲਕੜੀਆਂ ਕੱਢਦਾ ਹੈ। ਨਿੱਜੀ ਲਾਲਚ ਕਰਕੇ ਪਾਰਟੀ ਤਬਾਹ ਹੋ ਜਾਂਦੀ ਹੈ।

ਅਕਾਲੀ ਦਲ ਜੋ ਮਨੁੱਖਤਾ ਦੀ ਸੇਵਾ ਲਈ ਬਣਿਆ ਸੀ ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਫਲਸਫੇ ਦੇ ਉਲਟ ਜਾਂਦਿਆਂ, ਸਰਕਾਰੀ ਮਹਿਕਮੇ ਜਿੱਥੋਂ ਸਰਕਾਰ ਨੂੰ ਆਮਦਨ ਹੋਣੀ ਸੀ, ਉਹਨਾਂ ਤੇ ਹੀ ਕਬਜ਼ਾ ਜਮਾ ਲਿਆ। ਸੂਬਾ ਟਰਾਂਸਪੋਰਟ ਤੇ ਸਾਰਾ ਕਬਜ਼ਾ ਇਨ੍ਹਾਂ ਦਾ ਹੀ ਹੈ। ਗੁਰਦੁਆਰਿਆਂ ਦਾ ਸਭਿਅਚਾਰ ਛੱਡ ਕੇ ਹੋਟਲਾਂ ਦੇ ਸਭਿਆਚਾਰ ਨੂੰ ਅਪਨਾਇਆ। ਨਹਿਰੀ ਪਾਣੀ ਬਾਹਰਲੇ ਸੂਬਿਆਂ ਨੂੰ ਦਿੱਤਾ ਗਿਆ ਤੇ ਪੰਜਾਬ ਦੇ ਕਿਰਸਾਨਾਂ ਨੂੰ ਮੁਫਤ ਬਿਜਲੀ ਦੇ ਕੇ ਧਰਤੀ ਹੇਠਲੇ ਪਾਣੀ ਦੀ ਬਰਬਾਦੀ ਦਾ ਰਾਹ ਖੋਹਲਤਾ। ਕੀ ਇਹ ਪੰਜਾਬ ਨਾਲ ਇਨਸਾਫ਼ ਸੀ? ਪੰਜਾਬ ਵਰਗੀ ਧਰਤੀ 'ਤੇ ਆਟਾ ਦਾਲ ਸਰਕਾਰ ਵਲੋਂ ਮੁਫਤ ਦੇ ਕੇ ਵੋਟਾਂ ਤਾਂ ਜ਼ਰੂਰ ਲੈ ਲਈਆਂ ਪਰ ਸਰਕਾਰੀ ਖ਼ਜ਼ਾਨੇ ਵਿਚੋਂ ਰਿਸ਼ਵਤ ਦਾ ਰਾਹ ਖੋਹਲਤਾ। ਕੀ ਆਟਾ ਦਾਲ ਤੁਹਾਡੇ ਕੋਲੋਂ ਕਿਸੇ ਨੇ ਮੰਗੀ ਸੀ? ਕੀ ਸਾਰੀਆਂ ਮਾਤਾਵਾਂ ਭੈਣਾਂ ਵਲੋਂ ਮੁਫਤ ਬੱਸ ਸਫਰ ਦੀ ਸਹੂਲਤ ਮੰਗੀ ਸੀ? ਕਿਹਾ ਜਾ ਸਕਦਾ ਹੈ ਕਿ ਸਰਕਾਰੀ ਪੈਸੇ ਦੀ ਦੁਰ ਵਰਤੋਂ ਕੀਤੀ ਗਈ। ਕਰਜ਼ਾ ਚੁੱਕ ਕੇ ਮੁਫਤ ਦੀਆਂ ਸਹੂਲਤਾਂ ਦੇਣੀਆਂ ਕਿਹੜੇ ਵਿਕਾਸ ਦੀ ਗੱਲ ਹੈ?

ਜਦੋਂ ਕੋਈ ਮਜ਼ਦੂਰ ਕਿਰਸਾਨ ਖੁਦਕਸ਼ੀ ਕਰ ਜਾਂਦਾ ਹੈ ਤਾਂ ਪਿੱਛੇ ਕਈ ਸਵਾਲ ਖੜੇ ਕਰ ਜਾਂਦਾ ਹੈ। ਇਨ੍ਹਾਂ ਸਵਾਲਾਂ ਦਾ ਦਾ ਸਮਾਧਾਨ ਬੁੱਧੀਜੀਵੀਆਂ ਤੇ ਸਰਕਾਰ ਨੇ ਲੱਭਣਾ ਹੁੰਦਾ ਹੈ। ਖੇਤੀ ਨਾਲ ਤਾਂ ਬਹੁਤ ਘਟਨਾਵਾਂ ਜੁੜੀਆਂ ਹਨ, ਜਿਸ ਤਰ੍ਹਾਂ ਕਿਰਸਾਨਾਂ ਨੂੰ ਨਰਮੇ ਦੇ ਬਚਾਅ ਵਾਸਤੇ ਜੋ ਕੀਟ ਨਾਸ਼ਕ ਦਵਾਈਆਂ ਮਿਲਦੀਆਂ ਹਨ ਉਹ ਅਕਸਰ ਨਕਲੀ ਨਿਕਲਦੀਆਂ ਹਨ। ਮਾਲਵਾ ਖੇਤਰ ਵਿੱਚ ਨਰਮੇ ਦੀ ਫਸਲ ਨੇ ਕਿਰਸਾਨਾਂ ਦੀ ਪੂਰੀ ਤਬਾਹੀ ਮਚਾਈ ਦੀਆਂ ਖਬਰਾਂ ਹਰ ਰੋਜ਼ ਅਖਬਾਰਾਂ ਦਾ ਹਿੱਸਾ ਬਣਦੀਆਂ ਰਹਿੰਦੀਆਂ ਹਨ।

ਅਕਾਲੀ ਦਲ ਦਾ ਬੇੜਾ ਓਦੋਂ ਗਰਕਣਾਂ ਸ਼ੁਰੂ ਹੋਇਆ ਜਦੋਂ ਸੌਦਾ ਸਾਧ ਨੂੰ ਵੋਟਾਂ ਦੀ ਖ਼ਾਤਰ ਜਥੇਦਾਰਾਂ ਦੇ ਗਲ਼ ਵਿੱਚ ਅੰਗੂਠਾ ਦੇ ਕੇ ਬਿਨ ਮੰਗੇ ਮੁਆਫ਼ੀ ਦਿੱਤੀ ਗਈ ਜੋ ਕਿਸੇ ਵੀ ਸਿੱਖ ਦੇ ਸੰਘੋਂ ਨਾ ਲੱਥੀ। ਇਸ ਤਰ੍ਹਾਂ ਮੁਆਫ਼ੀ ਦੇਣੀ ਬਿਲਕੁਲ ਗੈਰ ਵਾਜਬ ਸੀ। ਇਸ ਘਟਨਾ ਨੇ ਅਕਾਲ ਤਖਤ ਦੀ ਪ੍ਰਭੂਸੱਤਾ ਨੂੰ ਪੂਰਾ ਖੋਰਾ ਲਾਇਆ ਹੈ, ਜਿਸ ਦੀ ਭਰਪਾਈ ਹੋਣ ਨੂੰ ਸਮਾਂ ਲੱਗੇਗਾ। ਇਹ ਹੁਕਮ ਕਹਿਣ ਨੂੰ ਤਾਂ ਅਕਾਲ ਤੱਖਤ ਦਾ ਹੈ ਪਰ ਇਸ ਦੀ ਤਹਿ ਥੱਲੇ ਸ਼੍ਰੋਮਣੀ ਅਕਾਲੀ ਦਲ ਦੀ ਜਾਂ ਕੁਝ ਪਰਵਾਰਾਂ ਦੀ ਨੀਤੀ ਕੰਮ ਕਰਦੀ ਦਿਖਾਈ ਦੇਂਦੀ ਨਜ਼ਰ ਆਉਂਦੀ ਹੈ। ਇਸ ਘਟਨਾ ਦੁਆਰਾ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ, ਐਮ. ਐਲ. ਏ. ਮੰਤਰੀ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਵਿਰੋਧ ਆਪਣੇ ਆਪ ਹੀ ਸ਼ੁਰੂ ਹੋ ਗਿਆ ਸੀ। ਇਕ ਸਮਾਂ ਤੇ ਅਜੇਹਾ ਵੀ ਆਇਆ ਜਦੋਂ ਇਹ ਸਾਰੇ ਆਪਣੇ ਘਰਾਂ ਵਿਚ ਨਜ਼ਰ ਬੰਦ ਹੋ ਗਏ ਲੱਗਦੇ ਸਨ। ਇਹਨਾਂ ਘਟਨਾਵਾਂ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਦੀ ਬੇਅਦਬੀ ਵਾਲੀ ਘਟਨਾਵਾਂ ਵਾਪਰ ਗਈਆਂ। ਸਰਕਾਰ ਦੋਸ਼ੀਆਂ ਨੂੰ ਫੜਨ ਵਿਚ ਅਸਫਲ ਰਹੀ। ਇਹਨਾਂ ਘਟਨਾਵਾਂ ਦਾ ਸਦਕਾ ਲੋਕ ਆਪ ਮੁਹਾਰੇ ਹੀ ਸੜਕਾਂ 'ਤੇ ਉੱਤਰ ਆਏ। ਇਸ ਸਾਰੇ ਵਿਚ ਸਰਕਾਰ ਬੇਬਸ ਜੇਹੀ ਨਜ਼ਰ ਆਈ। ਸਰਕਾਰ ਦੇ ਮੰਤਰੀਆਂ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਪਿਆ। ਉੱਤੋਂ ਤੋੜੀ ਵਾਪਰੀਆਂ ਘਟਨਾਵਾਂ ਕਰਕੇ ਅਕਾਲੀ ਦਲ ਦੀ ਸਰਕਾਰ ਲੋਕ ਕਟਹਿਰੇ ਵਿਚ ਖੜੀ ਹੋ ਗਈ।

ਰਾਜ ਭਾਗ ਮਾਣ ਰਹੀ ਅਕਾਲੀ ਸਰਕਾਰ ਨੂੰ ਪਿੰਡਾਂ ਵਿਚ ਜਾਣਾ ਔਖਾ ਹੋ ਗਿਆ ਸੀ। ਅਕਾਲੀ ਦਲ ਦੇ ਮੈਂਬਰ, ਲੋਕਾਂ ਸਾਹਮਣੇ ਆਉਣ ਤੋਂ ਕੰਨੀ ਕਤਰਾਉਣ ਲੱਗੇ। ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਸਰਕਾਰ ਨੇ ਕਈ ਪ੍ਰਕਾਰ ਦੇ ਪਾਪੜ ਵੇਲੇ ਪਰ 2022 ਦੀਆਂ ਚੋਣਾਂ ਨੇ ਅਕਾਲੀ ਦਲ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਉਂਦਾ।

ਪੰਜਾਬ ਵਿੱਚ ਨੌਂ ਵਾਰ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਉਂਦੀ ਆਈ ਹੈ। ਜਦੋਂ ਕੇਂਦਰ ਵਿੱਚ ਕਾਂਗਰਸ ਦਾ ਰਾਜ ਹੁੰਦਾ ਸੀ ਤਾਂ ਓਦੋਂ ਤਤਕਾਲੀ ਸਰਕਾਰਾਂ ਸਾਰਾ ਭਾਂਡਾ ਕੇਂਦਰੀ ਸਰਕਾਰ ਕਾਂਗਰਸ ਦੇ ਸਿਰ ਭੰਨਦੇ ਰਹੇ ਹਨ। ਜਦੋਂ ਹਾਕਮ ਧਿਰ ਵਾਲੀ ਸਾਂਝ ਭਿਆਲੀ ਵਾਲੀ (ਬੀ.ਜੇ.ਪੀ-ਅਕਾਲੀ) ਕੇਂਦਰ ਵਿੱਚ ਆਪਣੀ ਸਰਕਾਰ ਰਹੀ ਸੀ ਤਾਂ ਭਾਂਡਾ ਬਾਹਰਲੀਆਂ ਏਜੰਸੀਆਂ ਸਿਰ ਭੰਨਿਆ ਜਾਂਦਾ ਰਿਹਾ ਹੈ। ਅਕਾਲੀ ਦਲ ਬਾਦਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੇ ਸਹੀ ਸਮੇਂ ਸਹੀ ਫੈਸਲਾ ਨਾ ਕਰ ਸਕਣਾ ਇਸ ਦੇ ਡੁੱਬਣ ਦਾ ਕਾਰਨ ਹੈ।

ਹਰ ਪਾਰਟੀ ਅਵਾਮ ਨੂੰ ਆਪਣੇ ਪਿੱਛੇ ਲਗਾਉਣ ਲਈ ਹਰ ਪਰਕਾਰ ਦਾ ਹਰਬਾ ਵਰਤਦੀ ਹੈ।

ਪੰਜਾਬ ਵਿੱਚ ਦੂਜੀ ਵੱਡੀ ਧਿਰ ਕਾਂਗਰਸ ਪਾਰਟੀ ਦੀ ਆਉਂਦੀ ਹੈ, ਜਿਸ ਨੇ ਪੰਜਾਬ ਵਿੱਚ ਕਈ ਵਾਰੀ ਰਾਜ ਭਾਗ ਮਾਣਿਆ ਹੈ। ਪਰ ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਕਿਸੇ ਮੁੱਦੇ ਦੀ ਗੱਲ ਨਹੀਂ ਕੀਤੀ। ਸ: ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਹਰੀਕੇ ਪੱਤਣ ਤੋਂ ਦੋ ਨਹਿਰਾਂ ਦੀ ਪਰਵਾਨਗੀ ਦੇ ਕੇ ਪੰਜਾਬ ਦੇ ਮੁੱਖ ਮੰਤਰੀ ਬਣੇ। ਦਰਬਾਰਾ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਇੰਦਰਾ ਗਾਂਧੀ ਦੇ ਕਹਿਣ 'ਤੇ ਸੁਪਰੀਮ ਕੋਰਟ ਵਿੱਚੋਂ ਪਾਣੀਆਂ ਦਾ ਕੇਸ ਵਾਪਸ ਲਿਆ ਜਿਸ ਨੇ ਸਤਲੁਜ ਜਮਨਾ ਲਿੰਕ ਨਹਿਰ ਦਾ ਰਾਹ ਖੋਲ੍ਹਿਆ। ਕੇਂਦਰੀ ਸਰਕਾਰ ਨੇ ਪਾਣੀਆਂ ਦੇ ਮੁੱਦੇ ਨੂੰ ਸਾਰੇ ਭਾਰਤ ਵਿੱਚ ਇੰਝ ਪੇਸ਼ ਕੀਤਾ ਜਿਵੇਂ ਪੰਜਾਬ ਭਾਰਤ ਦਾ ਕੋਈ ਵੱਖਰਾ ਖਿੱਤਾ ਹੋਵੇ। ਪੰਜਾਬ ਨਾਲ ਮਤ੍ਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਕਾਂਗਰਸ ਦਾ ਕੌਮੀ ਪਾਰਟੀ ਹੋਣ ਕਰਕੇ ਪੰਜਾਬ ਦੇ ਮੁੱਦਿਆਂ ਨਾਲ ਕੋਈ ਬਹੁਤ ਸਰੋਕਾਰ ਨਹੀਂ ਰਿਹਾ। ਪੰਜਾਬ ਦੇ ਕਾਂਗਰਸੀ ਕੌਮੀ ਨੇਤਾ ਆਪਣੇ ਕੌਮੀ ਨੇਤਾਵਾਂ ਦੇ ਅਧੀਨ ਹੋ ਕੇ ਜਾਂ ਆਪਣੇ ਨਿੱਜੀ ਹਿੱਤ ਜਾਂ ਅਹੁਦਿਆਂ ਦੀ ਖ਼ਾਤਰ ਕਦੇ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕਰਦੇ ਸਨ। ਸੂਬੇ ਦੇ ਕਾਂਗਰਸੀ ਆਪਣੀਆਂ ਨਿੱਜੀ ਲਾਲਸਾਵਾਂ ਕਰਕੇ ਇੱਕ ਦੂਜੇ ਨੂੰ ਹਮੇਸ਼ਾਂ ਨੀਵਾਂ ਹੀ ਦਿਖਾਉਂਦੇ ਆ ਰਹੇ ਹਨ। ਇਹ ਕਾਂਗਰਸ ਨੇਤਾਵਾਂ ਦੀ ਹੀ ਦੇਣ ਹੈ ਕਿ ਪੰਜਾਬ ਦੇ ਬਣਦੇ ਹੱਕ ਕਦੇ ਵੀ ਪੰਜਾਬ ਨੂੰ ਨਹੀਂ ਦਿੱਤੇ। ਪੰਜਾਬ ਨਾਲ ਧੱਕਿਆਂ ਦੀ ਲੰਮੇਰੀ ਦਾਸਤਾਂ ਕਾਂਗਰਸ ਦੀ ਕੌਮੀ ਪਾਰਟੀ ਵਲੋਂ ਹੀ ਹੁੰਦੀ ਆਈ ਹੈ। ਬੇ- ਸਮਝ ਕਾਂਗਰਸ ਦੀ ਨੇਤਾ ਇੰਦ੍ਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਪੰਜਾਬ ਦੀ ਅਣਖ਼ ਨੂੰ ਵੰਗਾਰਿਆ। ਜੋ ਉਸ ਦਾ ਹਸ਼ਰ ਹੋਇਆ ਉਹ ਸਾਰੀ ਦੁਨੀਆਂ ਦੇ ਸਾਹਮਣੇ ਹੈ। ਐਨਾ ਕੁਝ ਹੋਣ ਦੇ

ਬਾਵਜੂਦ ਵੀ ਪੰਜਾਬ ਦੇ ਲੋਕ ਕਾਂਗਰਸ ਨੂੰ ਵੋਟਾਂ ਪਾ ਕੇ ਰਾਜ ਭਾਗ ਦੇ ਮਾਲਕ ਬਣਾਉਂਦੇ ਰਹੇ। ਹੁਣ ਪੰਜਾਬ ਵਿੱਚ ਏਦਾਂ ਦਾ ਮਾਹੌਲ ਬਣ ਗਿਆ ਸੀ। ਇੱਕ ਵਾਰ ਅਕਾਲੀਏ ਤੇ ਦੂਜੀ ਵਾਰੀ ਕਾਂਗਰਸ ਸਰਕਾਰ ਆ ਜਾਂਦੀ ਸੀ। ਪੰਜਾਬ ਦਾ ਅਵਾਮ ਇਨ੍ਹਾਂ ਪ੍ਰੰਪਰਾਗਤ ਪਾਰਟੀਆਂ ਤੋਂ ਮੁਕੰਮਲ ਤੌਰ 'ਤੇ ਅਵਾਜ਼ਾਰ ਹੋ ਚੁੱਕਿਆ ਸੀ।

1966 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਅਕਾਲੀਏ ਤੇ ਕਾਂਗਰਸੀਏ ਵਾਰੀ ਵਾਰੀ ਰਾਜ ਕਰਦੇ ਰਹੇ। ਇਸੇ ਸਮੇਂ ਦੌਰਾਨ ਅੰਦਰਖਾਤੇ ਭਾਰਤੀ ਜਨਤਾ ਪਾਰਟੀ ਨੇ ਸ: ਮਨਮੋਹਨ ਸਿੰਘ ਦੀ ਸਰਕਾਰ ਦੇ ਖਿਲਾਫ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਦਿੱਲੀ ਵਿੱਚ ਲੋਕਪਾਲ ਦੇ ਲਈ ਜਨ ਅੰਦੋਲਨ ਚਲਾ ਦਿੱਤਾ। ਇਸ ਅੰਦੋਲਨ ਵਿਚੋਂ ਆਮ ਆਦਮੀ ਪਾਰਟੀ ਦਾ ਜਨਮ ਕੇਜਰੀਵਾਲ ਦੀ ਕਮਾਨ ਹੇਠ ਹੁੰਦਾ ਹੈ। ਇਸ ਪਾਰਟੀ ਵਿੱਚ ਬਹੁਤ ਹੀ ਸੁਹਿਰਦ ਲੋਕ ਸ਼ਾਮਿਲ ਹੋਏ ਸਨ। ਇੱਕ ਵਾਰੀ ਸਭ ਨੂੰ ਇੰਝ ਲੱਗਿਆ ਕਿ ਆਮ ਆਦਮੀ ਪਾਰਟੀ ਜ਼ਰੂਰ ਕੋਈ ਨਵਾਂ ਚਮਤਕਾਰ ਕਰੇਗੀ। ਪੰਜਾਬ ਦੇ ਲੋਕ ਦੋ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਸਨ। ਇਸ ਲਈ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਭੁਗਤਦਿਆਂ 92 ਸੀਟਾਂ ਜਿਤਾ ਦਿੱਤੀਆਂ। ਦੁਖਾਂਤ ਇਸ ਗੱਲ ਦਾ ਹੈ ਆਮ ਆਦਮੀ ਪਾਰਟੀ ਵੀ ਨੈਸ਼ਨਲ ਪਾਰਟੀ ਬਣਦੀ ਬਣਦੀ ਦਿੱਲੀ ਵਿਚੋਂ ਵੀ ਆਪਣੀ ਸਰਕਾਰ ਗਵਾ ਬੈਠੀ।

ਦਿੱਲੀ ਵਾਲੀ ਸਾਰੀ ਲੀਡਰਸ਼ਿੱਪ ਪੰਜਾਬ ਬੈਠ ਗਈ। ਪੰਜਾਬੀਆਂ ਨੂੰ ਇੰਝ ਲੱਗਣ ਲੱਗਾ ਹੈ ਕਿ ਐਮ. ਐਲ. ਏ. ਪੰਜਾਬ ਦੇ ਹਨ, ਪਰ ਹਕੂਮਤ ਦਿੱਲੀ ਦੇ ਲੀਡਰ ਕਰ ਰਹੇ ਹਨ। ਆਮ ਆਦਮੀ ਪਾਰਟੀ ਦੀ ਮਜ਼ਬੂਰੀ ਹੈ ਕਿ ਦਿੱਲੀ ਜਾ ਕੇ ਪੰਜਾਬ ਦੇ ਮੁੱਦਿਆਂ ਨੂੰ ਭੁੱਲ ਜਾਂਦੇ ਹਨ। ਆਮ ਆਦਮੀ ਪਾਰਟੀ ਨੇ ਜਿਹੜੀ ਬਿਜਲੀ ਫ੍ਰੀ ਦੀ ਸਹੂਲਤ ਦਿੱਤੀ ਹੈ, ਉਸ ਨਾਲ ਪੰਜਾਬ ਕਰਜ਼ਾਈ ਹੀ ਹੋਇਆ ਹੈ। ਕੀ ਕਰਜ਼ਾ ਚੁੱਕ ਕੇ ਬਿਜਲੀ ਫ੍ਰੀ ਦੇਣੀ ਅਕਲਮੰਦੀ ਦਾ ਕੰਮ ਹੈ? ਆਮ ਆਦਮੀ ਪਾਰਟੀ ਵੀ ਪੰਜਾਬ ਵਿੱਚ ਡੰਗ ਟਪਾਊ ਨੀਤੀ ਦੇ ਤਹਿਤ ਹੀ ਚੱਲ ਰਹੀ ਹੈ। ਪੰਜਾਬ ਵਿਚੋਂ ਖਬੇ ਤੇ ਸੱਜੇ ਪੱਖੀ ਕਾਮਰੇਡਾਂ ਦਾ ਤਾਂ ਹੁਣ ਖਾਤਮਾ ਹੀ ਹੈ, ਕੋਈ ਵੀ ਤੜ ਵਾਲਾ ਨੇਤਾ ਨਹੀਂ ਰਿਹਾ। ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਵੱਖ-ਵੱਖ ਪਾਰਟੀਆਂ ਵਿਚੋਂ ਨੇਤਾ ਤੋੜ ਕੇ ਰਾਜ ਸੱਤਾ ਲੱਭਣ ਦਾ ਯਤਨ ਕਰ ਰਹੀ ਹੈ। ਜਿਹੜੇ ਨੇਤਾ ਦਿਨੇ ਰਾਤ ਭਾਰਤੀ ਜਨਤਾ ਪਾਰਟੀ ਨੂੰ ਕੋਸਦੇ ਰਹੇ, ਉਹ ਨੇਤਾ ਭਾਰਤੀ ਜਨਤਾ ਪਾਰਟੀ ਦੇ ਗੁਣ ਗਾਣ ਕਰਦੇ ਨਜ਼ਰ ਆਉਂਦੇ ਆ ਰਹੇ ਹਨ।

2027 ਨੂੰ ਮੁੱਖ ਰੱਖਦਿਆਂ ਸਾਰੀਆਂ ਪਾਰਟੀਆਂ ਵਲੋਂ ਰੈਲੀਆਂ ਤੇ ਤੋਹਮਤਾਂ ਦਾ ਦੌਰ ਸ਼ੁਰੂ ਕੀਤਾ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਇਹਨਾਂ ਰੈਲੀਆਂ ਰਾਹੀ ਹੀ ਲੋਕਾਂ ਕੋਲ ਜਾਇਆ ਜਾਏਗਾ। ਪੂਰੀਆਂ ਤੋਹਮਤਾਂ ਦਾ ਮੀਂਹ ਵੱਸੇਗਾ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਵੱਧ ਰਹੀ ਮਹਿੰਗਾਈ, ਨਸ਼ੇ ਖਤਮ ਕਰਨੇ ਤੇ ਫਰਜ਼ੀ ਵਿਕਾਸ ਵਾਲਾ ਪੱਤਾ ਵਰਤਿਆ ਜਾਏਗਾ। ਸਰਕਾਰ ਬਣਨ ਨਾਲ ਹੀ ਹੀਲ ਪਿਆਜ਼ ਨੰਗਾ ਹੋ ਜਾਏਗਾ। ਕਿਰਸਾਨਾਂ, ਮਜ਼ਦੂਰਾਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਘੱਟਣ ਦੀ ਬਜਾਏ ਹਰ ਰੋਜ਼ ਸ਼ੈਤਾਨ ਦੀ ਆਂਦਰ ਵਾਂਗ ਵੱਧਣਗੀਆਂ ਪਰ ਨੇਤਾ ਕਦੇ ਵੀ ਇਧਰ ਧਿਆਨ ਨਹੀਂ ਦੇਣਗੇ।

ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੀ ਅਤ ਜ਼ਰੂਰਤ ਹੈ। ਬੱਚਿਆਂ ਲਈ ਪਿੰਡਾਂ ਵਿਚ ਸਕੂਲ, ਅਧਿਆਪਕ, ਡਿਸਪੈਂਸਰੀਆਂ ਵਿਚ ਡਾਕਟਰ, ਸੜਕਾਂ ਦੇ ਵਿਚਲੇ ਢੋਏ, ਰਸਤਿਆਂ ਵਿਚ ਪੁੱਲ, ਪਿੰਡਾਂ ਵਿਚੋਂ ਪਾਣੀ ਦਾ ਨਿਕਾਸ, ਗਲ਼ੀਆਂ ਨਾਲ਼ੀਆਂ ਦਾ ਪੱਕਿਆਂ ਹੋਣਾ, ਬਿਜਲੀ ਦੀ ਸਪਲਾਈ ਨੂੰ ਜ਼ਰੂਰੀ ਕਰਨਾ, ਨਾਗਰਿਕਾਂ ਲਈ ਉਚਿਤ ਬੀਮਾਂ ਸਕੀਮਾਂ ਦਾ ਲਾਗੂ ਕਰਨਾ ਆਦਿ ਮੁੱਦੇ ਇਹਨਾਂ ਰੈਲੀਆਂ ਵਿਚੋਂ ਬਿਲਕੁਲ ਗਾਇਬ ਰਹਿਣਗੇ। ਇਹਨਾ ਰੈਲੀਆਂ ਵਿਚੋਂ ਪੰਜਾਬ ਦੇ ਛੋਟੇ ਕਾਰਖਾਨਿਆਂ ਵਾਲਾ ਮੁੱਦਾ ਬਿਲਕੁਲ ਗਾਇਬ ਰਹੇਗਾ। ਲੋਕ ਵੀ ਇਨ੍ਹਾਂ ਲੀਡਰਾਂ ਵਲੋਂ ਕੀਤੀਆਂ ਜਾਂਦੀਆਂ ਟਕੋਰਾਂ, ਚੁਟਕਲੇ ਤੇ ਆਪਣੇ ਵਿਰੋਧੀ ਦੀ ਛਿੱਲ ਲੱਥਦੀ ਦੇਖ ਕੇ ਖੁਸ਼ ਹੁੰਦੇ ਨਜ਼ਰ ਆਉਣਗੇ। ਇਨ੍ਹਾਂ ਰੈਲੀਆਂ ਵਿੱਚ ਮੁੱਦਿਆ ਦੀ ਕਦੇ ਕੋਈ ਇਮਾਨਦਾਰੀ ਨਾਲ ਵਿਚਾਰ ਨਹੀਂ ਹੋਏਗੀ ਸਗੋਂ ਇਨ੍ਹਾਂ ਰੈਲੀਆਂ ਨੂੰ ਮਨੋਰੰਜਨ ਲਈ ਵਰਤਿਆ ਜਾਏਗਾ।

ਬੇਰੋਜ਼ਗਾਰੀ ਤੇ ਨਸ਼ਿਆਂ ਦੇ ਕਹਿਰ ਨੇ ਨੌਜਵਾਨੀ ਨੂੰ ਤਬਾਹੀ ਦੇ ਕੰਢੇ 'ਤੇ ਖੜ੍ਹਾ ਕਰ ਦਿੱਤਾ ਹੈ। ਪਰ ਮਹਾਂ ਰੈਲੀਆਂ ਵਿਚ ਇਹਨਾਂ ਮੁੱਦਿਆ 'ਤੇ ਕਿਸੇ ਨੇ ਵੀ ਕੋਈ ਵਿਚਾਰ ਨਹੀਂ ਦੇਣੀ । ਬੱਸ ਇਕ ਦੂਜੇ 'ਤੇ ਤੋਹਮਤਾਂ ਤੇ ਮਿਹਣਿਆਂ ਦੀ ਬਰਸਾਤ ਹੋਏਗੀ। ਲੋਕਾਂ ਨੂੰ ਸੁਣਨ ਨੂੰ ਮਿਲੇਗਾ ਦੇਖਿਓ ਸਾਡੀ ਸਰਕਾਰ ਆ ਲੈਣ ਦਿਓ ਅਸੀਂ ਰਗੜ ਕੇ ਰੱਖ ਦਿਆਂਗੇ। ਇਹਨਾਂ ਰੈਲੀਆਂ ਰਾਂਹੀ ਰਵਾਇਤੀ ਪਾਰਟੀਆਂ ਆਪਣਾ ਗਵਾਚਿਆ ਅਕਸ ਲੱਭਣ ਦਾ ਜ਼ਰੂਰ ਯਤਨ ਕਰਨਗੀਆਂ ਪਰ ਲੋਕਾਂ ਨਾਲ ਜੁੜੇ ਕਿਸੇ ਵੀ ਮਸਲੇ ਤੇ ਪੰਜਾਬ ਦੇ ਕਿਸੇ ਮੁੱਦੇ ਗੱਲ ਨਹੀਂ ਕੀਤੀ ਜਾਏਗੀ।

ਛੋਟੇ ਹੁੰਦਿਆਂ ਸਾਡਿਆਂ ਪਿੰਡਾਂ ਵਿੱਚ ਆਮ ਡਰਾਮੇ ਰਾਤ ਨੂੰ ਦੇਖਣ ਲਈ ਮਿਲ ਜਾਂਦੇ ਸਨ। ਮੈਨੂੰ ਯਾਦ ਹੈ ਇਕ ਵਾਰੀ ਕਾਮਰੇਡਾਂ ਦੀ ਪਾਰਟੀ ਨੇ ਕਾਲੇ ਅਫਗਾਨੇ ਜਲਸਾ ਕੀਤਾ ਸੀ ਅਤੇ ਕੈਰੋਂ ਦੀ ਸਰਕਾਰ 'ਤੇ ਵਿਅੰਗ ਕਰਦਿਆਂ ਇੱਕ ਫਿਕਰਾ ਬੋਲਿਆ ਗਿਆ ਸੀ ਕਿ "ਓਏ ਜੁਗਨੂੰ ਹੁਣ ਕਿਉਂ ਰੋਂਨਾ, ਗੱਲੀ ਬਾਤੀਂ ਨਹਿਰ ਦਿਆਂਗੇ ਓੱਥੇ ਲਾ ਲਈਂ ਝੋਨਾ" ਗੱਲਾਂ ਬਾਤਾਂ ਨਾਲ ਤਾਂ ਅਸਮਾਨ ਦੇ ਤਾਰੇ ਵੀ ਤੋੜੇ ਜਾ ਰਹੇ ਹਨ।

ਹੈਰਾਨਗੀ ਦੀ ਗੱਲ ਦੇਖਣ ਨੂੰ ਮਿਲੇਗੀ ਸਿਆਸੀ ਲੋਕ ਰੈਲੀਆਂ, ਮਹਾਂ ਰੈਲੀਆਂ, ਸੜਕਾਂ 'ਤੇ ਸ਼ਕਤੀ ਪ੍ਰਦਰਸ਼ਨ, ਜਲੂਸ-ਜਲਸੇ ਤੇ ਰਾਜਸੀ ਰੈਲੀਆਂ ਕਰਨਗੇ, ਕੰਨ ਪਾੜਵੀਆਂ ਅਵਾਜ਼ਾਂ ਸੁਣਨ ਨੂੰ ਮਿਲਣਗੀਆਂ, ਪਰ ਮੁੱਦੇ ਗਾਇਬ ਹੋਣਗੇ। ਕਿਰਸਾਨ, ਮਜ਼ਦੂਰ ਤੇ ਮੁਲਾਜ਼ਮ ਜਦੋਂ ਰੋਸ ਰੈਲੀਆਂ ਜਾਂ ਜਲੂਸ ਜਲਸੇ ਕਰਦੀਆਂ ਹਨ ਤਾਂ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਸਰਕਾਰੀ ਤੰਤਰ ਜਾਂ ਕਾਲੇ ਕਨੂੰਨਾਂ ਦੀ ਸਹਾਇਤਾ ਲਈ ਜਾਂਦੀ ਹੈ ਪਰ ਰਾਜਸੀ ਪਾਰਟੀਆਂ ਨੂੰ ਕੋਈ ਰੋਕ ਟੋਕ ਨਹੀਂ ਹੋਏਗੀ। ਹੱਕ ਤਾਂ ਸਭ ਤੇ ਬਰਾਬਰ ਹੀ ਹੋਣੇ ਚਾਹੀਦੇ ਹਨ।

ਆਮ ਲੋਕਾਂ ਦੀ ਮਾਲੀ ਹਾਲਤ ਨਿਗਰਦੀ ਜਾ ਰਹੀ ਹੈ, ਦੂਜੇ ਪਾਸੇ ਸਿਆਸੀ ਲੋਕਾਂ ਦੀ ਆਰਥਿਕ ਹਾਲਤ ਛੜੱਪੇ ਮਾਰ ਕੇ ਵੱਧਦੀ ਜਾਂਦੀ ਹੈ।

ਰੈਲੀਆਂ ਜ਼ਰੂਰ ਕਰੋ, ਪਰ ਲੋਕਾਂ ਲਈ ਵੀ ਕੁਝ ਕਰਨ ਦਾ ਯਤਨ ਕਰੋ। ਕਰਨ ਵਾਲੇ ਕੰਮ ਵੀ ਜ਼ਰੂਰ ਕਰੋ। ਸਿਆਸੀ ਨੇਤਾਵਾਂ ਨੂੰ ਇਹ ਸਮਝਣ ਦੀ ਜ਼ਰੂਰਤ ਕਿ ਵੱਡੀਆਂ ਰੈਲੀਆਂ ਵੋਟ ਬੈਂਕ ਪੱਕੇ ਕਰਨ ਦਾ ਅਧਾਰ ਨਹੀਂ ਬਣ ਸਕਦੀਆਂ ਤੇ ਨਾ ਹੀ ਲੋਕਾਂ ਵਿੱਚ ਆਪਣੀ ਸਾਖ ਬਹਾਲ ਕਰਾ ਸਕਦੀਆਂ ਹਨ। ਜਨਤਕ ਹਮਾਇਤ ਤਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਨਾਲ ਹੀ ਮਿਲ ਸਕਦੀ ਹੈ। ਲੋਕਾਂ ਦਾ ਸਮਾਂ ਬਰਬਾਦ ਕਰਨ ਦੀ ਥਾਂ 'ਤੇ ਕੰਧ 'ਤੇ ਲਿਖਿਆ ਪੜ੍ਹਨ ਦੀ ਖੇਚਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਅਸਲ ਨੇਤਾ ਉਹ ਹੀ ਸਫਲ ਗਿਣਿਆ ਜਾ ਸਕਦਾ ਹੈ, ਜਿਹੜਾ ਚਾਪਲੂਸਾਂ ਦੀ ਪਕੜ ਵਿਚੋਂ ਬਾਹਰ ਆ ਕੇ ਧਰਾਤਲ ਦੀ ਗੱਲ ਸੁਣਨ ਦਾ ਯਤਨ ਕਰੇ।

ਆਉਣ ਵਾਲੇ ਸਮੇਂ ਵਿੱਚ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ, ਨਹਿਰੀ ਪਾਣੀਆਂ ਦੀ ਲੁੱਟ, ਮਹਿੰਗੇ ਬਿਜਲੀ ਸਮਝੌਤੇ ਵੱਡੇ ਛੋਟੇ ਕਾਰਖਾਨਿਆਂ ਦੀ ਗੱਲ, ਖੇਤੀ ਅਧਾਰਿਤ ਕਾਰਖਾਨੇ, ਖੇਤੀ ਨੂੰ ਫਸਲੀ ਚੱਕਰ ਵਿਚੋਂ ਕੱਢਣ ਲਈ ਉਪਰਾਲੇ, ਸਰਕਾਰ ਵਲੋਂ ਜ਼ਮੀਨਾਂ ਨੂੰ ਵੇਚਣ ਦੀਆਂ ਤਿਆਰੀਆਂ ਸਬੰਧੀ ਪੰਜਾਬ ਦਾ ਕੋਈ ਨੇਤਾ ਗੱਲ ਨਹੀਂ ਕਰੇਗਾ। ਕਹਿੰਦੇ ਜਿਹੜਾ ਕੋਈ ਨਵਾਂ ਨਵਾਂ ਧਰਮੀ ਬਣਦਾ ਹੈ, ਉਹ ਰੱਬ ਦਾ ਨਾਂ ਬਹੁਤਾ ਜਪਦਾ ਹੈ। ਇਸੇ ਤਰ੍ਹਾਂ ਜਿਹੜੇ ਨੇਤਾ ਪਾਰਟੀ ਬਦਲ ਕੇ ਦੂਜੀਆਂ ਪਾਰਟੀਆਂ ਵਿੱਚ ਗਏ ਹਨ, ਉਹ ਅਜਿਹਾ ਬੋਲਦੇ ਹਨ, ਜਿਸ ਨੂੰ ਸੁਣ ਕੇ ਕਚਿਆਣ ਆਉਂਦੀ ਹੈ। -0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ—ਰਾਗ ਮਾਲਾ ਸਬੰਧੀ ਵਿਦਵਾਨਾਂ ਦੇ ਕੀ ਵਿਚਾਰ ਹਨ?**

**ਜਵਾਬ**—ਸਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਗੁਰੁ ਪਰਤਾਪ ਸੂਰਜ ਵਿੱਚ ਲਿਖਦੇ ਹਨ—

ਰਾਗ ਮਾਲ ਸ੍ਰੀ ਗੁਰ ਕੀ ਕ੍ਰਿਤ ਨਹਿ,
ਹੈ ਮੁੰਦਾਵਣੀ ਲਗਿ ਗੁਰ ਬੈਂ। ਰਾਸਿ 3 ਅੰਸੂ 48

ਭਾਈ ਤਾਰਾ ਸਿੰਘ ਨਰੋਤਮ ਕ੍ਰਿਤ ਗੁਰ ਗਿਰਾਰਥ ਕੋਸ਼ ਵਿਚ ਲਿਖਦੇ ਹਨ— 'ਮੁੰਦਾਵਣੀ' ਦਾ ਪਾਠ ਗੁਰੂ ਗ੍ਰੰਥ ਸਾਹਿਬ ਜੀ ਕੀ ਸਮਾਪਤੀ ਸਮੇਂ ਅਪਨੀ ਮੁਹਰ ਰੂਪ ਕਰ ਅੰਤ ਮੇਂ ਰੱਖਾ, 'ਰਾਗ ਮਾਲਾ' ਕਾਹੂੰ ਨੇ ਪੀਛੇ ਸੇ ਪਾਈ ਹੈ। ਭਾਈ ਸ਼ਮਸ਼ੇਰ ਸਿੰਘ ਅਸ਼ੋਕ, ਗਿਆਨੀ ਗੁਰਦਿੱਤ ਸਿੰਘ, ਪ੍ਰਿੰ. ਸੁਰਜੀਤ ਸਿੰਘ, ਪ੍ਰਿੰ. ਹਰਭਜਨ ਸਿੰਘ ਚੰਡੀਗੜ੍ਹ ਵਾਲੇ ਆਦਿ ਵਿਦਵਾਨਾਂ ਦੀ ਖੋਜ ਇਹ ਦਸਦੀ ਹੈ ਕਿ ਰਾਗ ਮਾਲਾ ਗੁਰਬਾਣੀ ਦਾ ਹਿੱਸਾ ਨਹੀਂ ਹੈ।

**2. ਸਵਾਲ—ਰਾਗ ਮਾਲਾ ਸੰਬੰਧੀ ਪੰਥਕ ਫੈਸਲਾ ਕੀ ਹੈ?**

**ਜਵਾਬ**—ਸਿੱਖ ਰਹਿਤ ਮਰਿਯਾਦਾ ਦੇ ਪੰਨਾ 18 'ਤੇ ਅੰਕਤ ਹੈ—ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਧਾਰਨ ਜਾਂ ਅਖੰਡ ਪਾਠ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।

**3. ਸਵਾਲ—ਮੁਰਦੇ ਤੋਂ ਕੀ ਭਾਵ ਹੈ?**

**ਜਵਾਬ**—ਮੁਰਦਾ ਦੋ ਪ੍ਰਕਾਰ ਦਾ ਹੈ ਇਕ ਤਾਂ ਉਹ ਹੈ ਜਿਹੜਾ ਸਦਾ ਵਾਸਤੇ ਸੰਸਾਰ ਵਿਚੋਂ ਚਲਾ ਗਿਆ। ਦੂਸਰਾ ਉਹ ਜਿਹੜਾ ਆਤਮਿਕ ਗੁਣਾਂ ਵਲੋਂ ਮਰ ਜਾਏ ਇਸ ਸਬੰਧੀ ਗੁਰਬਾਣੀ ਵਾਕ ਹੈ—

**ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥**
**ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ ॥**

**(88)**

ਇਕ ਹੋਰ ਪਿਆਰਾ ਵਾਕ ਹੈ—

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥1॥**

**(253)**

**4. ਸਵਾਲ—ਕੀ ਮੁਰਦੇ ਵਿਚ ਜਾਨ ਪਾਈ ਜਾ ਸਕਦੀ ਹੈ?**

**ਜਵਾਬ**—ਸਰੀਰਕ ਤੌਰ'ਤੇ ਮਰਿਆ ਮਨੁੱਖ ਕਦੇ ਵੀ ਜਿਉਂਦਾ ਨਹੀਂ ਹੋ ਸਕਦਾ ਪਰ ਆਤਮਿਕ ਤੌਰ 'ਤੇ ਮਰਿਆ ਹੋਇਆ ਮਨੁੱਖ ਗੁਰ-ਗਿਆਨ ਦੁਆਰਾ ਜਿਉਂਦਾ ਹੋ ਸਕਦਾ ਹੈ—

**ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥** (ਪੰਨਾ 539)

ਅਤੇ ਇਕ ਹੋਰ ਵਾਕ ਹੈ—

**ਮਿਰਤਕ ਕਉ ਪਾਇਓ ਤਨਿ ਸਾਸਾ**
**ਬਿਛੁਰਤ ਆਨਿ ਮਿਲਾਇਆ॥**
**ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥1॥**
**ਪੂਰੇ ਗੁਰ ਕੀ ਦੇਖੁ ਵਡਾਈ ॥**
**ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥ (ਪੰਨਾ 539)**

**5. ਸਵਾਲ—ਮਨ ਤੋਂ ਕੀ ਭਾਵ ਹੈ?**

**ਜਵਾਬ**—ਮਨ ਨੂੰ ਅੰਤਹਕਰਣ ਵੀ ਕਹਿਆ ਗਿਆ ਹੈ।

ਵਿਦਵਾਨਾਂ ਨੇ ਅੰਤਹਕਰਣ ਦੇ ਚਾਰ ਭੇਦ ਕਲਪੇ ਹਨ।

1. ਮਨ (ਸੰਕਲਪ ਵਿਕਲਪ ਰੂਪ ਵ੍ਰਿਤੀ।
2. ਬੁੱਧਿ (ਵਿਵੇਕ ਮਨ ਨਾਲ ਨਿਸ਼ਚਾ ਕਰਨ ਵਾਲੀ ਸ਼ਕਤੀ)
3. ਚਿੱਤ (ਜਿਸ ਤੋਂ ਬਾਤਾਂ ਦਾ ਚੇਤਾ ਹੁੰਦਾ ਹੈ)
4. ਅੰਹਕਾਰ (ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪਰਤੀਤ ਹੁੰਦਾ ਹੈ)। ਗੁਰੂ ਸਾਹਿਬ ਨੇ ਜਪੁ ਬਾਣੀ ਵਿਚ ਚਾਰੇ ਭੇਦ ਦਿੱਤੇ ਹਨ। ਇਹ ਹਨ। ਅਰ ਇਹਨਾਂ ਦਾ ਸੁਧਾਰ ਅਭਿਆਸ ਦੁਆਰਾ ਵਰਣਨ ਕੀਤਾ ਹੈ।

ਘੜੀਐ ਸੁਰਤਿ ਮਤਿ ਮਨਿ ਬੁਧਿ॥

ਗੁਰੂ ਅਰਜਨ ਪਾਤਸ਼ਾਹ ਜੀ ਫੁਰਮਾਉਂਦੇ ਹਨ—

**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥**
**ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ (815)**

**6. ਸਵਾਲ—ਕੀ ਮਨ ਪੱਥਰ ਵਰਗਾ ਹੁੰਦਾ ਹੈ?**

**ਜਵਾਬ**—ਹੰਕਾਰੀ ਮਨ ਨੂੰ ਪੱਥਰ ਨਾਲ ਤਸ਼ਬੀਹ ਦਿੱਤੀ ਹੈ। ਕਠੋਰ ਮਨ ਭਾਵ ਪੱਥਰ ਮਨ ਕਦੇ ਵੀ ਗੁਰੂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦਾ ਕਿਉਂ ਕਿ ਉਹ ਹੰਕਾਰ ਨਾਲ ਭਰਿਆ ਹੁੰਦਾ ਹੈ—

**ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥**
**ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥**
**ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥3॥**
**ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥**

**(751)**

(ਬਗੁਲੇ ਵੇਖਣ ਨੂੰ ਚਿੱਟੇ ਹਨ, ਤੀਰਥਾਂ ਉਤੇ ਭੀ ਨਿਵਾਸ ਰੱਖਦੇ ਹਨ, ਪਰ ਸਮਾਧੀ ਲਾ ਕੇ ਮੱਛੀਆਂ ਹੀ ਫੜਦੇ ਹਨ, ਤਿਵੇਂ ਹੀ) ਜਿਨ੍ਹਾਂ ਦੇ ਕੱਪੜੇ ਤਾਂ ਚਿੱਟੇ ਹਨ ਪਰ ਮਨ ਮੈਲੇ ਹਨ ਤੇ ਨਿਰਦਈ ਹਨ ਉਹਨਾਂ ਦੇ ਮੂੰਹੋਂ (ਆਖਣ ਨਾਲ ਮਨ ਵਿਚ) ਪ੍ਰਭੂ ਦਾ ਨਾਮ ਪਰਗਟ ਨਹੀਂ ਹੁੰਦਾ ਉਹ (ਬਾਹਰੋਂ ਸਾਧ ਦਿੱਸਦੇ ਹਨ ਅਸਲ ਵਿਚ) ਚੋਰ ਹਨ, ਉਹ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ।੩।

**7. ਸਵਾਲ—ਮੂਰਖ ਕਿਸ ਨੂੰ ਕਿਹਾ ਹੈ?**

**ਜਵਾਬ**—ਮੂਰਖ ਦੋ ਪਰਕਾਰ ਦੇ ਹਨ ਜੇਹਾ ਕਿ ਇਕ ਉਹ ਮੂਰਖ ਹੈ ਜਿਹੜਾ ਮੂੜ੍ਹ, ਮੱਤ ਤੋਂ ਹੀਣਾ—ਗੁਰ ਉਪੇਦਸ਼ ਤੋਂ ਰਹਿਤ, ਦੂਜੇ ਆਪਣੇ ਆਪ ਨੂੰ ਨਿੰਮ੍ਰਤਾ ਵਿਚ ਦੱਸਣ ਲਈ ਮੂਰਖ ਸ਼ਬਦ ਵਰਤ ਲੈਂਦੇ ਹਨ-

**ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥**
**ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥**
**ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥** (ਪੰਨਾ 953)

ਦੂਜੇ ਰੱਬ ਦੇ ਪਿਆਰੇ ਨਿਮ੍ਰਤਾ ਨਾਲ ਆਪਣੇ ਆਪ ਨੂੰ ਮੂਰਖ ਕਹਿੰਦੇ ਹਨ—

**ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥3॥**

ਪੰਨਾ 449




# ਪਤਿਤ ਉਧਾਰਨ ਭੈ ਹਰਨ...

## ਸਲੋਕ ੬
## ਵਿਕਾਰਾਂ ਵਿੱਚ ਡਿੱਗਿਆ ਬਾਹਰ ਨਿਕਲ ਸਕਦਾ

**ਭੂਮਿਕਾ—** ਜਿਹੜੀ ਮਸ਼ੀਨਰੀ ਅਸੀਂ ਵਰਤਦੇ ਹਾਂ ਇਸ ਵਿੱਚ ਵਿਗਾੜ ਆਉਣਾ ਸੁਭਾਵਕ ਹੈ। ਮਸ਼ੀਨਰੀ ਨੂੰ ਚਾਲੂ ਹਾਲਤ ਵਿੱਚ ਰੱਖਣ ਲਈ ਸਮੇਂ ਸਮੇਂ ਸਰਵਿਸ ਕਰਾਉਣੀ ਪੈਂਦੀ ਹੈ। ਕੁਦਰਤ ਦੀ ਨਿਯਮਾਵਲੀ ਹੈ, ਕਿ ਧਿਆਨ ਉਖੜਨ ਨਾਲ ਨੁਕਸਾਨ ਹੁੰਦਾ ਹੈ। ਮਨੁੱਖੀ ਮਨ ਦੀ ਫਿਦਰਤ ਹੈ ਕਿ ਭੈੜੀਆਂ ਸੋਚਾਂ ਜਲਦੀ ਆਪਣਾ ਥਾਂ ਬਣਾ ਲੈਂਦੀਆਂ ਹਨ। ਅਜਿਹੀ ਪ੍ਰਕਿਰਿਆ ਜਾਤੀ ਤੇ ਜਮਾਤੀ ਬਹੁਤ ਵੱਡਾ ਨੁਕਸਾਨ ਕਰ ਜਾਂਦੀਆਂ ਹਨ। ਸਿਆਣੀਆਂ ਮਾਵਾਂ ਕਹਿੰਦੀਆਂ ਹੁੰਦੀਆਂ ਸਨ ਕਿ ਚੋਰਾਂ ਦੇ ਕਪੜੇ ਨਾ ਦੇਖੋ ਡਾਂਗ ਫਿਰਦੀ ਦੇਖੋ। ਜੇ ਮਨੁੱਖੀ ਸੁਭਾਅ ਵਿੱਚ ਵਿਗਾੜ ਆਉਂਦਾ ਹੈ ਤਾਂ ਉਸ ਦਾ ਉਧਾਰ ਹੋ ਸਕਦਾ ਹੈ, ਜਦੋਂ ਸੱਚ ਦਾ ਪੱਲਾ ਫੜ ਲੈਂਦਾ ਹੈ। ਪੁਲੀਸ, ਅਦਾਲਤਾਂ ਤੇ ਜੇਲ੍ਹਾਂ ਲਗਦੇ ਚਾਰੇ ਮਨੁੱਖ ਨੂੰ ਸੁਧਾਰਨ ਦੇ ਯਤਨ ਵਿੱਚ ਹੀ ਹੁੰਦੇ ਹਨ। ਪੰਜਵੇਂ ਸਲੋਕ ਅਨੁਸਾਰ ਜੇ ਸਾਡਾ ਕਿਸੇ ਸਾਥ ਨਹੀਂ ਦੇਣਾ, ਸਾਨੂੰ ਤਾਂ ਉਨ੍ਹਾਂ ਵਾਸਤੇ ਮਾੜੇ ਕਰਮ ਵੀ ਨਹੀਂ ਕਰਨੇ ਚਾਹੀਦੇ। ਇਸ ਸਲੋਕ ਵਿੱਚ ਗੁਰਦੇਵ ਪਿਤਾ ਜੀ ਸਮਝਾਉਂਦੇ ਹਨ, ਕਿ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਏ ਤਾਂ ਉਸ ਨੂੰ ਭੁੱਲਿਆ ਨਹੀਂ ਕਹਿਣਾ ਚਾਹੀਦਾ--



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਲੋਕ—**

*ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥*

*ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥*

**ਪਦ ਅਰਥ—** ਪਤਿਤ-ਵਿਕਾਰਾਂ ਵਿਚ ਡਿੱਗੇ ਹੋਏ। ਪਤਿਤ-ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਣ ਵਾਲੇ। ਭੈ-ਲਫ਼ਜ਼ 'ਭਉ' ਤੋਂ ਬਹੁ-ਵਚਨ। ਭੈ ਹਰਨ-ਸਾਰੇ ਡਰ ਦੂਰ ਕਰਨ ਵਾਲੇ। ਅਨਾਥ ਕੇ ਨਾਥ-ਨਿਖਸਮਿਆਂ ਦੇ ਖਸਮ। ਤਿਹ-ਉਸ ਪਰਮਾਤਮਾ ਨੂੰ। ਜਾਨੀਐ-ਜਾਣਨਾ ਚਾਹੀਦਾ ਹੈ ਕਿ ਸਾਥਿ-ਨਾਲ।੬।

**ਅੱਖਰੀਂ ਅਰਥ—** ਪ੍ਰਭੂ ਜੀ ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਣ ਵਾਲੇ ਹਨ, ਸਾਰੇ ਡਰ ਦੂਰ ਕਰਨ ਵਾਲੇ ਹਨ, ਅਤੇ ਨਿਖਸਮਿਆਂ ਦੇ ਖਸਮ ਹਨ।

ਹੇ ਨਾਨਕ ਆਖ!-ਭਾਵ ਗੁਰੂ ਤੇਗ ਬਹਾਦਰ ਸਾਹਿਸਬ ਜੀ ਫਰਮਾਉਂਦੇ ਹਨ ਕਿ ਉਸ ਪ੍ਰਭੂ ਨੂੰ ਇਉਂ ਸਮਝਣ ਚਾਹੀਦਾ ਹੈ ਕਿ ਉਹ ਸਦਾ ਤੇਰੇ ਨਾਲ ਵੱਸਦਾ ਹੈ।

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਪਰਮਾਤਮਾ ਦਾ ਕੋਈ ਰੂਪ ਰੰਗ ਨਹੀਂ ਹੈ ਤੇ ਨਾ ਹੀ ਉਹ ਮਨੁੱਖਾਂ ਵਾਂਗ ਜੰਮਦਾ ਮਰਦਾ ਹੈ। ਦਿਸਦੇ ਤੇ ਅਣਦਿਸਦੇ ਸੰਸਾਰ ਵਿੱਚ ਬੱਝਵੀਂ ਨਿਯਮਾਵਲੀ ਦੇ ਰੂਪ ਵਿੱਚ ਬੈਠਾ ਹੈ। ਰੱਬੀ ਨਿਯਮਾਵਲੀ ਦੇ ਸਦੀਵੀ ਪੱਕੇ ਗੁਣ ਹਨ ਜਿਨ੍ਹਾਂ ਨਾਲ ਅਸੀਂ ਸਾਂਝ ਪਾ ਕੇ ਉਸ ਵਰਗਾ ਹੀ ਬਣਨਾ ਹੈ--

*ਰੂਪੁ ਨ ਰੇਖ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*

*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥ (੨੮੩)*

ਵਿਕਾਰਾਂ ਵਿੱਚ ਡਿੱਗੇ ਬੰਦੇ ਨੂੰ ਅਕਾਲ ਪੁਰਖ ਬਚਾਉਂਦਾ ਹੈ- "ਪਤਿਤ ਉਧਾਰਨ" ਤੇ ਡਰ ਦੂਰ ਕਰਦਾ ਹੈ ਇਸ ਲਈ ਉਹ "ਭੈ ਹਰਨ" ਹੈ। ਦੂਸਰਾ ਪੱਖ ਉਹ ਨਿਖਸਮਿਆਂ ਦਾ ਖਸਮ ਹੈ। *"ਹਰਿ ਅਨਾਥ ਕੇ ਨਾਥ"*। ਇਹ ਵਿਚਾਰ ਸਮਝਣ ਵਾਲਾ ਹੈ। ਪ੍ਰਭੂ ਜੀ ਹਰ ਥਾਂ ਵਿਆਪਕ ਹੈ। ਉਹ ਸਾਡੇ ਸਰੀਰ ਵਿੱਚ ਵੀ ਬੈਠਾ ਹੈ। ਇਸ ਦਾ ਭਾਵ ਅਰਥ ਹੋਇਆ, ਉਹ ਸਦੀਵ ਕਾਲ ਨਿਯਮਾਵਲੀ ਹੈ, ਜਿਹੜੀ ਸਾਰੇ ਸੰਸਾਰ ਨੂੰ ਚਲਾਉਂਦੀ ਹੈ, ਉਹ ਸਾਡੇ ਸਰੀਰ ਨੂੰ ਵੀ ਚਲਾਉਂਦੀ ਹੈ।

ਜਦੋਂ ਅਸੀਂ ਸੱਚ ਸਰੂਪ ਦੀ ਪੱਟੜੀ ਤੋਂ ਉੱਤਰ ਜਾਵਾਂਗੇ ਤਾਂ ਕੁਦਰਤੀ ਜੀਵਨ ਵਿੱਚ ਦੁਸ਼ਾਵਰੀਆਂ ਜਨਮ ਲੈਣਗੀਆਂ। ਜਦੋਂ ਬੱਝਵੀਂ ਨਿਯਮਾਵਲੀ ਵਿਚੋਂ ਥਿੜਕਦੇ ਹਾਂ ਤਾਂ ਜੀਵਨ ਵਿੱਚ ਵਿਕਾਰ ਆ ਜਾਂਦੇ ਹਨ। ਜੇ ਨਿਯਮਾਂ ਨੂੰ ਸਮਝ ਲਵਾਂਗੇ ਤਾਂ ਫਿਰ ਵਿਕਾਰਾਂ ਵਿਚੋਂ ਨਿਕਲਣ ਦਾ ਰਾਹ ਸੌਖਾ ਹੋ ਜਾਂਦਾ ਹੈ ਜੇਹਾ ਕਿ ਗੁਰਬਾਣੀ ਪਿਆਰਾ ਵਾਕ ਹੈ—

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*

*ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ (੧੪੩)*

ਜਦੋਂ ਅਸੀਂ ਆਪਣੀ ਮਰਜ਼ੀ ਕਰਨੀ ਹੁੰਦੀ ਹੈ, ਤਾਂ ਉਸ ਨੂੰ ਸਹੀ ਠਹਿਰਾਉਣ ਲਈ ਆਪਣੇ ਕੋਲੋਂ ਦਲੀਲਾਂ ਘੜਦੇ ਹਾਂ। ਸਮਝਦੇ ਹਾਂ ਕਿ ਜੋ ਮੈਂ ਕਰ ਰਿਹਾ ਹਾਂ, ਉਸਦਾ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ? ਘਟੀਆ ਕਰਮ ਕਦੇ ਕਿਸੇ ਕੋਲੋਂ ਗੁੱਝੇ ਨਹੀਂ ਰਹਿੰਦੇ। ਜੇ ਇਹ ਸਮਝ ਲਈਏ ਕਿ ਮੈਂ (ਨਿਯਮ ਨੂੰ ਨਹੀਂ ਤੋੜਨਾ ਤਾਂ ਇਸ ਵਿੱਚ ਸਾਡਾ ਹੀ ਭਲਾ ਹੈ। ਜਦੋਂ ਰੱਬ ਜੀ ਸਾਡੇ ਨਾਲ ਹੈ ਤਾਂ ਫਿਰ ਜ਼ਿੰਦਗੀ ਵਿੱਚ ਵਿਗਾੜ ਕਿਉਂ ਆਏ? "ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ" –

ਸਕੂਲ ਵਿੱਚ ਪੜਾਉਂਦਿਆਂ ਅਧਿਆਪਕ ਹਮੇਸ਼ਾਂ ਇਹ ਖ਼ਿਆਲ ਰੱਖਦੇ ਸਨ ਕਿ ਕੋਈ ਵੀ ਵਿਦਿਆਰਥੀ ਗਲਤੀ ਨਾ ਕਰੇ। ਜੇ ਵਿਦਿਆਰਥੀ ਕੋਲੋਂ ਗਲਤੀ ਹੋ ਜਾਂਦੀ ਸੀ, ਤਾਂ ਉਸ ਨੂੰ ਅਹਿਸਾਸ ਕਰਾਇਆ ਜਾਂਦਾ ਸੀ ਕੇ ਅਗਾਂਹ ਕੋਈ ਗਲਤੀ ਨਾ ਕਰੀਂ। ਭੈੜੀ ਸੰਗਤ ਵਿੱਚ ਗਏ ਬੱਚੇ ਨੂੰ ਅਧਿਆਪਕ ਆਪਣੇ ਸੱਚੇ ਸੁੱਚੇ ਪ੍ਰਭਾਵ ਨਾਲ ਬਚਾਉਣ ਦਾ ਯਤਨ ਕਰਦਾ ਹੈ। ਰੱਬ ਦਾ ਰੰਗ ਰੂਪ ਕੋਈ ਨਹੀਂ ਹੈ ਤੇ ਨਾ ਹੀ ਅਕਾਲ ਪੁਰਖ ਨੇ ਮੰਤ੍ਰ ਮਾਰ ਕੇ ਕੋਈ ਸੁਧਾਰ ਕਰਨਾ ਹੈ।

ਬੱਚੇ ਦਾ ਆਸਰਾ ਅਧਿਆਪਕ ਹੈ। ਵਿਕਾਰਾਂ ਵਿਚ ਡਿੱਗੇ ਨੂੰ ਉਹ ਬਾਹਰ ਕੱਢਦਾ ਹੈ। ਜੇ ਬੱਚਾ ਸੱਚੀਂ ਆਪਣੀ ਗਲਤੀ ਨੂੰ ਮਨੋ ਸਵੀਕਾਰ ਕਰਦਾ ਹੈ ਤਾਂ ਉਹ ਮੁੜ ਸਹੀ ਰਸਤੇ 'ਤੇ ਆ ਜਾਂਦਾ ਹੈ। ਇਸ

ਬਾਕੀ ਸਫਾ 11 'ਤੇ

# ਹੋਲੀ ਅਤੇ ਹੋਲਾ ਮਹੱਲਾ

ਇੰਜੀ. ਜੋਗਿੰਦਰ ਸਿੰਘ

**'ਹੋਲਾ', ਅਰਬੀ ਅਤੇ 'ਮਹੱਲਾ' ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ, ਹਲੂਲ ਤੇ ਹੋਲਾ ਮਹੱਲਾ ਰਲਦੇ ਮਿਲਦੇ ਅੱਖਰ ਹਨ ਜਿਨ੍ਹਾਂ ਦਾ ਭਾਵ-ਅਰਥ ਨੇਕ ਅਤੇ ਭਲੇ ਪਰਉਪਕਾਰੀ ਕਾਰਜਾਂ ਲਈ ਜੂਝਣਾ ਤੇ ਮਰ ਮਿਟਣ ਵਾਸਤੇ ਤਿਆਰ-ਬਰ-ਤਿਆਰ ਹੋਣਾ ਹੈ। ਖਾਲਸਾ ਅਕਾਲ ਪੁਰਖ ਕੀ ਫ਼ੌਜ ਬਣਿਆ। ਬੇ-ਕਾਸਰਾਂ ਯਾਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਆਪਣਾ ਖਾਸ-ਰੂਪ ਐਲਾਨਿਆ। ਭਾਰਤੀ ਸੰਸਕ੍ਰਿਤੀ, ਧਰਮ, ਦਰਸ਼ਨ ਤੇ ਸੱਭਿਆਚਾਰ ਦੀ ਸੁਤੰਤਰਤਾ ਖਾਤਿਰ ਸਤਿਗੁਰਾਂ, ਸਰਬੰਸ ਕੁਰਬਾਨ ਕਰ ਦਿੱਤਾ ਤੇ ਗੁਰੂ ਕੇ ਖਾਲਸਿਆਂ ਨੇ ਜ਼ਾਲਮ ਵਿਦੇਸ਼ੀ ਸਾਮਰਾਜ ਨੂੰ ਨੇਸਤੋ ਨਾਬੂਦ ਕਰਨ ਹਿਤ ਬੇਮਿਸਾਲ ਸ਼ਹਾਦਤਾਂ ਦੀਆਂ ਝੜੀਆਂ ਲਾ ਦਿੱਤੀਆਂ......**

ਬਸੰਤ ਰੁੱਤ ਜਦੋਂ ਆਪਣੇ ਪੂਰੇ ਜੋਬਨ ਉੱਤੇ ਖਿੜ ਰਹੀ ਹੁੰਦੀ ਹੈ, ਚੇਤਰ ਮਹੀਨੇ ਦੇ ਪੂਰਨਮਾਸ਼ੀ ਵਾਲੇ ਦਿਹਾੜੇ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੂਰੀ ਪ੍ਰਕਿਰਤੀ ਵਿਚਲੀ ਪ੍ਰਫੁੱਲਤਾ ਫੁੱਲ, ਫੱਲ ਤੇ ਲਹਿ-ਲਹਾਉਂਦੀਆਂ ਫ਼ਸਲਾਂ, ਸਾਰੇ ਵਾਤਾਵਰਨ ਵਿਚ ਰੰਗੀਨੀਆਂ ਤੇ ਖੁਸ਼ਬੂਆਂ ਬਿਖੇਰ ਰਹੀਆਂ ਹੁੰਦੀਆਂ ਹਨ। ਲੋਕ ਸਿਆਲੇ ਦੀਆਂ ਬਰਫ਼ੀਲੀਆਂ ਹਵਾਵਾਂ ਤੋਂ ਨਿਜਾਤ ਪਾ ਕੇ ਖੁਲ੍ਹੇ-ਸੁਖਾਵੇਂ ਹਨ੍ਹੇਰੀਆਂ-ਸਵੇਰਿਆਂ ਨੂੰ ਜੀ-ਆਇਆਂ ਆਖਦੇ ਹਨ ਤੇ ਸਾਰਾ ਦਿਨ ਢਲਦੀਆਂ ਦੁਪਹਿਰਾਂ ਤੱਕ, ਨਿੱਘੀ ਨਿੱਘੀ ਮਿੱਠੀ ਮਿੱਠੀ ਧੁੱਪ ਦਾ ਆਨੰਦ ਮਾਣ ਸਕਦੇ ਹਨ। ਭਾਰਤ ਵਰਸ਼ ਦੇ ਸਾਰੇ ਇਲਾਕਿਆਂ ਵਿਚ ਥੋੜ੍ਹੇ ਬਹੁਤ ਫ਼ਰਕ ਨਾਲ ਇਹ ਮੌਸਮੀ ਤਿਉਹਾਰ ਪੁਰਾਤਨ ਸਮੇਂ ਤੋਂ ਹੀ ਚਲਦਾ ਆ ਰਿਹੈ ਅਤੇ ਵੱਖੋ-ਵੱਖ ਖਿੱਤਿਆਂ 'ਚ ਵਸਦੇ ਲੋਕਾਂ ਵੱਲੋਂ ਕਈ ਤਰ੍ਹਾਂ ਦੀਆਂ ਪੌਰਾਣਿਕ ਕਥਾ ਕਹਾਣੀਆਂ ਨੂੰ ਇਸ ਨਾਲ ਸੰਬੰਧਤ ਕਰ ਲਿਆ ਗਿਆ ਹੈ।

ਇਹ ਲੋਕ-ਗਾਥਾ ਅਨੁਸਾਰ ਹਰਣਾਖਸ਼ ਨਾਂ ਦੇ ਇਕ ਰਾਖਸ਼-ਰਾਜਾ ਨੇ ਮਹਾਂਦੇਓ ਸ਼ਿਵ ਜੀ ਨੂੰ ਪ੍ਰਸੰਨ ਕਰਕੇ ਕਿਸੇ ਵਲੋਂ ਵੀ ਨਾ ਮਾਰੇ ਜਾ ਸਕਣ ਦਾ ਵਰ ਪ੍ਰਾਪਤ ਕਰ ਲਿਆ ਸੀ। ਪਰਜਾ ਨੂੰ ਆਪਣਾ ਨਾਮ ਜਪਾਉਣ ਲਈ ਮਜਬੂਰ ਕੀਤਾ, ਪਰ ਉਸ ਦੇ ਆਪਣੇ ਹੀ ਪੁੱਤਰ ਪ੍ਰਹਿਲਾਦ ਨੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਪਾਠਸ਼ਾਲਾ ਦੇ ਅਧਿਆਪਕਾਂ ਨੇ ਸੋਚਿਆ ਕਿ ਵੇਖਾ ਵੇਖੀ ਦੂਜੇ ਪੜ੍ਹਦੇ ਬੱਚੇ ਵੀ ਹੁਕਮ ਅਦੂਲੀ ਕਰਨ ਲੱਗੇ ਹਨ: **ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥ (1154)** ਸ਼ਿਕਾਇਤ ਹੋਈ ਤਾਂ **ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥ ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥ (1154)** ਕਬੀਰ ਸਾਹਿਬ ਵਲੋਂ ਵੀ ਪ੍ਰਹਲਾਦ ਦੀ ਮਾਤਾ ਵਲੋਂ ਸਮਝਾਉਣਾ, ਪਿਤਾ ਵਲੋਂ ਗੁੱਸੇ ਨਾਲ ਤਲਵਾਰ ਕੱਢ ਲੈਣਾ ਤੇ ਅਖੀਰ ਨਰ ਸਿੰਘ 'ਭਗਵਾਨ' ਵਲੋਂ ਹਰਨਾਖਸ਼ ਨੂੰ ਨਹੁੰਆਂ ਨਾਲ ਚੀਰ ਕੇ ਮਾਰੇ ਜਾਣ ਦਾ ਬਿਰਤਾਂਤ ਗੁਰਬਾਣੀ ਵਿਚ ਅੰਕਿਤ ਹੈ: **ਤੂ ਰਾਮ ਕਹਨ ਕੀ ਛੋਡੁ ਬਾਨਿ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ॥ ਮੋ ਕਉ ਕਹਾ ਸਤਾਵਹੁ ਬਾਰ ਬਾਰ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ॥ ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥ ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥ ਕਾਢਿ ਖੜਗੁ ਕੋਪਿਓ ਰਿਸਾਇ॥ ਤੁਝ ਰਾਖਨਹਾਰੋ ਮੋਹਿ ਬਤਾਇ॥ ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥ ਹਰਨਾਖਸੁ ਛੇਦਿਓ ਨਖ ਬਿਦਾਰ॥ (1194)** ਦੁਸ਼ਟ ਦੈਂਤ ਰਾਜੇ ਦਾ ਅੰਤ ਹੋਇਆ ਤੇ ਸਾਰੀ ਪਰਜਾ ਨੇ ਖੁਸ਼ੀਆਂ 'ਚ ਉਤਸਵ ਮਨਾਇਆ।

ਇਕ ਹੋਰ ਪ੍ਰਸੰਗ ਵਿਚ ਹਰਣਾਖਸ਼ ਨੇ ਗੁੱਸੇ ਵਿਚ ਆ ਕੇ ਆਪਣੇ ਪੁੱਤਰ ਨੂੰ ਮਾਰਨ ਦਾ ਕੰਮ ਆਪਣੀ ਭੈਣ ਹੋਲਿਕਾ ਨੂੰ ਸੌਂਪਿਆ। ਹੋਲਿਕਾ ਨੇ ਵੀ ਸ਼ਿਵ ਤੋਂ ਅੱਗ ਦੁਆਰਾ ਨਾ ਸੜ ਸਕਨ ਦਾ ਵਰ ਪ੍ਰਾਪਤ ਕੀਤਾ ਹੋਇਆ



ਸੀ। ਸ਼ਰਤ ਇਹ ਸੀ ਕਿ ਸ਼ਿਵ ਭਗਵਾਨ ਵਲੋਂ ਦਿੱਤੀ ਚਾਦਰ ਨਾਲ ਆਪਣੇ ਆਪ ਨੂੰ ਢੱਕੀ ਰੱਖੇ। ਭਰਾ ਦੇ ਹੁਕਮ ਅਨੁਸਾਰ ਹੋਲਿਕਾ ਆਪਣੇ ਭਤੀਜੇ ਨੂੰ ਗੋਦ ਵਿਚ ਬਿਠਾ ਕੇ ਬਲਦੀ ਅੱਗ ਵਿਚ ਜਾ ਬੈਠੀ। ਅਚਨਚੇਤ ਹਵਾ ਦਾ ਰੁਖ ਇੰਝ ਬਦਲਿਆ ਕਿ 'ਕਰਾਮਾਤੀ ਚਾਦਰ' ਭੂਆ ਦੇ ਸਰੀਰ ਤੋਂ ਲੱਥ ਕੇ ਪ੍ਰਹਲਾਦ 'ਪਰ ਪਸਰ ਗਈ। ਪ੍ਰਹਲਾਦ ਸੜਨ ਤੋਂ ਬਚ ਗਿਆ ਤੇ ਹੋਲਿਕਾ ਸੜ ਕੇ ਸੁਆਹ ਹੋ ਗਈ।

ਉਪਰੰਤ, ਹਰ ਆਮ ਖਾਸ ਜਨਸਾਧਾਰਣ ਨੇ ਖੁਸ਼ੀਆਂ ਮਨਾਈਆਂ। ਰੰਗ ਤਮਾਸ਼ਿਆਂ ਰਾਹੀਂ ਇਕ-ਦੂਸਰੇ ਪ੍ਰਤੀ ਪਿਆਰ ਪ੍ਰਗਟਾਇਆ। ਪ੍ਰਮਾਤਮਾ-ਪੂਜਾ ਮੁੜ ਸਥਾਪਿਤ ਹੋਈ। ਬੁਰਿਆਈਆਂ ਦੀ ਹਾਰ ਤੇ ਨੇਕੀ ਦੀ ਜਿੱਤ ਹੋਈ। ...... ਅਤੇ ਮਨੁੱਖੀ ਰਿਸ਼ਤੇਦਾਰੀਆਂ ਦੀ ਆਪਸੀ ਪ੍ਰੇਮ-ਭਾਵਨਾ ਦੁਬਾਰਾ ਸਥਾਪਿਤ ਹੋਈ। ਆਖਦੇ ਹਨ ਕਿ ਇਸੇ ਪ੍ਰਭੂ-ਵਿਸ਼ਵਾਸ ਅਤੇ ਸਮਾਜਿਕ ਸੁਹਿਰਦਤਾ ਨੂੰ ਅਜੋਕੇ ਸਮੇਂ ਤੱਕ ਮੁੜ ਮੁੜ ਦੁਹਰਾਇਆ ਜਾ ਰਿਹਾ ਹੈ। ਰਿਸ਼ਤੇਦਾਰੀਆਂ ਦਾ ਮਿਲ ਬੈਠਣਾ, ਨਚਣਾ-ਗਾਉਣਾ ਤੇ ਵਿੱਤ ਅਨੁਸਾਰ ਸਵਾਦਿਸ਼ਟ ਖਾਣ-ਪੀਣ ਦੀਆਂ ਮੌਜਾਂ ਮਾਣੀਆਂ ਜਾਂਦੀਆਂ ਹਨ। ਚੌਰਸਤਿਆਂ ਤੇ ਖੁਲ੍ਹੇ ਵੇਹੜਿਆਂ ਵਿਚ ਨਿੱਕੇ-ਵੱਡੇ ਲੱਕੜਾਂ ਦੇ ਢੇਰ ਲਾ ਕੇ ਅੱਗ ਜਾਂ ਹੋਲੀ ਬਾਲੀ ਜਾਂਦੀ ਹੈ.....ਹੋਲਿਕਾ ਨੂੰ ਸਾੜਿਆ ਜਾਂਦਾ ਹੈ। ਆਲੇ-ਦੁਆਲੇ ਬੱਚਿਆ ਬੁੱਢਿਆਂ ਸਮੇਤ ਸੰਗੀ-ਸਾਥੀ ਰਿਸ਼ਤੇਦਾਰ ਬੈਠ-ਖਲੋਅ ਕੇ ਅੱਗ ਸੇਕਦੇ ਹਨ। ਅੱਧ-ਕੱਚੀਆਂ ਪੱਕੀਆਂ ਛੋਲਿਆਂ ਦੀਆਂ ਡੱਡਾਂ ਨੂੰ ਹੋਲੀ ਦੀ ਅੱਗ ਵਿਚ ਭੁੰਨ ਕੇ ਖਾਣ ਦਾ ਸੁਆਦ ਵੀ ਵੱਖਰਾ ਈ ਏ। ਛੋਲੀਏ ਨੂੰ ਹੋਲਿਕਾ ਦੀ ਅੱਗ ਵਿਚ ਸਾੜੇ ਜਾਣ ਕਰਕੇ ਹੀ ਇਨ੍ਹਾਂ ਨੂੰ 'ਹੋਲਾਂ' ਆਖਿਆ ਜਾਂਦਾ ਹੈ।

ਬਹੁ-ਗਿਣਤੀ ਲੋਕਾਂ ਵਲੋਂ, ਰੰਗ ਬਿਰੰਗੇ ਪਾਣੀਆਂ ਦੀਆਂ

ਪਿਚਕਾਰੀਆਂ ਨਾਲ ਸੰਗੀ ਸਾਥੀਆਂ ਵਿੱਚ ਪਿਆਰ-ਦੁਲਾਰ ਸਾਂਝਾ ਕੀਤਾ ਜਾਂਦਾ ਹੈ। ਰੱਜੇ ਪੁੱਜੇ ਲੋਕ ਗੁਲਾਲ ਅਤਰ ਫੁਲੇਲ ਛਿੜਕ ਕੇ ਖੁਸ਼ੀਆਂ ਵੰਡਦੇ ਹਨ ਅਤੇ ਗਰੀਬ ਨਿਮਾਣੇ-ਨਿਤਾਣੇ ਸਸਤੀ ਦਾਰੂ ਜਾਂ ਭੰਗ ਧਤੂਰਾ ਛੱਕ ਕੇ ਇਕ ਦੂਜੇ ਉੱਤੇ ਗੰਦ-ਮੰਦ ਸੁੱਟ ਕੇ ਛੇੜਖਾਨੀਆਂ ਤੇ ਖਰਮਸਤੀਆਂ ਕਰਦਿਆਂ ਆਪੋ-ਆਪਣਾ ਰਾਂਝਾ ਰਾਜ਼ੀ ਕਰਦੇ ਹਨ। ਕਈ ਵਾਰ ਖਾਧ-ਪਦਾਰਥਾਂ ਵਿੱਚ ਕੁਝ ਅਵੈੜ ਨਸ਼ਾ ਮਿਲਾ ਕੇ ਜਾਂ ਰੰਗ ਵਿੱਚ ਬਿਛੂ-ਬੂਟੀ ਪਾ ਕੇ ਦੂਜਿਆਂ ਲਈ ਵਿਅਰਥ ਪਰੇਸ਼ਾਨੀ ਪੈਦਾ ਕਰਦਿਆਂ ਖਰੂਦੀ-ਹਾਸਿਆਂ ਦਾ ਵਿਣਾਸਾ ਬਣਾ ਲਿਆ ਜਾਂਦਾ ਹੈ। ਅਸਲੀਅਤ ਇਹ ਬਣ ਚੁੱਕੀ ਹੈ ਕਿ ਹੁਣ ਧਾਰਮਿਕ ਆਸਥਾ ਜਾਂ ਨੇਕੀ ਦੀ ਵਡਿਆਈ ਨੂੰ ਭੁੱਲ-ਭੁੱਲਾ ਕੇ ਹੋਲੀ ਇੱਕ ਹਾਸੇ-ਠੱਠਿਆਂ ਦਾ ਜਮਘਟ ਬਣ ਚੁੱਕਾ ਹੈ।

ਭਾਰਤੀ ਸੰਸਕ੍ਰਿਤੀ ਤੇ ਸਾਹਿਤ ਵਿਚ ਬ੍ਰਿਜ ਦੀ ਹੋਲੀ ਵਿਸ਼ੇਸ਼ ਕਰਕੇ ਪ੍ਰਸਿੱਧ ਹੈ ਜਿੱਥੇ ਦੁਆਪੁਰ ਜੁਗ ਵਿਚ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨਾਲ ਹੋਲੀ ਖੇਡਦੇ ਸਨ। ਹੁਣ ਤਾਈਂ ਉਨ੍ਹਾਂ ਦੇ ਰਸਿਕ ਭਗਤ ਕਥਾ ਕਹਾਣੀਆਂ ਦੁਹਰਾ ਕੇ ਰਾਸ-ਲੀਲਾਵਾਂ ਦਾ ਆਯੋਜਨ ਕਰਦੇ ਹਨ। ਗੁਰਬਾਣੀ ਵਿਚ ਉਲੇਖ ਇਉਂ ਹੈ।

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥**
**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥ (470)**

ਹੋਲੀ, ਜਿਸ ਨੂੰ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਸਵੀਕਾਰਿਆ ਗਿਆ ਸੀ, ਦਾ ਤਿਉਹਾਰ ਮਨਾਉਂਦਿਆਂ ਜੁਗ ਬਤੀਤ ਹੋ ਗਏ ਪਰ ਹਿੰਦੁਸਤਾਨੀ ਸਭਿਅਤਾ ਹਜ਼ਾਰਾਂ ਵਰ੍ਹਿਆਂ ਦੀ ਗੁਲਾਮੀ ਤੋਂ ਨਿਜਾਤ ਪਾਉਣਾ ਆਪਣੇ ਕਿਰਦਾਰ ਵਿਚੋਂ ਸ਼ਾਇਦ ਮਨਫ਼ੀ ਹੀ ਕਰ ਚੁੱਕੀ ਸੀ। ਵਿਦੇਸ਼ੀ ਜਰਵਾਣਿਆ ਹੱਥੋਂ ਵਾਰ-ਵਾਰ ਹੁੰਦੀਆਂ ਹਾਰਾਂ ਨੇ ਪੂਰੇ ਸਮਾਜ ਦੀ ਜਨ ਮਾਨਸਿਕਤਾ ਨੂੰ ਹੀ ਮਜਬੂਰ, ਬੇਸਹਾਰਾ ਤੇ ਨਿਰਉਤਸ਼ਾਹ ਕਰ ਦਿੱਤਾ ਸੀ। ਮੁਰਦਾ ਹੋਈਆਂ ਕੌਮਾਂ ਨੇ ਗੁਲਾਮੀ ਨੂੰ ਆਪਣੀ ਕਿਸਮਤ ਸਵੀਕਾਰ ਲਿਆ ਸੀ। ਜ਼ਿੱਲਤ ਦੀ ਰੁੱਖੀ ਸੁੱਕੀ ਖਾ ਕੇ ਜੀਉਂਦੇ ਰਹਿਣਾ ਹੀ ਗ਼ਨੀਮਤ ਸੀ- ਤੇ ਵਰ੍ਹੇ ਪਿੱਛੋਂ ਦੁਸਹਿਰਾ, ਦੀਵਾਲੀ ਤੇ ਹੋਲੀ ਦੀਆਂ ਥੋੜ੍ਹ-ਚਿਰੀਆਂ ਵਿਖਾਵੇ ਦੀਆਂ ਬਨਾਵਟੀ ਖੇਡਾਂ-ਖੁਸ਼ੀਆਂ ਦੇ ਮਹਿਜ਼ ਰਸਮਾਂ ਪੂਰੀਆਂ ਕਰਦੇ ਰੰਗਾਂ ਨਾਲ ਮਨ ਪਰਚਾਵਾ ਕਰ ਲੈਣਾ। ਖੁਸ਼ੀਆਂ, ਖੇਡਾਂ, ਚਾਓ-ਮਲ੍ਹਾਰਾਂ ਤੇ ਉਤਸਵਾਂ ਦੀ ਕਿਹੋ ਜਿਹੀ ਵਿਡੰਬਨਾ ਹੈ!

ਮਨੁੱਖੀ ਆਤਮਾ ਦੇ ਜਨਮ ਸਿੱਧ ਅਧਿਕਾਰ 'ਸੁਤੰਤਰਤਾ' ਦੀ ਬਹਾਲੀ ਲਈ **ਸਿਰੁ ਧਰਿ ਤਲੀ ਗਲੀ ਮੇਰੀ ਆਉ॥ (1412)** ਦਾ ਨੀਤੀ ਘੋਸ਼ ਤਾਂ ਬਾਬਾ ਸੱਚੇ ਪਾਤਸ਼ਾਹ ਵਲੋਂ ਹੋ ਹੀ ਚੁੱਕਾ ਸੀ। ਸੂਰਮਿਆਂ ਦੀ ਪਹਿਚਾਣ **ਜੁ ਲਰੈ ਦੀਨ ਕੇ ਹੇਤ** ਕਰਦਿਆਂ 'ਨਾਨਕ ਨਿਰਮਲ ਪੰਥ' ਦਾ ਪਾਂਧੀ ਸਿੱਖ ਸਮਾਜ ਆਪਣੇ ਸੰਗਠਨਾਤਮਕ ਵਿਕਾਸ ਵੱਲ ਪੜਾਅ ਅਗਾਹਾਂ ਵਧ ਰਿਹਾ ਸੀ।

ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਨੇ ਬਸੰਤ ਰੁੱਤ ਦੇ ਇਸ ਤਿਉਹਾਰ ਨੂੰ ਅਧਿਆਤਮਕ ਰੰਗ ਵਿੱਚ ਰੰਗ ਕੇ ਗੁਰਸਿੱਖਾਂ ਨੂੰ ਪ੍ਰਭੂ-ਪ੍ਰੀਤ ਵਾਲੀ ਸੇਵਾ-ਸਾਧਨਾ ਵੱਲ ਪ੍ਰੇਰਿਤ ਕੀਤਾ ਹੈ:

**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥ (1180)**

ਆਖਦੇ ਹਨ ਔਰੰਗਜ਼ੇਬ ਸਵਾ ਮਣ ਜਨੇਊ ਰੋਜ਼ ਸਾੜ ਕੇ ਰੋਟੀ ਖਾਂਦਾ ਸੀ। ਮੁਸਲਮਾਨ ਬਣ ਜਾਓ ਜਾਂ ਮੌਤ ਦੀ ਇਕ ਨਿੱਕੀ ਗ੍ਰਾਹੀ...ਤੇ ਲੋਕੀਂ ਧੜਾਧੜ ਇਸਲਾਮ ਕਬੂਲ ਕਰ ਰਹੇ ਸਨ-**ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥ (555)** ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਗਰੋਂ **ਮਰਣੁ ਮੁਣਸਾ ਸੂਰਿਆ ਹਕੁ ਹੈ॥ (579)** ਦੀ ਵਿਚਾਰਧਾਰਾ, ਆਮ ਲੋਕਾਈ ਨੂੰ ਅਨੰਦਪੁਰ ਸਾਹਿਬ ਦੇ 'ਬਾਦਸ਼ਾਹਾ ਦਰਵੇਸ਼ ਗੁਰੂ ਗੋਬਿੰਦ ਸਿੰਘ' ਦੀ ਚਰਣਿ-ਸ਼ਰਣਿ ਵੱਲ ਧਾਈ ਕਰਕੇ ਸਮਰਪਿਤ ਹੋਵਣ ਲਈ ਵਹੀਰਾਂ ਘੱਤਣ ਵਾਲਾ ਸਮਾਜਿਕ-ਇਨਕਲਾਬ ਦੀ ਦਸ਼ਾ ਤੇ ਦਿਸ਼ਾ ਪਰਤੱਖ ਕਰ ਰਹੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੁਸਤਾਨੀ ਜਨਤਾ ਦੀ ਗੁਲਾਮ ਤੇ ਸਾਹ-ਸਤਹੀਣ ਮਾਨਸਿਕਤਾ ਦੀ ਕਾਇਆ-ਕਲਪ ਕਰ ਦੇਣ ਦੇ ਸੰਕਲਪ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਖਾਤਿਰ ਖਾਲਸਾ ਧਰਮ ਨੂੰ ਸੁਨਿਸ਼ਚਿਤ ਤੌਰ 'ਤੇ ਸੰਗਠਨਬੱਧ ਕੀਤਾ। ਖਾਲਸੇ ਨੇ ਸ਼ਸਤ੍ਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਵਿਓਂਤਬੱਧ ਨਵੀਆਂ ਜੁਗਤਾਂ ਜੋੜੀਆਂ। ਹੋਲੀ ਨੂੰ 'ਹੋਲਾ ਮਹੱਲਾ' ਦੇ ਨਵੇਂ ਬੀਰ ਰਸੀ ਬਲਵਾਨ ਸ਼ਕਤੀ-ਪ੍ਰਦਰਸ਼ਨ ਦੇ ਰੂਪ ਵਿਚ ਪ੍ਰਤੀਯੋਗਤਾ-ਮੂਲਕ ਉਤਸਵ ਵਿਚ ਤਬਦੀਲ ਕਰ ਦਿੱਤਾ। ਸਿੰਘਾਂ ਦੇ ਦੋ ਵੱਡੇ ਦਲ ਬਣਾ ਕੇ, ਇਕ ਮਿੱਥੇ ਸਥਾਨ ਉੱਤੇ ਯੁੱਧ ਨਿਪੁੰਨਤਾ ਰਾਹੀਂ ਕਾਬਜ਼ ਹੋਣ ਵਾਸਤੇ ਹਮਲਾ ਕਰਨ ਦੀ ਰੀਤ ਤੋਰੀ ਗੁਰੂ ਸਾਹਿਬ ਆਪੂੰ ਖਾਸ ਨਿਗਰਾਨੀ ਕਰਦੇ, ਤਦਬੀਰਾਂ ਸਮਝਾਉਂਦੇ, ਚੁਸਤ-ਚਤੁਰ ਤੇ ਤੀਖਣ-ਬੁੱਧੀ ਤੀਬਰ ਤਰਕੀਬਾਂ ਦੀ ਸਿਖਲਾਈ ਦਿੰਦੇ। ਹੋਲਾ ਮਨਾਉਂਦਿਆਂ ਸਿੰਘਾਂ ਦੀਆਂ ਫੌਜਾਂ ਦੇ ਦੋ ਦਲ- ਇਕ ਦੇ ਕੇਸਰੀ ਬਸਤਰ, ਦੂਜੇ ਚਿੱਟੇ। ਇਕ ਨੇ ਕਿਲ੍ਹਾ ਹੋਲਗੜ੍ਹ ਦੀ ਰਖਵਾਲੀ ਤੇ ਦੂਜੇ ਨੇ ਮਨਸੂਈ ਹਮਲੇ ਦੁਆਰਾ ਹੱਲਾ ਕਰਕੇ ਜਿੱਤਣ ਲਈ ਜੰਗ ਕਰਨੀ, ਮਿਥਿਆ ਜਾਂਦਾ ਸੀ। ਇਹ ਬਨਾਵਟੀ ਯੁੱਧ ਕਲਾ ਪ੍ਰਦਰਸ਼ਨੀਆਂ, ਆਮ ਸਿੱਖ ਸੰਗਤਾਂ ਵਿਚ, ਜੰਗੀ ਮੁਕਾਬਲੇਬਾਜ਼ੀਆਂ ਨੂੰ ਅੱਖੀਂ ਤੱਕਦਿਆਂ ਬੁਲੰਦ-ਹੌਸਲੇ ਨਾਲ ਦੁਸ਼ਮਣ-ਸ਼ਕਤੀਆਂ ਨਾਲ ਭਵਿੱਖ ਵਿਚ ਟੱਕਰ ਲੈਣ ਵਾਸਤੇ ਤਿਆਰੀ ਲਈ ਵੱਡੀ ਅਹਿਮੀਅਤ ਤੇ ਤਰਬੀਅਤ ਦੀ ਸਫਲ ਯੋਜਨਾਬੰਦੀ ਸੀ ਇਹ ਗੁਰੂ ਸਾਹਿਬ ਦੀ ਸੰਘਰਸ਼ਸ਼ੀਲ ਸਮਾਜਿਕ-ਇੰਜੀਨੀਅਰਿੰਗ ਪੱਖੋਂ ਕ੍ਰਾਂਤੀਕਾਰੀ ਵਿਚਾਰਧਾਰਕ ਸੋਚ ਪ੍ਰਵਾਹਿਤ ਹੋਣ ਦਾ ਵਿਧੀਵਤ ਸਾਧਨ ਤੇ ਸਮਰੱਥ-ਅਗਵਾਈ ਦਾ ਵਿਧਾਨ ਸੀ।

ਜਿਹੜਾ ਦਲ ਇਸ ਮਨਸੂਈ ਜੰਗ ਵਿਚ ਕਾਮਯਾਬ ਹੁੰਦਾ, ਉਨ੍ਹਾਂ ਨੂੰ ਸਾਰੀਆਂ ਸੰਗਤਾ ਸੇ ਸਨਮੁਖ ਦਰਬਾਰ ਵਿਚ ਸਿਰੋਪਿਆਂ ਦੀ ਬਖਸ਼ਿਸ਼ ਕੀਤੀ ਜਾਂਦੀ। ਅਨੰਦਪੁਰ ਸਾਹਿਬ ਵਿਖੇ ਜਿਸ ਅਸਥਾਨ 'ਪਰ ਸੰਮਤ 1757 ਚੇਤ ਵਦੀ ਨੂੰ ਹੋਲਾ ਮਹੱਲਾ ਖੇਡਣ ਦੀ ਰੀਤਿ ਪਹਿਲੀ ਵੇਰ ਸ਼ੁਰੂ ਕੀਤੀ ਗਈ

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

ਸੀ, ਉਹ ਕਿਲ੍ਹਾ ਹੋਲਗੜ੍ਹ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ-ਵਿਚਾਰਧਾਰਾ ਦੇ ਅਨੁਰੂਪ ਮਾਨਵੀ-ਸੁਤੰਤਰਤਾ ਖਾਤਰ ਵਿੱਢੇ ਸੰਘਰਸ਼ ਨੂੰ ਸੰਪੂਰਨਤਾ ਤੱਕ ਅਪੜਾਉਣ ਲਈ 'ਚਰਣ ਪਾਹੁਲ' ਦੀ ਥਾਵੇਂ 'ਖੰਡੇ ਬਾਟੇ ਦੀ ਪਾਹੁਲ' ਲਾਗੂ ਕਰ ਚੁੱਕੇ ਸਨ ਤੇ ਹੁਣ ਤਿਉਹਾਰਾਂ ਦੇ ਰੰਗਾਂ-ਢੰਗਾਂ ਨੂੰ ਵੀ ਕ੍ਰਾਂਤੀਕਾਰੀ ਮੋੜਾ ਦੇ ਦਿੱਤਾ। ਹੋਲੀ ਖੇਡਨ ਦੀ ਪਰੰਪਰਾ ਦੇ ਸਮਾਨੰਤਰ ਹੋਲਾ ਮਹੱਲਾ ਖੇਡਣ ਦੀ ਨਵੀਂ ਨਿਰਾਲੀ ਰੀਤ ਤੋਰੀ। ਆਪਣੇ ਹਕੂਕਾਂ ਲਈ ਜੁਰਅੱਤ ਤੇ ਦਲੇਰੀ, ਜਰਵਾਣੇ ਦੀ ਈਨ ਨਾ ਮੰਨਣ ਤੇ ਮੁਕਾਬਲੇ ਲਈ ਸ਼ਸਤਰ ਵਿੱਦਿਆ ਦੀ ਸਿਖਲਾਈ, ਯੁੱਧ-ਕੌਸ਼ਲ ਵਿਚ ਪ੍ਰਬੀਨਤਾ ਤੇ ਫਤਹਿਯਾਬੀਆਂ ਪ੍ਰਤੀ ਦ੍ਰਿੜ੍ਹ ਮਾਨਸਿਕਤਾ ਨੇ **ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ (1106)** ਦੀਆਂ ਹੋਣੀਆਂ ਨੂੰ ਸਾਖਿਅਤ ਕਰਨਾ ਸ਼ੁਰੂ ਕਰ ਦਿੱਤਾ। ਇੰਝ ਹੋਲੇ ਮਹੱਲੇ ਦਾ ਦਿਹਾੜਾ ਮਨਸੂਈ ਜੰਗ ਦੇ ਅਭਿਆਸ ਦਾ ਦਿਨ ਹੈ। ਇਹ ਨਿਪੁੰਨਤਾ ਦੀ ਪ੍ਰਦਰਸ਼ਨੀ ਅਤੇ ਮੁਕਾਬਲੇਬਾਜ਼ੀ ਰਾਹੀਂ ਸਰੀਰਕ, ਮਾਨਸਿਕ ਤੇ ਬੌਧਿਕ ਸ਼ਕਤੀ-ਕਲਾਵਾਂ ਦੀ ਅਗਾਂਹਵਧੂ ਸਿਖਲਾਈ (ਤਰਬੀਅਤ) ਪ੍ਰਤੀ ਪ੍ਰਤੀਬੱਧ ਹੋਣ ਦਾ ਦਿਹਾੜਾ ਹੈ। 'ਮਹੱਲਾ' ਕਰਮ-ਭੂਮੀ ਹੈ, ਜਿੱਥੇ ਮੁਸ਼ੱਕਤ ਘਾਲਣੀ ਹੈ, ਸਾਧਨਾ-ਸਥੱਲੀ ਹੈ ਜਿੱਥੇ ਹਲੂਲ ਹੋਣਾ ਹੈ, ਜੂਝਣ ਦਾ ਸਥਾਨ ਹੈ, ਹੱਲਾ ਕਰਨਾ ਹੈ ਤੇ ਫਤਹਿ ਪ੍ਰਾਪਤ ਕਰਨੀ ਹੈ। ਅਜੋਕੇ ਸਮੇਂ ਮਹੱਲਾ ਕੱਢਣਾ ਜਾਂ ਮਹੱਲਾ ਚੜ੍ਹਨਾ ਤੋਂ ਭਾਵ ਲਿਆ ਜਾਂਦਾ ਹੈ, ਨਗਾਰੇ ਤੇ ਨਿਸ਼ਾਨ ਸਾਹਿਬ ਸਹਿਤ ਖਾਲਸਾ ਦਲ ਨੂੰ ਸੱਜ ਧੱਜ ਨਾਲ ਇਕ ਖਾਸ ਅਸਥਾਨ ਤੋਂ ਦੂਸਰੀ ਜਗ੍ਹਾ ਜਾਂ ਕਿਸੇ ਗੁਰਦੁਆਰੇ ਵਿਖੇ ਫੌਜੀ ਢੰਗ-ਤਰਤੀਬ ਵਿਚ ਅਨੁਸ਼ਾਸਨ-ਬੱਧ ਹੋ ਕੇ ਜਲੂਸ ਦੀ ਸ਼ਕਲ ਵਿਚ ਲੈ ਜਾਣਾ।

'ਹੋਲਾ', ਅਰਬੀ ਅਤੇ 'ਮਹੱਲਾ' ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ, ਹਲੂਲ ਤੇ ਹੋਲਾ ਮਹੱਲਾ ਰਲਦੇ ਮਿਲਦੇ ਅੱਖਰ ਹਨ ਜਿਨ੍ਹਾਂ ਦਾ ਭਾਵ-ਅਰਥ ਨੇਕ ਅਤੇ ਭਲੇ ਪਰਉਪਕਾਰੀ ਕਾਰਜਾਂ ਲਈ ਜੂਝਣਾ ਤੇ ਮਰ ਮਿਟਣ ਵਾਸਤੇ ਤਿਆਰ-ਬਰ-ਤਿਆਰ ਹੋਣਾ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਬਣਿਆ।ਬੇ-ਕਾਸਰਾਂ ਯਾਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਆਪਣਾ ਖਾਸ-ਰੂਪ ਐਲਾਨਿਆ। ਭਾਰਤੀ ਸੰਸਕ੍ਰਿਤੀ, ਧਰਮ, ਦਰਸ਼ਨ ਤੇ ਸੱਭਿਆਚਾਰ ਦੀ ਸੁਤੰਤਰਤਾ ਖਾਤਿਰ ਸਤਿਗੁਰਾਂ, ਸਰਬੰਸ ਕੁਰਬਾਨ ਕਰ ਦਿੱਤਾ ਤੇ ਗੁਰੂ ਕੇ ਖਾਲਸਿਆਂ ਨੇ ਜ਼ਾਲਮ ਵਿਦੇਸ਼ੀ ਸਾਮਰਾਜ ਨੂੰ ਨੇਸਤੋ ਨਾਬੂਦ ਕਰਨ ਹਿਤ ਬੇਮਿਸਾਲ ਸ਼ਹਾਦਤਾਂ ਦੀਆਂ ਝੜੀਆਂ ਲਾ ਦਿੱਤੀਆਂ......ਨਤੀਜਾ, ਅੱਜ ਭਾਰਤ ਵਰਸ਼ ਆਜ਼ਾਦ ਹੈ।

ਅੱਜ ਵੀ ਨਿਹੰਗ ਸਿੰਘ ਰਵਾਇਤੀ ਹਥਿਆਰਾਂ ਤੇ ਘੋੜ ਸਵਾਰੀ ਦੇ ਕਰਤਬਾਂ ਦੁਆਰਾ ਅਨੰਦਗੜ੍ਹ ਕਿਲ੍ਹੇ ਦੇ ਸਾਹਮਣੇ ਬਣਾਏ ਗੁ: ਸ਼ਹੀਦੀ ਬਾਗ ਤੋਂ ਆਰੰਭ ਕਰਕੇ ਤਖਤ ਸ੍ਰੀ ਕੇਸਗੜ੍ਹ ਤੋਂ ਹੁੰਦਿਆਂ-ਕਿਲ੍ਹਾ ਹੋਲਗੜ੍ਹ, ਫਿਰ ਦੇਹੁਰਾ ਮਾਤਾ ਜੀਤੋ ਜੀ ਤੋਂ ਹੋਣ ਉਪਰੰਤ 'ਚਰਨ ਗੰਗਾ' ਦੇ ਸਥਾਨ ਦੀ ਖੁਲ੍ਹੀ ਜਗ੍ਹਾ ਵਿਖੇ, ਮੇਲਾ ਵੇਖਣ ਆਈਆਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਪੰਥਕ ਮੁੱਖ-ਲਹਿਰ ਤੋਂ ਅੱਡਰੇ ਹੋ ਕੇ ਮੂੰਹਜ਼ੋਰੀਆਂ, ਕਿਤੇ ਖੇਰੂੰ ਖੇਰੂੰ ਹੋ ਕੇ ਖੁਆਰੀਆਂ ਪੱਲੇ ਪੈਣ ਦੇ ਸਬੱਬ ਨਾ ਬਣ ਜਾਣ (ਜਿਵੇਂ 'ਹੋਲੀ' ਬਦੀ ਉੱਪਰ ਨੇਕੀ ਦੀ ਜਿੱਤ ਰੂਪੀ ਤਿਉਹਾਰ ਨੇ ਰੂਪ ਵਟਾ ਲਿਆ ਸੀ) ਸਿੱਖ ਸਮਾਜ ਨੂੰ ਸਤਰਕ ਤੇ ਸੁਚੇਤ ਰਹਣਾ ਚਾਹੀਦੇ ਹੈ। 2009 ਦੇ ਹੋਲੇ ਦਾ ਉਤਸਵ ਮਨਾਉਂਦਿਆਂ, 10 ਮਾਰਚ ਨੂੰ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਖੂਨਦਾਨ ਕੈਂਪ ਲਾ ਕੇ 18000 ਯੂਨਿਟ ਨਾਲ 'ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ' ਦੇ ਪਿਛਲੇ ਦਾਅਵੇਦਾਰ, ਸਰਸੇ ਵਾਲੇ ਸਾਧ ਨੂੰ ਹੇਠਾਂ ਲਾਉਣ ਦੀ ਨਵੀਂ ਪਿਰਤ ਪਾਈ ਹੈ, ਕੀ ਅਸੀਂ ਰਾਜਨੀਤਕ ਮਸਹਲਤਾਂ ਕਰਕੇ ਅਸਲੀ ਮੁੱਦੇ ਤੋਂ ਭਟਕਦੇ ਤਾਂ ਨਹੀਂ ਜਾ ਰਹੇ? ਕੀ 1999 ਵਾਲਾ 300 ਸਾਲਾ 'ਖਾਲਸਾ ਸਾਜਣ ਦਿਵਸ' ਦਾ ਟੀਚਾ 'ਕੌਮ ਨੂੰ ਅੰਮ੍ਰਿਤਧਾਰੀ ਬਨਾਉਣੈ' ਪੂਰਾ ਕਰ ਲਿਆ ਗਿਐ, ਜਾਂ ਉਸਨੂੰ ਛੱਡ ਕੇ ਨਵੇਂ ਸ਼ੋਸ਼ਿਆਂ ਨਾਲ ਵਾਹ-ਵਾਹ ਖੱਟਣ ਦੀਆਂ ਕਲਾਬਾਜ਼ੀਆਂ ਹਨ?

ਅਨੰਦਪੁਰ ਸਾਹਿਬ ਵਿਖੇ ਹਰ ਸਾਲ ਹੋਲਾ ਮਹੱਲਾ ਕੱਢਿਆ ਜਾਂਦਾ ਹੈ ਜਿੱਥੇ ਕੇਵਲ ਗੁਰੂ ਕੀਆਂ ਲਾਡਲੀਆਂ ਫੌਜਾਂ, 'ਨਿਹੰਗ ਸਿੰਘ' ਹੀ ਰਵਾਇਤੀ ਘੋੜ ਸਵਾਰੀ ਤੇ ਨੇਜੇਬਾਜ਼ੀ ਆਦਿ ਦੇ ਕਰਤਬਾਂ ਦਾ ਪ੍ਰਦਰਸ਼ਨ ਕਰਦੇ ਹਨ। ਬਾਕੀ ਸਿੱਖ ਸੰਗਤਾਂ ਮਹਿਜ਼ ਦਰਸ਼ਕ ਬਣ ਕੇ ਮੇਲਾ ਵੇਖਦੀਆਂ ਹਨ। ਸਤਿਗੁਰੂ ਜੀ ਨੇ ਤਾਂ ਸਰਬੱਤ ਖਾਲਸੇ ਨੂੰ ਸਰੀਰਕ ਅਰੋਗਤਾ ਤੇ ਸੂਰਬੀਰਤਾ ਲਈ ਵਰਜ਼ਬਾਂ-ਕਸਰਤਾਂ ਤੇ ਚੰਗੇਰੀਆਂ ਪੌਸ਼ਟਿਕ ਖੁਰਾਕਾਂ ਰਾਹੀਂ ਸ਼ਕਤੀ ਸੰਚਾਰ ਵਿਚ ਨਿਤਾਪ੍ਰਤੀ ਵਾਧਾ ਕਰਨ ਦਾ ਪਾਠ ਪੜ੍ਹਾਇਆ ਸੀ। ਅਸੀਂ ਨਸ਼ਿਆਂ 'ਚ ਡੁੱਬ ਕੇ ਮਰ ਰਹੇ ਹਾਂ, ਪਤਿਤਪੁਣੇ 'ਚ ਗਰਕ ਹੋ ਕੇ ਮਰ ਰਹੇ ਹਾਂ... ਤੇ ਅਖੌਤੀ ਪੰਥਕ ਆਗੂ ਬੁੱਲ੍ਹੇ ਲੁੱਟ ਰਹੇ ਨੇ। ਨਿਰਸੰਦੇਹ, ਹੋਲੇ ਮਹੱਲੇ ਦੇ ਸਮਾਗਮਾਂ ਦੌਰਾਨ ਅਨੰਦਪੁਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਲੱਖਾਂ ਦੀ ਗਿਣਤੀ ਵਿਚ ਨਤ-ਮਸਤਕ ਹੁੰਦਿਆਂ ਸਿੱਖ ਸੰਗਤਾਂ ਦੇ ਚਾਉ-ਉਮਾਹ, ਸ਼ਰਧਾ ਵਿਸ਼ਵਾਸ ਤੇ ਕੌਮੀ-ਜੋਸ਼ ਰੂਪੀ ਪੱਕੀ ਹੋਈ ਫਸਲ ਨੂੰ ਅਸੀਂ ਸਾਂਭ ਨਹੀਂ ਰਹੇ, ਦਿਸ਼ਾਹੀਣ ਹੋਈ ਕੌਮੀ ਸੰਥਿਆਂ-ਸਮਰੱਥਾ, ਹੜ੍ਹ ਦੇ ਜਲ ਦੀ ਤਰ੍ਹਾਂ ਅਜਾਈ ਰੁੜ੍ਹੀ ਜਾ ਰਹੀ ਹੈ। ਚੜ੍ਹਦੀਆਂ ਕਲਾਂ ਕਿਵੇਂ ਆਉਣਗੀਆਂ? ਬੋਲ ਬਾਲੇ ਕਦੋਂ ਹੋਵਣਗੇ? ਖਾਲਸਾ ਜੀ, ਗੁਰਬਾਣੀ ਸੋਧਾਂ ਤੇ ਅਕਾਲ ਪੁਰਖੀ ਓਟ ਆਸਰੇ 'ਚ ਆਪਣੀਆਂ ਵਿਗੜੀਆਂ ਨੂੰ ਆਪੇ ਸੰਵਾਰਨ ਦਾ ਬਾਨ੍ਹਣੂ ਬੰਨ੍ਹੋ ਜੀ।

-0-

**ਸਫਾ 8 ਦਾ ਬਾਕੀ**

ਸਾਰੀ ਪਰਕਿਰਿਆ ਨੂੰ ਕਿਹਾ ਜਾ ਸਕਦਾ ਹੈ ਪ੍ਰਮਾਤਮਾ ਨੇ ਮੇਰੀ ਸਹਾਇਤਾ ਕੀਤੀ ਹੈ---

*ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥ (੧੪੩)*

ਪਹਿਲੇ ਸਲੋਕ ਵਿੱਚ ਗੁਰਦੇਵ ਪਿਤਾ ਜੀ ਇਹ ਸਮਝਾਉਂਦੇ ਹਨ ਜਿਨ੍ਹਾਂ ਦੀ ਖਾਤਰ ਨਿਯਮਵਾਲੀ ਨੂੰ ਤੋੜਦੈਂ ਉਨ੍ਹਾਂ ਨੇ ਤੇਰੀ ਸਜਾ ਦੇ ਭਾਗੀਦਾਰ ਨਹੀਂ ਬਣਨਾ। ਦੂਸਰੀ ਤੁਕ ਵਿੱਚ ਸਮਝਾਇਆ ਹੈ ਕਿ ਜੇ ਤੇਰੇ ਮਨ ਵਿੱਚ ਗਲਤ ਖ਼ਿਆਲ ਆ ਗਿਆ ਏ ਉਸ ਨੂੰ ਸੁਧਾਰ ਸਕਣ ਦੀ ਤੇਰੇ ਕੋਲ ਗੁੰਜਾਇਸ਼ ਹੈ। ਕਿਹਾ ਜਾ ਸਕਦਾ ਹੈ ਕਿ ਜੇ ਅਸੀਂ ਆਪਣੀ ਗਲਤੀ ਸੁਧਾਰ ਲਵਾਂਗੇ ਤਾਂ ਜੀਵਨ ਵਿੱਚ ਸੁਖ ਖੇੜਾ ਆ ਸਕਦਾ ਹੈ—੬

1. ਜੇ ਮਨੁੱਖੀ ਸੁਭਾਅ ਗਲਤੀਆਂ ਦਾ ਪੁਤਲਾ ਬਣ ਜਾਂਦਾ ਹੈ ਤਾਂ ਉਸ ਕੋਲ ਸੁਧਰਨ ਦਾ ਮੌਕਾ ਵੀ ਨਾਲ ਹੀ ਹੁੰਦਾ ਹੈ।
2. ਰੱਬ ਜੀ ਸਾਡੇ ਮਨ ਵਿੱਚ ਦੈਵੀ ਗੁਣਾਂ ਦੇ ਰੂਪ ਵਿੱਚ ਬੈਠੇ ਹਨ ਤੇ ਸ਼ੈਤਾਨ ਭੈੜੀ ਮੱਤ ਦੇ ਰੂਪ ਵਿੱਚ ਸਾਡੇ ਨਾਲ ਹੀ ਬੈਠਾ ਹੈ।
3. ਜੇ ਦੈਵੀ ਗੁਣਾਂ ਨੂੰ ਸਮਝ ਲਿਆ ਤਾਂ ਅਸੀਂ ਵਿਕਾਰੀ ਜੀਵਨ ਛੱਡ ਸਕਦੇ ਹਾਂ।
4. ਸ਼ੁਭ ਗੁਣ ਸਦਾ ਨਾਲ ਨਿਭਦੇ ਹਨ ਤੇ ਹਮੇਸ਼ਾਂ ਸਾਡੀ ਅਗਵਾਈ ਕਰਦੇ ਹਨ।

*ਭਇਆ ਮਨੂਰੁ ਕੰਚਨ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ (੯੯੦)*

-0-

# ਚੜ੍ਹਦੀ ਕਲਾ ਦਾ ਪ੍ਰਤੀਕ-ਹੋਲਾ ਮਹੱਲਾ

**ਲਖਵਿੰਦਰ ਪਾਲ ਸਿੰਘ ਸਮਰਾਲਾ # 94647-67270**

**ਹੋਲਾ ਮਹੱਲਾ ਇਕ ਵਿਸ਼ੇਸ਼ ਤਿਉਹਾਰ ਹੈ, ਜਿਵੇਂ ਕਿ ਸਮਕਾਲੀ ਲਿਖਾਰੀ ਅਤੇ ਸਾਰੇ ਸਿੱਖ ਇਤਿਹਾਸਕਾਰ ਇਸ ਬਾਰੇ ਇਕ ਮੱਤ ਹਨ ਕਿ ਪਾਤਸ਼ਾਹ ਵੱਲੋਂ ਸਿੱਖਾਂ ਵਾਸਤੇ ਕੇਸਾਧਾਰੀ ਅਤੇ ਸ਼ਾਸ਼ਤਰਧਾਰੀ ਹੋਣਾ ਦਾ ਉਪਦੇਸ਼ ਦਿੱਤਾ ਹੈ, ਇਸ ਦੇ ਨਾਲ ਹੀ ਸ਼ਾਸ਼ਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਉਹਨਾਂ ਹੋਲਾ ਮਹੱਲਾ ਦਾ ਤਿਉਹਾਰ ਵੀ ਸ਼ੁਰੂ ਕੀਤਾ, ਇੱਥੇ ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਨਿਰੇ ਸ਼ਾਸ਼ਤਰ ਅਭਿਆਸ ਬਣੇ ਰਹਿਣਾ ਵੀ ਮਨੁੱਖ ਨੂੰ ਜ਼ਾਲਮ ਬਣਾ ਸਕਦਾ ਹੈ ਜਦ ਕਿ ਉਸਦੇ ਜੀਵਨ ਵਿੱਚ ਗੁਰਬਾਣੀ ਦਾ ਅਭਿਆਸੀ, ਜੀਵਨ ਜਾਚ ਵਿੱਚ ਗੁਰਬਾਣੀ ਦੀ ਮਹਿਕ ਹੋਣੀ ਜ਼ਰੂਰੀ ਹੈ। ਸਾਰੇ ਸ਼ਾਸ਼ਤਰ ਦੀ ਪਹਿਚਾਣ, ਕਿਰਪਾਨ ਤੋਂ ਅਰੰਭ ਕਰਵਾਈ। ਇਸ ਦਾ ਮਤਲਬ ਹੀ ਉਸ ਵਾਸਤੇ ਮਜਲੂਮ ਦੀ ਰਾਖੀ ਅਤੇ ਅਣਖ ਗੈਰਤ ਨਾਲ ਜੀਣਾ ਹੋਵੇ ਤਾਂ ਜ਼ਾਲਮ ਹੋਣ ਤੇ ਗੱਲ ਮੁੱਕ ਜਾਂਦੀ ਹੈ**

ਸਰਦ ਰੁੱਤ ਖ਼ਤਮ ਹੋਣ ਤੇ ਬਸੰਤ ਰੁੱਤ ਦੇ ਆਉਣ ਨਾਲ ਜਦੋਂ ਮੌਸਮ ਥੋੜ੍ਹਾ ਖੁੱਲ੍ਹਦਾ ਹੈ ਤਾਂ ਨਾ ਬਹੁਤੀ ਠੰਢ ਤੇ ਨਾ ਹੀ ਬਹੁਤੀ ਗਰਮੀ ਹੁੰਦੀ ਹੈ, ਲੋਕ ਗਰਮ ਕੱਪੜਿਆਂ ਦਾ ਵਾਧੂ ਭਾਰ ਲਾਹ ਕੇ, ਹੌਲੇ ਮਹਿਸੂਸ ਕਰਦੇ ਹਨ, ਮਨ ਅਤੇ ਤਨ ਵਿੱਚ ਖੁਸ਼ੀ ਦਾ ਪ੍ਰਭਾਵ ਮਹਿਸੂਸ ਹੁੰਦਾ ਹੈ। ਲੋਕ ਇਕ ਦੂਜੇ ਨਾਲ ਇਹ ਖੁਸ਼ੀ ਸਾਂਝੀ ਕਰਦੇ ਹਨ। ਇਕ ਦੂਜੇ ਤੇ ਰੰਗ ਆਦਿ ਸੁੱਟਦੇ ਹਨ। ਇਹ ਤਿਉਹਾਰ ਫੱਗਣ ਸੁਦੀ 11 ਤੋਂ 15 ਤੱਕ ਫਾਗ ਭਾਵ ਹੋਲੀ ਖੇਡੀ ਜਾਂਦੀ ਹੈ। ਸਮਾਂ ਪਾ ਕੇ ਇਸ ਤਿਉਹਾਰ ਗੁਲਾਲ ਤੇ ਰੰਗ ਖੇਡਣ ਦੀ ਥਾਂ ਇਸ ਦਾ ਸਰੂਪ ਵਿੱਚ ਵਿਗਾੜ ਆ ਗਿਆ। ਰੰਗ ਅਤੇ ਗੁਲਾਲ ਦੀ ਥਾਂ ਸਾਦਾ ਪਾਣੀ ਤੇ ਗੰਦ ਤੇ ਚਿੱਕੜ ਆਦਿ ਵੀ ਸ਼ਾਮਲ ਕਰ ਲਿਆ ਗਿਆ। ਭਾਰਤੀ ਲੋਕ ਵਿਦੇਸ਼ੀਆਂ ਦੇ ਗੁਲਾਮ ਰਹੇ ਹਨ। ਇਸ ਗੁਲਾਮੀ ਕਾਰਨ ਮਾਨਸਿਕ ਪੱਧਰ ਵੀ ਗੁਲਾਮ ਹੋ ਗਿਆ। ਹਾਕਮ ਦੇ ਜ਼ੁਲਮ ਵਿਰੁੱਧ ਅਵਾਜ਼ ਉਠਾਣ ਦੀ ਸੋਚ ਅਤੇ ਸ਼ਕਤੀ ਜਾਂਦੀ ਰਹੀ।



ਹੋਲੀ ਇਕ ਮਿਥਿਹਾਸਕ ਤੇ ਪੌਰਾਣਿਕ ਤਿਉਹਾਰ ਹੈ ਇਸ ਦਾ ਸਬੰਧ ਹਰਨਾਕਸ਼ ਤੇ ਪ੍ਰਹਿਲਾਦ ਦੇ ਵਿਰੋਧ ਨਾਲ ਵੀ ਜੋੜਿਆ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਹਰਨਾਕਸ਼ ਨੇ ਘੋਰ ਤਪ ਕਰ ਕੇ ਵਰ ਪ੍ਰਾਪਤ ਕੀਤਾ ਕਿ ਨਾ ਮੈਂ ਅੰਦਰ ਮਰਾ, ਨਾ ਹੀ ਬਾਹਰ ਮਰਾ, ਨਾ ਦਿਨ ਨੂੰ ਮਰਾ ਤੇ ਨਾ ਹੀ ਰਾਤ ਨੂੰ ਮਰਾ, ਨਾ ਪਸ਼ੂ ਕੋਲੋ ਮੇਰੀ ਮੌਤ ਹੋਵੇ, ਨਾ ਮਨੁੱਖ ਕੋਲੋਂ। ਵਰ ਪ੍ਰਾਪਤ ਕਰਕੇ ਹਰਨਾਕਸ਼ ਆਪਣੇ ਆਪ ਨੂੰ ਅਮਰ ਮਹਿਸੂਸ ਕਰਨ ਲੱਗਾ ਅਤੇ ਆਪਣਾ ਨਾਮ ਜਪਾਉਣ ਲੱਗ ਪਿਆ ਅਤੇ ਆਪਣੀ ਹੀ ਪੂਜਾ ਕਰਵਾਉਂਦਾ। ਉਸ ਦੀ ਭੈਣ ਢੂੰਡਾ ਜਿਸ ਨੂੰ ਹੋਲਿਕਾ ਵੀ ਕਿਹਾ ਜਾਂਦਾ ਹੈ। ਉਸ ਨੇ ਵੀ ਜਪ ਕਰਕੇ ਸ਼ਿਵ ਕੋਲੋਂ ਵਰ ਲੈ ਲਿਆ, ਅੱਗ ਮੈਨੂੰ ਸਾੜ ਨਾ ਸਕੇ। ਹਰਨਾਕਸ਼ ਦਾ ਪੁੱਤਰ ਪ੍ਰਹਿਲਾਦ ਹਮੇਸ਼ਾਂ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦਾ। ਹਰ ਸਮੇਂ ਪ੍ਰਮਾਤਮਾ ਨੂੰ ਹੀ ਯਾਦ ਕਰਦਾ ਰਹਿੰਦਾ ਸੀ। ਉਸ ਦੇ ਅਧਿਆਪਕ ਸੰਡਾ ਮਾਰਕਾ ਵੀ ਪ੍ਰਹਿਲਾਦ ਨੂੰ ਹਰਨਾਕਸ਼ ਦੀ ਭਗਤੀ ਕਰਨ ਲਈ ਕਹਿੰਦਾ। ਉਸ ਨੇ ਬਹੁਤ ਸਮਝਾਇਆ, ਹਰਨਾਕਸ਼ ਦੀ ਕਰੋਪੀ ਦਾ ਡਰ ਵੀ ਦਿੱਤਾ, ਪਰ ਉਹ ਪ੍ਰਭੂ ਭਗਤੀ ਵਿੱਚ ਲੀਨ ਰਹਿੰਦਾ।

ਹਰਨਾਕਸ਼ ਦਾ ਕ੍ਰੋਧ ਵੀ ਪ੍ਰਹਿਲਾਦ ਨੂੰ ਡਰਾ ਨਾ ਸਕਿਆ ਹਰਨਾਕਸ਼ ਨੇ ਕਈ ਪ੍ਰਕਾਰ ਦੇ ਜ਼ੁਲਮ ਅਤੇ ਤਸ਼ੱਦਦ ਕੀਤਾ, ਪਰ ਪ੍ਰਹਿਲਾਦ ਪ੍ਰਭੂ ਭਗਤੀ ਵਿੱਚ ਲੀਨ ਰਿਹਾ। ਅਖੀਰ ਵਰ ਪ੍ਰਾਪਤ ਭੂਆ ਹੋਲਿਕਾ ਨੇ ਝੋਲੀ ਵਿੱਚ ਬਿਠਾ ਕੇ ਸਾੜਨ ਦੀ ਯੋਜਨਾ ਬਣਾਈ, ਪ੍ਰਭੂ ਦੇ ਕ੍ਰਿਪਾ ਸਦਕਾ ਹੋਲਿਕਾ ਸੜ ਗਈ ਪਰ ਹਰਨਾਕਸ਼ ਬਚ ਗਿਆ। ਅੰਤ ਹਰਨਾਕਸ਼ ਨੇ ਪਹਿਲਾਦ ਨੂੰ ਤਪਦੇ ਥੰਮ ਨਾਲ ਬੰਨ ਕੇ ਖ਼ਤਮ ਕਰਨਾ ਚਾਹਿਆ ਤਾਂ ਪ੍ਰਮਾਤਮਾ ਨੇ ਨਰ ਸਿੰਘ ਦਾ ਅਵਤਾਰ ਰੂਪ ਧਾਰਨ ਕਰ ਕੇ ਹਰਨਾਕਸ਼ ਦਾ ਅੰਤ ਕੀਤਾ। ਇਸ ਤਰ੍ਹਾਂ ਭੈਣ-ਭਰਾ ਦੀ ਹਉਮੈ ਦੀ ਅੱਗ ਵਿੱਚ ਸੜ ਕੇ ਸੁਆਹ ਹੋ ਗਏ। ਝੂਠ ਦੀ ਹਾਰ ਤੇ ਸੱਚ ਦੀ ਜਿੱਤ ਹੋਈ, ਲੋਕਾਂ ਨੇ ਖੁਸ਼ੀ ਮਨਾਈ, ਇਸ ਦਿਨ ਲੋਕ ਇਕ ਦੂਜੇ ਤੇ ਰੰਗ ਪਾਉਂਦੇ ਹਨ, ਖੇਹ-ਸੁਆਹ ਨਾਲ ਸਾਥੀਆਂ ਦੇ ਕੱਪੜੇ ਖਰਾਬ ਕਰਦੇ ਹਨ, ਖਰੂਦ ਮਚਾਉਂਦੇ, ਪਾਗਲ ਹੋਏ ਦਿਸਦੇ ਹਨ। ਮਨ ਦੀ ਚੰਚਲਤਾ ਨਾਲ ਸੱਚ ਦੀ ਜਿੱਤ ਨਾਲ ਲੋਕਾਂ ਵਿੱਚ ਜਾਗ੍ਰਤੀ ਆਉਣੀ ਚਾਹੀਦੀ ਸੀ। ਪ੍ਰਭੂ ਭਗਤੀ ਦੀ ਪ੍ਰੇਰਨਾ ਮਿਲਣੀ ਚਾਹੀਦੀ ਸੀ। ਪ੍ਰੰਤੂ ਬ੍ਰਾਹਮਣ ਨੂੰ ਇਹ ਪ੍ਰਵਾਨ ਨਹੀਂ ਸੀ।

ਬ੍ਰਾਹਮਣ ਨੇ ਵਰਣ ਵੰਡ ਦੇ ਨਾਮ ਤੇ ਤਿਉਹਾਰਾਂ ਦੀ ਵੰਡ ਕਰ ਲਈ।

ਵਿਸਾਖੀ ਬ੍ਰਾਹਮਣਾਂ ਦੀ, ਦੁਸ਼ਹਿਰਾ ਖੱਤੀਆ ਦਾ, ਦੀਵਾਲੀ ਵੈਸ਼ਾ ਦੀ ਅਤੇ ਹੋਲੀ ਕੋਝਾ ਰੂਪ ਦੇ ਕੇ ਸ਼ੂਦਰਾਂ ਦੇ ਹਿੱਸੇ ਪਾ ਦਿੱਤੀ। ਜਿਸ ਵਿੱਚ ਗੁਲਾਮੀ ਤੇ ਢਹਿੰਦੀ ਕਲਾ ਦੀਆਂ ਰੁਚੀਆਂ ਦਾ ਪ੍ਰਤੀਕ ਬਣ ਗਈ। ਇਹ ਗੁਰੂ ਨਾਨਕ ਪਾਤਸ਼ਾਹ ਦਾ ਘਰ ਹੀ ਹੈ ਜਿੱਥੇ ਇਹ ਊਚ ਨੀਚ ਨਹੀਂ ਮੰਨੀ ਜਾਂਦੀ, ਸਗੋਂ ਗੁਰੂ ਨਾਨਕ ਸਾਹਿਬ ਜੀ ਨੇ ਫੁਰਮਾਇਆ:-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (15)**

ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਸੰਤ ਰੁੱਤ ਨੂੰ ਮਾਨਣ ਲਈ ਅਕਾਲ-ਪੁਰਖ ਦੇ ਭਾਣੇ ਵਿੱਚ ਰਹਿ ਕੇ ਅਤਰ, ਅਬੀਰ ਤੇ ਗੁਲਾਲ ਦੀ ਚੜ੍ਹਦੀ ਕਲਾ ਦੀ ਭਾਵਨਾ ਕਾਇਮ ਰੱਖਣ ਲਈ ਅਤੇ ਯੁੱਧ-ਕਲਾ ਵਿੱਚ ਅਭਿਆਸ ਨੂੰ ਜਾਰੀ ਰੱਖਣ ਲਈ ਇਹ 'ਹੋਲਾ ਮਹੱਲਾ' ਆਰੰਭ ਕੀਤਾ।

ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਹੋਲਾ ਮਹੱਲਾ' ਇਕ ਬਨਾਵਟੀ ਹੋਲਾ ਹੁੰਦਾ ਹੈ। ਹੋਲਾ, ਸ਼ਬਦ ਅਰਬੀ ਭਾਸ਼ਾ ਦਾ ਹੈ ਅਤੇ ਮਹੱਲਾ ਫਾਰਸੀ ਦਾ ਇਸ ਦਾ ਅਰਥ ਹੈ ਹਮਲਾ ਅਤੇ 'ਹਮਲੇ ਦੀ ਥਾਂ' ਜਿਹੜੀ ਕਿਸੀ ਜੰਗ ਵਿੱਚ ਜਿੱਤਣਾ ਹੁੰਦਾ ਹੈ। ਹੋਲਾ ਮਹੱਲਾ ਵਾਲੇ ਦਿਨ ਗੁਰੂ ਜੀ ਆਪਣੇ ਖਾਲਸਾ ਨੂੰ ਹਮਲੇ ਕਰਨ ਦੇ ਢੰਗ ਤਰੀਕੇ ਸਿਖਾਣ ਲਈ ਸ਼ਾਸ਼ਤਰ ਦਾ ਅਭਿਆਸ ਸਿਖਾਂਦੇ ਸੀ, ਜਿਹੜਾ ਸਮੇਂ ਦੀ ਬੜੀ ਜ਼ਰੂਰਤ ਸੀ। ਦੇਸ਼ ਦੀਆਂ ਬਹਾਦਰ ਤੇ ਅਗਾਂਹਵਧੂ ਜਾਤੀਆਂ ਦਾ ਦੁਸ਼ਮਣ ਦੇ ਪ੍ਰਭਾਵ ਥੱਲੇ ਆਪਣਾ ਸਭਿਆਚਾਰ ਗੁਆ ਬੈਠੇ ਸਨ, ਉਹਨਾਂ ਅੰਦਰ ਜੋਸ਼ ਤੇ ਬਹਾਦਰੀ ਭਰਨ ਲਈ ਸ਼ਾਸ਼ਤਰ ਅਤੇ ਇਹਨਾਂ ਦੀ ਵਰਤੋਂ ਬੜੀ ਸਫ਼ਲ ਹੋਈ, ਸਿੱਖ ਸੰਗਤਾਂ ਜਿੱਥੇ ਨਾਮ ਬਾਣੀ ਦਾ ਅਭਿਆਸ ਕਰਦੀਆਂ, ਕਥਾ ਸਾਬਤ ਹੋਈ, ਸਿੱਖ ਸੰਗਤਾਂ ਜਿੱਥੇ ਨਾਮ ਬਾਣੀ ਦਾ ਅਭਿਆਸ ਕਰਦੀਆਂ, ਕਰਤੱਵ ਦਿਖਾਏ ਜਾਂਦੇ, ਨੇਜ਼ੇਬਾਜ਼ੀ, ਤੀਰ ਅੰਦਾਜ਼ੀ, ਚਾਂਦ-ਮਾਰੀ ਆਦਿ ਦੇ ਜੌਹਰ ਦਿਖਾਏ ਜਾਂਦੇ ਸੀ।

ਹੋਲੇ ਮਹੱਲੇ ਦਾ ਹੋਲੀ ਨਾਲ ਕੋਈ ਸਬੰਧ ਨਹੀਂ ਹੈ, ਬਸੰਤ ਰੁੱਤ ਮਾਨਣ ਲਈ ਗੁਰੂ ਨਾਲ ਜੁੜਨ ਦਾ ਫ਼ਲ ਸਦਾ ਅਨੰਦ ਦੀ ਅਵਸਥਾ ਹੈ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ:-

**ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥ (1180)**
**ਆਜੁ ਹਮਾਰੈ ਮੰਗਲਚਾਰ॥ ਆਜੁ ਹਮਾਰੈ ਮਹਾ ਅਨੰਦ॥**
**ਚਿੰਤ ਲਥੀ ਭੇਟੇ ਗੋਬਿੰਦ॥ (1180)**
**ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ॥ (1180)**

ਮੂੰਹ ਸਿਰ ਰੰਗਣ ਦੀ ਹੁਕਮ ਹੋਇਆ:-

**ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ॥ (40)**
**ਏ ਮਨ ਰੂੜੇ੍ ਰੰਗੁਲੇ ਤੂੰ ਸਚਾ ਰੰਗੁ ਚੜਾਇ॥**
**ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥ (427)**

ਪ੍ਰੇਮ ਦੇ ਰੰਗ ਵਿੱਚ ਰੰਗੇ ਵਡਭਾਗੇ ਜਨਾਂ ਲਈ ਪਰਖ ਦੀ ਕਸੌਟੀ ਵੀ ਨਿਸ਼ਚਤ ਕੀਤੀ ਹੈ।

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (1412)**

ਮੀਰੀ ਪੀਰੀ ਦੇ ਮਾਲਕ ਨੇ ਮਨੁੱਖੀ ਮਨ ਵਿੱਚ ਚੜ੍ਹਦੀ ਕਲਾ ਪੈਦਾ ਕਰਨ ਲਈ ਸਿੱਖਾਂ ਨੂੰ ਚੰਗੇ ਸ਼ਾਸ਼ਤਰ ਤੇ ਘੋੜੇ ਲਿਆਉਣ ਲਈ ਅਦੇਸ਼ ਦਿੱਤਾ ਅਕਾਲ ਤਖ਼ਤ ਦੇ ਸਾਹਮਣੇ ਮੱਲ-ਅਖਾੜੇ ਲੱਗਦੇ, ਸੂਰਬੀਰਾ ਦੀਆਂ ਵਾਰਾਂ ਦਾ ਗਾਇਨ ਕੀਤਾ ਜਾਂਦਾ ਸੀ, ਗੁਰੂ ਸਾਹਿਬ ਨੇ ਜ਼ੁਲਮ ਦੇ ਵਿਰੁੱਧ ਚਾਰ ਜੰਗਾਂ ਲੜੀਆਂ ਤੇ ਜਿੱਤ ਪ੍ਰਾਪਤ ਕੀਤੀ। ਖਾਲਸਾ ਦੀ ਤਿਆਰ-ਬਰ-ਤਿਆਰ ਫ਼ੌਜ ਤਿਆਰ ਕੀਤੀ।

ਹੋਲਾ ਮਹੱਲਾ ਮਨਾਉਣ ਦੀ ਪਰੰਪਰਾ ਸਭ ਤੋਂ ਪਹਿਲਾਂ 1680 ਈਸਵੀ ਵਿੱਚ ਅਨੰਦਪੁਰ ਸਾਹਿਬ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਇਸ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਹੁਤ ਵੱਡਾ ਇਕੱਠ ਹੁੰਦਾ ਹੈ। ਇਹ ਧਾਰਮਿਕ ਸਮਾਗਮ ਮਨਾਉਣ ਦੀ ਪਰੰਪਰਾ ਰਹੀ ਹੈ ਇਸ ਦਿਨ ਸ੍ਰੀ ਅੰਮ੍ਰਿਤਸਰ ਵਿੱਚ ਵੀ ਨਿਸ਼ਾਨ ਸਾਹਿਬ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸ੍ਰੀ ਅਕਾਲ ਤਖ਼ਤ ਤੋਂ ਹੋਲਾ ਮਹੱਲਾ ਚੜ੍ਹਦਾ ਹੈ ਸਾਰੇ ਸ਼ਹਿਰ ਦੀ ਪਰਕਰਮਾ ਕਰਦਾ ਹੋਇਆ ਬੁਰਜ ਫੂਲਾ ਸਿੰਘ ਜੀ ਵਿਖੇ ਸਮਾਪਤ ਹੁੰਦਾ ਹੈ।

ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਦੀ ਰਸਮ ਵਿੱਚ ਸਿੱਖ ਨੌਵੇਂ ਪਾਤਸ਼ਾਹ ਦੇ ਦੇਹੁਰਾ ਵੱਲ ਖੇਡਦੇ ਰੰਗ-ਗੁਲਾਲ ਆਦਿ ਨਾਲ ਜਾਂਦੇ ਸੀ। ਪਰ ਦਸਮੇ ਪਾਤਸ਼ਾਹ ਨੇ ਸੰਮਤ 1757 ਚੇਤਰ ਵਦੀ ਏਕਮ ਨੂੰ ਇਕ ਨਵਾਂ ਸਥਾਨ 'ਹੋਲਗੜ੍ਹ' ਰਚਕੇ ਹੋਲਾ-ਮਹੱਲਾ ਖੇਡਣ ਦੀ ਰੀਤ ਚਲਾਈ, ਦੋ ਜਥੇ ਬਣਾ ਕੇ ਇਕ ਨੂੰ "ਹੋਲਗੜ੍ਹ" ਉੱਤੇ ਕਬਜ਼ਾ ਕਰਕੇ ਮੋਰਚੇ ਕਾਇਮ ਕਰਨ ਲਈ ਕਿਹਾ ਗਿਆ। ਦੂਸਰੇ ਜੱਥੇ ਨੂੰ ਹੋਲਗੜ੍ਹ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ ਗਿਆ। ਡੇਢ ਪਹਿਰ ਦੁਵੱਲੀ ਘਮਸਾਨ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਆਗਿਆ ਨਹੀਂ ਸੀ। ਕਿਉਂਕਿ ਦੋਵੇਂ ਪਾਸੇ ਖਾਲਸੀ ਫ਼ੌਜਾਂ ਸਨ। ਦੋਹਾਂ ਫ਼ੌਜਾਂ ਦਾ ਅੰਤਰ ਰੱਖਣ ਲਈ ਹੋਲਗੜ੍ਹ ਕਿਲੇ ਦੀ ਫ਼ੌਜ ਦਾ ਰੰਗ ਚਿੱਟਾ ਅਤੇ ਦੂਜੀ ਦਾ ਹਲਕਾ ਬਸੰਤੀ ਰੱਖਿਆ ਗਿਆ। ਯੁੱਧ ਦੇ ਦਾਅ ਪੇਚ ਵਰਤਦੇ ਫ਼ੌਜਾਂ ਇਕ ਦੂਜੇ ਤੇ ਹਮਲਾ ਕਰਦੀਆਂ, ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ, ਹੋਲਗੜ੍ਹ ਕਿਲੇ ਤੇ ਕਬਜ਼ਾ ਕਰਨਾ ਹੁੰਦਾ ਸੀ। ਇਸ ਤਰ੍ਹਾਂ ਅੱਜ ਕੱਲ੍ਹ ਵੀ ਹੋਲੇ-ਮਹੱਲੇ ਅਨੰਦਪੁਰ ਵਿੱਚ ਚੜ੍ਹਦਾ ਹੈ।

ਹੋਲਾ-ਮਹੱਲਾ ਵਿੱਚ ਜੇਤੂ ਫ਼ੌਜਾਂ ਦਾ ਸਨਮਾਨ ਕੀਤਾ ਜਾਂਦਾ ਸੀ। ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਕੇਸਰ ਵਰਸਾਉਂਦੇ, ਖੁਸ਼ੀਆਂ ਵੰਡਦੇ ਸੀ। ਭਾਈ ਨੰਦ ਲਾਲ ਜੀ ਗੋਯਾ ਦੀ ਗ਼ਜ਼ਲ ਇਸ ਬਾਰੇ ਹੈ। ਜਿਸ ਦਾ ਪੰਜਾਬੀ ਅਨੁਵਾਦ ਭਾਈ ਵੀਰ ਸਿੰਘ ਨੇ ਕੀਤਾ ਹੈ ਇਸ ਤਰ੍ਹਾਂ ਹੈ:-

ਕਿ ਫੁੱਲ ਹੋਲੀ ਦਾ ਖਿੜਿਆ ਵਿੱਚ ਦੁਨੀਆਂ,
ਲਬਾ ਨੂੰ ਖੋਹਲਿਆ ਉਸ ਵਾਂਗ ਕਲੀਆਂ।



ਅਬੀਰ ਅੰਬਰ, ਗੁਲਾਲਾਂ ਤੇ ਕਥੂਰੀ ਵੱਸਣ,
ਹਰ ਤਰਫ ਸਿਉ ਬਰਖਾ ਦੀਆਂ ਕਣੀਆਂ।
ਮੁਬਾਰਕ ਹੱਥਾਂ ਉਡਾਈ ਗਈ ਗੁਲਾਲੀ,
ਚੜ੍ਹੀ ਲਾਲ ਜਿਮੀਂ ਅਸਮਾਨ ਫਲੀਆਂ।
ਚਲੇ ਕੇਸਰ ਦੀ ਪਿਚਕਾਰੀ ਮੁਬਾਰਕ,
ਕਿ ਰੰਗ ਨੂੰ ਰੰਗ ਲਾਣ ਭਲੀਆ।
ਤੁਫੈਲ, ਉਸ ਦੀ ਜਹਾਂ ਦੋਵੇਂ ਗਏ ਰੰਗੇ।
ਰੰਗੇ ਜਾਮੇਜਾ ਸੁਰਣੇ ਲਾਈਆ ਤਣੀਆਂ।
ਜਿਨ੍ਹੇ ਡਿੱਠੇ ਮੁਬਾਰਕ ਏਹ ਦਰਸ਼ਨ,
ਮੁਰਾਦਾਂ ਉਮਰ ਉਸਨੇ ਹੈਣ ਜਿਣੀਆਂ।
ਹੋਯਾ ਕੁਰਬਾਨ ਸਾਧ ਸੰਗਤ ਦੀ ਧੂੜੋ,
ਕਿ ਲੋਚਾ ਅੱਜ ਗੋਯਾ ਦੀਆ ਫਲੀਆਂ॥

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜਿਤਨੇ ਸੂਰਮੇ ਅਤੇ ਯੋਧੇ ਸਨ, ਉਤਨੇ ਹੀ ਮਰਿਯਾਦਾਸ਼ੀਲ, ਉਤਨੇ ਹੀ ਆਸ਼ਾਵਾਦੀ ਤੇ ਅਹਿਲ ਨਿਸ਼ਚੇ ਵਾਲੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਏਕਤਾ ਦੇ ਨਾਲ ਨਾਲ ਸੁੱਚੀ ਪੂਜਾ ਦਾ ਮਾਰਗ ਦਰਸਾਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜੀ ਸੁਤੰਤਰਤਾ ਤੋਂ ਕੌਮੀ ਉਚਿਆਈ ਬਖ਼ਸ਼ੀ ਕਾਨਿੰਘਮ ਦੇ ਸ਼ਬਦ ਵਿੱਚ:-

"ਦਸਮੇਸ਼ ਗੁਰੂ ਨੇ ਨਾ ਕੇਵਲ ਮਨਾਂ ਨੂੰ ਬਦਲਿਆ,
ਸਗੋਂ ਸਰੀਰਾਂ ਨੂੰ ਇਕ ਅਮੁਕ ਬਲ ਦਿੱਤਾ।"

ਸੰਤ ਸਿਪਾਹੀ ਦੀ ਸ਼ਾਨ ਨਿਰਾਲੀ ਹੈ ਹੋਲਾ ਮਹੱਲਾ ਇਸ ਦੀ ਇਕ ਗਵਾਹੀ ਹੈ। ਇਸੇ ਲਈ ਗੁਰੂ ਸਾਹਿਬ ਆਤਮਕ ਅਤੇ ਅਥਾਹ ਸ਼ਕਤੀ ਦੇ ਮਾਲਕ ਸਨ, ਕੌਮ ਨੂੰ ਹਰ ਮੁਸ਼ਕਲ ਆਸਾਨ ਦਿਸਣ ਲੱਗ ਪਈ। ਇਤਿਹਾਸਕਾਰ ਬ੍ਰਾਊਨ ਦੇ ਸ਼ਬਦਾਂ ਵਿੱਚ "ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਰਾਜਨੀਤਕ ਤੌਰ ਤੇ ਵੱਖਰੀ ਕੌਮ ਦਾ ਰੂਪ ਦਿੱਤਾ, ਸਮਾਜੀ ਤੌਰ ਤੇ ਆਜ਼ਾਦ ਅਤੇ ਕੌਮੀ ਤੌਰ ਤੇ ਮੁਖਤਿਆਰ ਹੋਣ ਦੀ ਜਾਂਚ ਸਿਖਾਈ।"

ਗੁਰੂ ਗੋਬਿੰਦ ਸਿੰਘ ਜੀ ਵਿੱਚ ਵਿਧਾਨ ਘੜਣ, ਇਕ ਸਿਪਾਹੀ ਅਤੇ ਵਾਹਿਗੁਰੂ ਦੇ ਅਨੰਦ ਭਗਤ ਵਾਲੇ ਸਾਰੇ ਗੁਣ ਸਨ। ਉਨ੍ਹਾਂ ਨੇ ਆਪਣੇ ਸਿੰਘਾਂ ਵਿੱਚ ਅਥਾਹ ਪਵਿੱਤਰ ਜੋਸ਼ ਭਰ ਦਿੱਤਾ। ਸੰਤ ਸਿਪਾਹੀ ਅੰਦਰ ਆਪਾ ਵਾਰਨ ਦਾ ਜਜ਼ਬਾ, ਫਰਜ਼ ਅਦਾ ਕਰਨ ਦਾ ਡਾਹਡਾ ਅਹਿਸਾਸ ਜਗਾਇਆ। ''ਫਰਜ਼ ਤੇ ਜ਼ਜ਼ਬਾ'' ਹਰ ਧਰਮ ਦੀ ਬੁਨਿਆਦ ਹੈ। ਆਪ ਨੇ ਹੋਲੇ ਮਹੱਲੇ ਰਾਹੀ ਸਪੱਸ਼ਟ ਕੀਤਾ ਕਿ ਜ਼ਾਲਮਾਂ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਖਾਲਸਾ ਸਾਜਣ ਦੀ ਘਟਨਾ ਬਾਰੇ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਲਿਖਦੇ ਹਨ:-

ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ, ਮਨੁੱਖ ਸ੍ਰੇਣੀ ਵਿੱਚੋਂ ਧਿਕਾਰੇ ਲੋਕਾਂ ਨੂੰ ਮਨੁੱਖ ਤੇ ਫਿਰ ਦੇਵਤਾ ਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ ਸਤਿ ਨੂੰ ਸਿਰੇ ਤੱਕ ਪਹੁੰਚਾਣਾ ਤੇ ਹਲੀਮੀ ਰਾਜ ਕਾਇਮ ਕਰਕੇ ਆਪ ਸੇਵਾਦਾਰ ਬਣ ਜਾਣਾ।

ਭੂਰਿਆ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ।

ਹੋਲਾ ਮਹੱਲਾ ਇਕ ਵਿਸ਼ੇਸ਼ ਤਿਉਹਾਰ ਹੈ, ਜਿਵੇਂ ਕਿ ਸਮਕਾਲੀ ਲਿਖਾਰੀ ਅਤੇ ਸਾਰੇ ਸਿੱਖ ਇਤਿਹਾਸਕਾਰ ਇਸ ਬਾਰੇ ਇਕ ਮੱਤ ਹਨ ਕਿ ਪਾਤਸ਼ਾਹ ਵੱਲੋਂ ਸਿੱਖਾਂ ਵਾਸਤੇ ਕੇਸਾਧਾਰੀ ਅਤੇ ਸ਼ਾਸ਼ਤਰਧਾਰੀ ਹੋਣਾ ਦਾ ਉਪਦੇਸ਼ ਦਿੱਤਾ ਹੈ, ਇਸ ਦੇ ਨਾਲ ਹੀ ਸ਼ਾਸ਼ਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਉਹਨਾਂ ਹੋਲਾ ਮਹੱਲਾ ਦਾ ਤਿਉਹਾਰ ਵੀ ਸ਼ੁਰੂ ਕੀਤਾ, ਇੱਥੇ ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਨਿਰੇ ਸ਼ਾਸ਼ਤਰ ਅਭਿਆਸ ਬਣੇ ਰਹਿਣਾ ਵੀ ਮਨੁੱਖ ਨੂੰ ਜ਼ਾਲਮ ਬਣਾ ਸਕਦਾ ਹੈ ਜਦ ਕਿ ਉਸਦੇ ਜੀਵਨ ਵਿੱਚ ਗੁਰਬਾਣੀ

**ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਦੀ ਰਸਮ ਵਿੱਚ ਸਿੱਖ ਨੌਵੇਂ ਪਾਤਸ਼ਾਹ ਦੇ ਦੇਹੁਰਾ ਵੱਲ ਖੇਡਦੇ ਰੰਗ-ਗੁਲਾਲ ਆਦਿ ਨਾਲ ਜਾਂਦੇ ਸੀ। ਪਰ ਦਸਮੇ ਪਾਤਸ਼ਾਹ ਨੇ ਸੰਮਤ 1757 ਚੇਤਰ ਵਦੀ ਏਕਮ ਨੂੰ ਇਕ ਨਵਾਂ ਸਥਾਨ 'ਹੋਲਗੜ੍ਹ' ਰਚਕੇ ਹੋਲਾ-ਮਹੱਲਾ ਖੇਡਣ ਦੀ ਰੀਤ ਚਲਾਈ, ਦੋ ਜਥੇ ਬਣਾ ਕੇ ਇਕ ਨੂੰ ''ਹੋਲਗੜ੍ਹ'' ਉੱਤੇ ਕਬਜ਼ਾ ਕਰਕੇ ਮੋਰਚੇ ਕਾਇਮ ਕਰਨ ਲਈ ਕਿਹਾ ਗਿਆ। ਦੂਸਰੇ ਜੱਥੇ ਨੂੰ ਹੋਲਗੜ੍ਹ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ ਗਿਆ। ਡੇਢ ਪਹਿਰ ਦੁਵੱਲੀ ਘਮਸਾਨ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਆਗਿਆ ਨਹੀਂ ਸੀ। ਕਿਉਂਕਿ ਦੋਵੇਂ ਪਾਸੇ ਖਾਲਸੀ ਫ਼ੌਜਾਂ ਸਨ। ਦੋਹਾਂ ਫ਼ੌਜਾਂ ਦਾ ਅੰਤਰ ਰੱਖਣ ਲਈ ਹੋਲਗੜ੍ਹ ਕਿਲੇ ਦੀ ਫ਼ੌਜ ਦਾ ਰੰਗ ਚਿੱਟਾ ਅਤੇ ਦੂਜੀ ਦਾ ਹਲਕਾ ਬਸੰਤੀ ਰੱਖਿਆ ਗਿਆ। ਯੁੱਧ ਦੇ ਦਾਅ ਪੇਚ ਵਰਤਦੇ ਫ਼ੌਜਾਂ ਇਕ ਦੂਜੇ ਤੇ ਹਮਲਾ ਕਰਦੀਆਂ, ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ, ਹੋਲਗੜ੍ਹ ਕਿਲੇ ਤੇ ਕਬਜ਼ਾ ਕਰਨਾ ਹੁੰਦਾ ਸੀ। ਇਸ ਤਰ੍ਹਾਂ ਅੱਜ ਕੱਲ੍ਹ ਵੀ ਹੋਲੇ-ਮਹੱਲੇ ਅਨੰਦਪੁਰ ਵਿੱਚ ਚੜ੍ਹਦਾ ਹੈ।**

ਦਾ ਅਭਿਆਸੀ, ਜੀਵਨ ਜਾਚ ਵਿੱਚ ਗੁਰਬਾਣੀ ਦੀ ਮਹਿਕ ਹੋਣੀ ਜ਼ਰੂਰੀ ਹੈ। ਸਾਰੇ ਸ਼ਾਸ਼ਤਰ ਦੀ ਪਹਿਚਾਣ, ਕਿਰਪਾਨ ਤੋਂ ਅਰੰਭ ਕਰਵਾਈ। ਇਸ ਦਾ ਮਤਲਬ ਹੀ ਉਸ ਵਾਸਤੇ ਮਜਲੂਮ ਦੀ ਰਾਖੀ ਅਤੇ ਅਣਖ ਗੈਰਤ ਨਾਲ ਜੀਣਾ ਹੋਵੇ ਤਾਂ ਜ਼ਾਲਮ ਹੋਣ ਤੇ ਗੱਲ ਮੁੱਕ ਜਾਂਦੀ ਹੈ ਦਸਮੇ ਪਾਤਸ਼ਾਹ ਨੇ ਬਕਾਇਦਾ ਹਦਾਇਤ ਵੀ ਕੀਤੀ ਹੈ ਕਿ:-

ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜਸ਼ਤ
ਹਲਾਲ ਆਸਤ ਬੁਰਦਮ ਬ ਸ਼ਮਸ਼ੀਰ ਦਸਤ।

ਭਾਵ ਹਥਿਆਰ ਦੀ ਵਰਤੋਂ ਉਦੋਂ ਹੀ ਜਾਇਜ਼ ਹੈ, ਜਦ ਬਾਕੀ ਸਾਰੇ ਹੀਲੇ ਮੁੱਕ ਜਾਣ। ਅੱਜ ਵੀ ਹੋਲੇ ਮਹੱਲੇ ਦਾ ਰਿਵਾਜ ਖ਼ਾਲਸਾ ਉਸੇ ਤਰ੍ਹਾਂ ਹੀ ਮਨਾਉਂਦਾ ਹੈ, ਅਨੰਦਪੁਰ ਅਤੇ ਅੰਮ੍ਰਿਤਸਰ ਵਿੱਚ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਕਈ ਪ੍ਰਕਾਰ ਦੇ ਸਰੀਰਕ ਕਰਤਬ ਦਿਖਾਣ ਵਾਲੇ ਘੋੜ-ਸਵਾਰ ਨਿਹੰਗ ਸਿੰਘ ਤੇ ਗੱਤਕਾ ਪਾਰਟੀਆਂ ਸ਼ਾਮਲ ਹੁੰਦੀਆਂ ਹਨ, ਕਈ ਪ੍ਰਕਾਰ ਦੀਆਂ ਖੇਡਾਂ ਦੇ ਪ੍ਰਦਰਸ਼ਨ ਕੀਤੇ ਜਾਂਦੇ ਹਨ। ਇਸ ਪਰੰਪਰਾ ਦਾ ਉਦੇਸ਼ ਖਾਲਸੇ ਨੂੰ ਕਿਸੇ ਯੁੱਧ ਲਈ ਤਿਆਰ ਕਰਨਾ ਨਹੀਂ, ਸਗੋਂ ਉਹਨਾਂ ਵਿੱਚ ਆਤਮ ਵਿਸਵਾਸ਼ ਦੀ ਭਾਵਨਾ ਪੈਦਾ ਕਰਨਾ ਹੈ, ਪਰ ਅਫਸੋਸ ਕਈ ਨਸ਼ਿਆਂ ਦਾ ਸੇਵਨ ਕਰਦੇ ਹਨ ਅਤੇ ਘਟੀਆ ਹਰਕਤਾਂ ਕਰਦੇ ਹਨ। ਸਮੁੱਚੀ ਕੌਮ ਨੂੰ ਸਰਮਸ਼ਾਰ ਕਰਦੇ ਹਨ। ਆਉ ਵਿਰਸਾ ਪਹਿਚਾਣੀਏ। ਵਿਰਸੇ ਦਾ ਗੌਰਵ ਕਰਦੇ ਮਿਸਾਲ ਪੈਦਾ ਕਰੀਏ, ਪੂਰੀ ਕੌਮ ਸਤਿਕਾਰ ਨਾਲ ਮਾਣ ਕਰ ਸਕੇ।

ਅੱਜ ਲੋੜ ਹੈ ਦੁਨੀਆਂ ਦੇ ਲੋਕੋਂ ! ਫੱਗਣ ਦੇ ਮਹੀਨੇ ਹੋਲੀ ਦੀ ਥਾਂ ਦਸਮ ਪਾਤਸ਼ਾਹ ਦਾ ਬਖ਼ਸ਼ਿਆ ਤੇ ਚਲਾਇਆ ਹੋਲਾ ਮਹੱਲਾ ਮਨਾਈਏ ਅਤੇ ਪੰਜ ਪਿਆਰਿਆਂ ਦੀ ਸੰਗਤ ਆ ਕੇ, ਨਾਮ ਮਸਤੀ ਵਾਲਾ ਪੱਕਾ ਰੰਗ ਤੁਹਾਡੇ ਮਨ ਤੇ ਚੜ੍ਹੇਗਾ। ਇਹੀ ਸਾਡੀ ਉਤਮ ਹੋਲੀ ਹੋਵੇਗੀ ਅਤੇ ਇਸ ਦੇ ਅਰਥ ਨਿਰੋਏ ਹੋਣਗੇ, ਅਨੰਦਪੁਰ ਸਾਹਿਬ ਅਤੇ ਹੋਰ ਥਾਵਾਂ ਤੇ ਹੋਲਾ ਮਹੱਲਾ ਮਨਾਉਂਦੇ ਸੂਰਮਿਆਂ ਤੇ ਸ਼ਹੀਦੀ ਦੀਆਂ ਵਾਰਾਂ ਗਾਉਂਦੇ ਤੇ ਸੁਣਦੇ ਭਗਤੀ ਤੇ ਸ਼ਕਤੀ ਦੇ ਵਾਰਸ ਬਣੀਏ। ਆਪਸੀ ਵੈਰ ਵਿਰੋਧ ਛੱਡ ਕੇ ਆਪਸੀ ਭਾਈਚਾਰੇ ਨੂੰ ਦ੍ਰਿੜ ਕਰੀਏ ਤਾਂ ਕਿ ਜ਼ਬਰ, ਜ਼ੁਲਮ, ਅਨਿਆਏ, ਭ੍ਰਿਸ਼ਟਾਚਾਰ ਅਤੇ ਨਾਸਤਿਕਾ ਵਿਰੁੱਧ ਜੂਝਣ ਦੇ ਸਮਰੱਥ ਹੋ ਸਕਾਂਗੇ। -0-

# ਅਕਾਲ ਪੁਰਖ ਦਾ ਗੁਣ ਨਿਰਭਉ



ਮੰਗਤ ਸਿੰਘ ਰਾਹੀ
# 98882-91607

ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸ਼ਾਹਕਾਰ ਬਾਣੀ ਜਪੁ ਤੋਂ ਪਹਿਲਾਂ ਦਿੱਤੇ ਗਏ ਮੁਢਲੇ ਸਿਧਾਂਤ 'ਮੂਲ ਮੰਤਰ' ਵਿੱਚ ਅਕਾਲ ਪੁਰਖ ਦਾ ਚੌਥਾ ਗੁਣ-ਨਿਰਭਉ ਦਰਜ ਹੈ। ਨਿਰਭਉ-ਉਹ ਪ੍ਰਭੂ ਡਰ ਤੋਂ ਰਹਿਤ ਹੈ, ਉਸਨੂੰ ਕਿਸੇ ਦਾ ਡਰ ਨਹੀਂ ਹੈ।ਉਹ ਕਿਸੇ ਤੋਂ ਡਰ (ਭੈ) ਨਹੀਂ ਖਾਂਦਾ, ਨਾ ਹੀ ਡਰਾਉਂਦਾ ਹੈ। ਉਹ ਇਕ ਹੈ, ਕੇਵਲ ਇਕ ਹੈ, ਕਿਉਂਕਿ ਦੂਜਾ ਕੋਈ ਹੈ ਹੀ ਨਹੀਂ ਸੋ ਡਰ ਕਿਸ ਕੋਲੋਂ ਹੋਵੇ। ਇਨਸਾਨ ਹਮੇਸ਼ਾਂ ਦੂਜੇ ਕੋਲੋਂ ਹੀ ਡਰਦਾ ਹੈ ਜਾਂ ਦੂਜੇ ਨੂੰ ਹੀ ਡਰਾਂਦਾ ਹੈ।ਹਨੇਰੇ ਵਿਚ ਡਰ ਕਿਉਂ ਲੱਗਦਾ ਹੈ? ਇਸ ਲਈ ਕਿ ਕਿਧਰੇ ਕੋਈ ਦੂਜਾ (ਚੋਰ, ਡਾਕੂ, ਦੁਸ਼ਮਣ) ਜਾਂ ਕੋਈ ਜਾਨਵਰ ਆ ਕੇ ਮੈਨੂੰ ਨੁਕਸਾਨ ਪੁਚਾ ਦੇਵੇ।

ਅਕਾਲ ਪੁਰਖ ਨਿਰਭਉ ਹੈ, ਡਰ ਤੋਂ ਰਹਿਤ ਹੈ। ਕਿਸੇ ਨੂੰ ਡਰਾਉਣਾ ਜਾਂ ਕਿਸੇ ਹੋਰ ਤੋਂ ਡਰਨਾ, ਗੁਰਬਾਣੀ ਇਹਨਾਂ ਦੋਹਾਂ ਨੂੰ ਨਕਾਰਦੀ ਹੈ-

**ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ॥ (608)**

ਸਾਰੇ ਸੁੱਖ ਤੇ ਜਗਤ ਦੇ ਸਾਰੇ ਨੌ ਖਜਾਨੇ ਉਹ ਨਿਰੰਕਾਰ ਹੀ ਦੇਣ ਵਾਲਾ ਹੈ। ਜਿਸ ਨੂੰ ਕਿਸੇ ਦਾ ਡਰ ਨਹੀਂ। ਡਰ ਦਾ ਦੂਜਾ ਪੱਖ ਨਿਰਮਲ ਭਉ ਵਿੱਚ ਆਉਂਦਾ ਹੈ, ਜਿਸ ਨੂੰ ਕਿਸੇ ਦਾ ਡਰ ਨਹੀਂ।

ਡਰ ਦਾ ਦੂਜਾ ਪੱਖ ਨਿਰਮਲ ਭਉ ਵਿਚ ਆਉਂਦਾ ਹੈ, ਜਿਸ ਨੂੰ ਅਨੁਸ਼ਾਸਨ ਕਿਹਾ ਜਾਂਦਾ ਹੈ, ਭਾਵ ਅਦਬ ਤੇ ਸਤਿਕਾਰ ਦੀ ਭਾਵਨਾ ਵਿੱਚ ਰਹਿਣਾ। ਨਿਰਭਉ ਉਹੀ ਹੋ ਸਕਦਾ ਹੈ ਜੋ ਸੱਚ ਤੇ ਖੜਾ ਹੈ, ਸੱਚ ਨਾਲ ਜੁੜ ਕੇ ਸੱਚੀ ਹੋਂਦ ਕਾਇਮ ਕਰ ਲਈ ਹੈ। ਜਦ ਬੰਦਾ ਇੱਕ ਝੂਠ ਬੋਲਦਾ ਹੈ ਤਾਂ ਉਸ ਇੱਕ ਝੂਠ ਨੂੰ ਛਿਪਾਣ ਲਈ ਸੈਂਕੜੇ ਹੋਰ ਝੂਠ ਬੋਲਣੇ ਪੈਂਦੇ ਹਨ। ਨਿਰਭਉ ਉਹ ਹੀ ਹੋ ਸਕਦਾ ਹੈ ਜੋ ਸੱਚ ਵਾਲੀ ਆਜ਼ਾਦ ਸੋਚ ਦਾ ਮਾਲਕ ਹੈ। ਅਸੀਂ ਕੀ ਕਰਦੇ ਹਾਂ- ਜੇ ਕਿਧਰੇ ਜਾਣ ਲਈ ਘਰੋਂ ਨਿਕਲੇ ਤੇ ਕਿਸੇ ਨੇ ਛਿੱਕ ਮਾਰ ਦਿੱਤੀ ਤਾਂ ਡਰ ਜਾਂਦੇ ਹਾਂ ਕਿ ਹੁਣ ਜਾਣ ਨਾਲ ਸਾਡਾ ਨੁਕਸਾਨ ਹੋ ਜਾਏਗਾ। ਬਿੱਲੀ ਦੇ ਰਸਤਾ ਕੱਟਣ ਨਾਲ ਵੀ ਅਸੀਂ ਡਰ ਜਾਂਦੇ ਹਾਂ। ਗੁਰਬਾਣੀ ਦੇ ਸਿਧਾਂਤ ਨੂੰ ਮੰਨਣ ਵਾਲਾ ਮਨੁੱਖ ਬਿੱਲੀਆਂ ਦੇ ਰਸਤਾ ਕੱਟਣ ਤੋਂ, ਕਿਸੇ ਦੀ ਛਿੱਕ ਤੋਂ ਨਹੀਂ ਡਰਦਾ ਤੇ ਨਾ ਹੀ ਅਖੌਤੀ ਭੂਤ ਪ੍ਰੇਤ, ਸਵਰਗ ਨਰਕ ਤੋਂ ਡਰਦਾ ਹੈ।

**ਨਿਰਭਉ ਜਪੈ ਸਗਲ ਭਉ ਮਿਟੈ॥ (293)**

ਜੋ ਮਨੁੱਖ ਨਿਰਭਉ ਅਕਾਲ ਪੁਰਖ ਨੂੰ ਜਪਦਾ ਹੈ, ਉਸਦਾ ਸਾਰਾ ਡਰ ਮਿਟ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਜੀ ਅਨੁਸਾਰ ਅਕਾਲ ਪੁਰਖ ਦਾ ਇਕ ਗੁਣ ਨਿਰਭਉ ਹੈ। "ਨਿਰਭਉ" ਨੂੰ ਸਿਰਫ ਪੜ੍ਹਨ ਨਾਲ ਕੁਝ ਵੀ ਨਹੀਂ ਹੋਣਾ, ਨਿਰਭਉ ਬਣਨਾ ਵੀ ਪੈਣਾ ਹੈ। ਨਿਰਭਉ ਹੋਇਆ ਮਨੁੱਖ ਕਦੇ ਵੀ ਮੌਤ ਤੋਂ ਨਹੀਂ ਡਰਦਾ। ਇਸ ਨਿਰਭਉ ਵਾਲੇ ਰੱਬੀ ਗੁਣ ਨੂੰ ਅਸਾਂ ਨੇ ਵੀ ਆਪਣੇ ਜੀਵਨ ਵਿੱਚ ਅਮਲ ਵਿੱਚ ਲੈ ਕੇ ਆਉਣਾ ਹੈ।

ਅਸੀਂ ਦੇਖਿਆ ਕਿ ਪ੍ਰਭੂ ਤਾਂ ਹੈ ਨਿਰਭਉ, ਪਰ ਮੈਂ ਤਾਂ ਪਲ ਪਲ ਡਰਦਾ ਹਾਂ। ਰੋਜ਼ ਪਾਠ ਕਰਦਾ ਹਾਂ- ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ- ਮੈਂ ਪੜਿਆ ਤਾਂ ਹੈ ਨਿਰਭਉ, ਘਰੋਂ ਬਾਹਰ ਨਿਕਲਿਆਂ ਤੇ ਪੰਜ ਮਿੰਟ ਬਾਅਦ ਹੀ ਵਾਪਸ ਆ ਗਿਆ। ਘਰਵਾਲੀ ਨੇ ਪੁੱਛਿਆ- ਸਰਦਾਰ ਜੀ ! ਕੀ ਗੱਲ ਹੋ ਗਈ, ਵਾਪਸ ਆ ਗਏ। ਮੈਂ ਕਿਹਾ- ਬਿੱਲੀ ਰਸਤਾ ਕਟ ਗਈ। ਪੜਦਾ ਤਾਂ ਹਾਂ ਨਿਰਭਉ- ਤੇ ਡਰਦਾ ਬਿੱਲੀ ਤੋਂ ਹਾਂ ਕਿ ਕੰਮ ਨਹੀਂ ਬਣੇਗਾ। ਸ਼ਾਮ ਹੋਈ, ਰਹਿਰਾਸ ਸਾਹਿਬ ਦਾ ਪਾਠ ਕੀਤਾ। **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥ (11)**

ਘਰੋਂ ਬਾਹਰ ਨਿਕਲਿਆ, ਫਿਰ ਪੰਜ ਮਿੰਟ ਬਾਅਦ ਹੀ ਵਾਪਸ ਆ ਗਿਆ। ਫਿਰ ਘਰਵਾਲੀ ਨੇ ਪੁੱਛਿਆ-ਕੀ ਗੱਲ ਸਰਦਾਰ ਜੀ ! ਵਾਪਸ ਆ ਗਏ। ਮੈਂ ਕਿਹਾ- ਕਿਸੇ ਨੇ ਛਿੱਕ ਮਾਰ ਦਿੱਤੀ, ਕੰਮ ਨਹੀਂ ਬਣਨਾ। ਹੁਣ ਮੈਂ ਪੜਦਾ ਨਿਰਭਉ ਹਾਂ, ਡਰਦਾ ਛਿੱਕ ਕੋਲੋਂ ਹਾਂ। ਇਕ ਛਿੱਕ ਮਾਰ ਦਿੱਤੀ ਤਾਂ ਕੰਮ ਨਹੀਂ ਬਣੇਗਾ। ਦੋ ਛਿੱਕਾਂ ਮਾਰ ਦਿੱਤੀਆਂ- ਜੀ ਕੰਮ ਬਣ ਜਾਏਗਾ। ਤਿੰਨ ਛਿੱਕਾਂ ਕਿਸ ਨੇ ਮਾਰ ਦਿੱਤੀਆਂ ਜੀ ਕੋਈ ਯਾਦ ਕਰਦਾ ਹੈ, ਚਾਰ ਛਿੱਕਾਂ ਕਿਸ ਨੇ ਮਾਰ ਦਿੱਤੀਆਂ ਜੀ ਹੁਣ ਡਾਕਟਰ ਕੋਲ ਜਾ, ਜ਼ੁਕਾਮ ਲੱਗ ਗਿਆ ਹੈ। ਅਸਲ ਵਿੱਚ ਛਿੱਕ ਦਾ ਮਾੜੀ ਚੰਗੀ ਘਟਨਾ ਨਾਲ ਕੋਈ ਸੰਬੰਧ ਨਹੀਂ ਹੁੰਦਾ।ਇਹ ਤਾਂ ਚੰਗੀ ਚੀਜ਼ ਹੈ, ਸਾਡੇ ਸਰੀਰ ਦਾ ਧਞਡਞਨਸਵਿਞ ਅਚਟੋਨਿ ਹੈ। ਜਦੋਂ ਸਾਡੀ ਸਾਹ-ਨਲੀ ਵਿਚ ਕੋਈ ਧੂੜ-ਕਣ-ਮਿਟੀ ਚਲੀ ਜਾਂਦੀ ਹੈ ਤਾਂ ਸਾਡੇ ਸਰੀਰ ਵਿਚੋਂ ਇਕ ਤੇਜ਼ ਹਵਾ ਨਿਕਲਦੀ ਹੈ ਜੋ ਸਭ ਧੂੜ ਕਣ ਨੂੰ ਬਾਹਰ ਕੱਢ ਦੇਂਦੀ ਹੈ। ਸਾਨੂੰ ਸਾਹ ਸੌਖਾ ਆਣ ਲੱਗ ਪੈਂਦਾ ਹੈ। ਇਹ ਤਾਂ ਕੁਦਰਤੀ ਨਿਆਮਤ ਹੈ, ਸਾਡੇ ਲਈ ਬੜੀ ਕੀਮਤੀ ਚੀਜ਼ ਹੈ। ਸਾਨੂੰ ਸਾਹ ਸੌਖਾ ਆਣ ਲਗ ਪੈਂਦਾ ਹੈ। ਛਿੱਕਾਂ ਦਾ ਮਾੜੀ ਘਟਨਾ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ ਪੜ੍ਹ ਰਿਹਾ ਹਾਂ "ਨਿਰਭਉ" ਪਰ ਕਦੇ ਛਿਕਾਂ ਕੋਲੋਂ ਡਰ ਰਿਹਾ ਹਾਂ, ਕਦੇ ਕਿਸੇ ਦੀ ਬੁਰੀ ਨਜ਼ਰਾਂ ਤੋਂ ਡਰ ਰਿਹਾ ਹਾਂ, ਕਦੇ ਟੂਣੇ ਟਮਾਣੇ ਤੋਂ ਡਰ ਰਿਹਾ ਹਾਂ।

ਰੱਬ ਹੈ ਨਿਰਭਉ, ਤੇ ਜੇ ਰੱਬ ਨੂੰ ਮਿਲਣਾ ਹੈ, ਰੱਬ ਵਿਚ ਅਭੇਦ ਹੋਣਾ ਹੈ, ਰੱਬ ਬਣਨਾ ਹੈ ਤਾਂ ਜੇ ਰੱਬ ਨਿਰਭਉ ਹੈ ਤਾਂ ਮੈਨੂੰ ਵੀ ਨਿਰਭਉ ਬਣਨਾ ਹੈ, ਮੇਰੇ ਅੰਦਰ ਡਰ ਬਿਲਕੁਲ ਨਹੀਂ ਰਹਿਣਾ ਚਾਹੀਦਾ ਕਿਉਂਕਿ ਸਮਾਨ ਦਾ ਮੇਲ ਸਮਾਨ ਨਾਲ ਹੀ ਹੋ ਸਕਦਾ ਹੈ।

**ਨਿਰਭਉ ਜਪੈ ਸਗਲ ਭਉ ਮਿਟੈ॥ (293)**

ਸਗਲ ਅਰਥਾਤ ਸਾਰੇ ਹੀ।ਜਿਸ ਦਿਨ ਮਨੁੱਖ ਨਿਰਭਉ ਨਾਲ ਜੁੜ ਜਾਏਗਾ, ਉਸਦੇ ਸਾਰੇ ਡਰ ਮੁਕ ਜਾਣਗੇ, ਉਹ ਨਿਰਭਉ ਹੋ ਜਾਏਗਾ।

**ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ॥ (516)**

ਬੇਅੰਤ ਪ੍ਰਭੂ ਦੀ ਜੋਤਿ ਵਿਚ ਆਤਮਾ ਜੋੜਨ ਨਾਲ ਉਹ ਨਿਰਭਉ ਪ੍ਰਭੂ ਮਿਲ ਪੈਂਦਾ ਹੈ।

-0-

# ਮੱਧ ਦੀ ਅਰਦਾਸ

ਕੇਹਰ ਸਿੰਘ ਚੰਡੀਗੜ੍ਹ

ਕਾਨ੍ਹ ਸਿੰਘ ਨਾਭਾ ਲਿਖਤ ਮਹਾਨ ਕੋਸ ਵਿੱਚ ਅਖੰਡਪਾਠ ਵਾਰੇ ਪੰਨਾ ਨੰ 40 ਉਤੇ ਇਸ ਤਰ੍ਹਾਂ ਲਿਖਿਆ ਹੈ ਕਿ:-

ਅਖੰਡ ਪਾਠ. ਸੰਗਯਾ-ਉਹ ਪਾਠ, ਜੋ ਨਿਰੰਤਰ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਜੋ ਤੇਰਾਂ ਪਹਿਰ ਵਿੱਚ ਸਮਾਪਤ ਕੀਤਾ ਜਾਂਦਾ ਹੈ, ਚਾਰ ਅਥਵਾ ਪੰਜ ਪਾਠੀਏ ਯਥਾਕ੍ਰਮ (ਨੰਬਰ ਵਾਰ) ਬਦਲਦੇ ਰਹਿੰਦੇ ਹਨ, ਅਤੇ ਪਾਠ ਨਿਰੰਤਰ ਹੁੰਦਾ ਰਹਿੰਦਾ ਹੈ, ਪਾਠ ਦੀ ਇਹ ਰੀਤਿ ਪੰਥ ਵਿੱਚ ਬੁੱਢੇ ਦਲ ਨੇ ਚਲਾਈ ਹੈ, ਸਤਿਗੁਰਾਂ ਦੇ ਸਮੇਂ ਅਖੰਡਪਾਠ ਨਹੀਂ ਹੋਇਆ ਕਰਦਾ ਸੀ। ਬਹੁਤ ਲੋਕ ਦਿਨ ਰਾਤ ਅਖੰਡ ਦੀਵਾ ਮਚਾਂਉਦੇ ਹਨ, ਜਲ ਦਾ ਘੜਾ ਅਤੇ ਨਾਰਿਏਲ ਆਦਿਕ ਰਖਦੇ ਹਨ, ਪਰ ਇਹ ਮਰਯਾਦਾ ਆਰੰਭਕਾਂ ਤੋਂ ਨਹੀਂ ਚਲੀ।

ਮਹਾਨ ਕੋਸ਼ ਦੇ ਪੰਨਾ ਨੰਬਰ 947 ਉਤੇ ਮਧਿ ਬਾਰੇ ਇਸ ਤਰਾਂ ਲਿਖਿਆ ਹੈ :- ਮਧਿ. ਸੰ (ਸੰਗਿਆ) ਮ (ਮਧਯ), ਕ੍ਰਿ (ਕਿਰਿਆ) ਵਿ (ਵਿਚਕਾਰ)। ੨ ਵਿਚਲੇ ਸਮੇਂ ਵਿੱਚ **ਆਦਿ ਮਧਿ ਅੰਤਿ ਪ੍ਰਭੁ ਸੋਈ ਤਿਸੈ ਕੈ ਨੇਬੇੜਾ** (ਸਾਰ ਮ: ੫) ੩ ਵਿੱਚੋਂ **ਕੋਟਿ ਮਧਿ ਏਹੁ ਕੀਰਤਨੁ ਗਾਵੈ॥** (ਰਾਮ ਮ: ੫) ਕਰੋੜਾਂ ਵਿੱਚੋਂ ਕੋਈ ਮਧਿ ਭਾਗਿ ਮਧੜ ਭਾਗ ਮੇਂ। ੨



ਵਰਤਮਾਨ ਕਾਲ ਵਿੱਚ **ਮਧਿ ਭਾਗਿ ਹਰਿ ਪ੍ਰੇਮ ਰਸਾਇਣ॥ (1137)** (ਭੈਰਉ ਮ: ੫) ਸਪੱਸ਼ਟ ਹੈ ਕਿ ਮਧਿ ਦਾ ਅਰਥ ਵਿਚਕਾਰ, ਅੱਧ, ਹੈ।

ਆਓ ਹੁਣ ਅਖੰਡ ਪਾਠ ਕਰਦੇ ਸਮੇ ਕੀਤੀ ਜਾਦੀ ਮਧਿ ਦੀ ਅਰਦਾਸ ਬਾਰੇ ਸਮਝਣ ਦੀ ਕੋਸ਼ਿਸ਼ ਕਰੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 705 ਤੇ ਆਏ ਲਫਜ਼ ਮਧਿ ਦਾ ਹਵਾਲਾ ਦੇਕੇ ਸਿਖ ਮਧਿ ਦੀ ਅਰਦਾਸ ਕਰਦੇ ਹਨ। ਇਹ ਮੱਧ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਵਾਰ ਆਇਆ ਹੈ। ਪੰਨਾ ਨੰ 705 ਕਿਸੇ ਵੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੱਧ ਨਹੀਂ ਬਣਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ 1429 ਪੰਨੇ ਹਨ ਇਕ ਪੰਨਾ ਰਾਗਮਾਲਾ ਦਾ ਹੈ ਪਰ 705 ਪੰਨੇ ਤੇ ਕਿਸੇ ਵੀ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੱਧ ਨਹੀ ਬਣਦਾ ਪਰ ਸਾਡੇ ਅਖੰਡ ਪਾਠ ਕਰਨ ਵਾਲੇ ਪਾਠੀ ਸਿੰਘ ਮੱਧ ਦੀ ਅਰਦਾਸ ਕਰਨ ਲਈ ਸਵੇਰੇ ਹੀ ਦੇਗ ਬਣਾਕੇ ਉਸ ਪੰਨੇ ਤੇ ਪਾਠ ਪਹੁੰਚਣ ਦੀ ਉਡੀਕ ਕਰਨ ਲੱਗ ਜਾਦੇ ਹਨ। ਕਈ ਵਾਰ ਤਾਂ ਪਾਠ ਪਿਛੇ ਹੋਣ ਕਾਰਣ ਤੇਜ ਪੜਨ ਲਗ ਜਾਦਾਂ ਹੈ ਤੇ ਅਗਰ ਥੋੜਾ ਅਗੇ ਹੋਵੇ ਤਾਂ ਉਹ ਪਾਠ ਨੂੰ ਹੌਲੀ ਕਰਨ ਲਗ ਜਾਦਾਂ ਹੈ। ਜਿਹੜੇ ਵੀ ਪਾਠੀ ਸਿੰਘ ਮੱਧ ਦੀ ਅਰਦਾਸ ਕਰਦੇ ਹਨ ਕੀ ਉਹ ਦੱਸ ਸਕਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ ਪੰਨੇ 1429 ਹੋਣ ਦੇ ਬਾਵਜੂਦ (1429 ਇਸ ਕਰਕੇ ਕਿਉਂਕਿ ਰਾਗਮਾਲਾ ਗੁਰਬਾਣੀ ਨਹੀ ਹੈ ਤੇ ਮਰਿਆਦਾ ਵਿਚ ਇਸਦਾ ਜਿਕਰ ਹੈ) ਤੁਸੀਂ ਗੁਰੂ ਸਾਹਿਬ ਦੀ ਹਾਜਰੀ ਵਿਚ ਖੜ ਕੇ ਮੱਧ ਦੀ ਅਰਦਾਸ ਕਰ ਰਹੇ ਹੁੰਦੇ ਹੋ ਕੀ ਤੁਸੀਂ ਉਦੋਂ ਝੂਠ ਨਹੀਂ ਬੋਲ ਰਹੇ ਹੁੰਦੇ, ਗੁਰੂ ਸਾਹਿਬ ਤੋਂ ਤੁਹਾਨੂੰ ਡਰ ਨਹੀਂ ਲੱਗਦਾ। ਸਭ ਤੋਂ ਪਹਿਲਾਂ ਦੇਖੀਏ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਸੁਰੂ ਕੀਤਾ ਜਾਂਦਾ ਉਦੋਂ ਅਰਦਾਸ ਵਿੱਚ ਇਹ ਕਿਹਾ ਜਾਂਦਾ ਹੈ ਕਿ ਅਖੰਡ ਪਾਠ ਨੂੰ ਨਿਰਵਿਘਨਤਾ ਸਹਿਤ ਸੰਪੂਰਨ ਕੀਤਾ ਜਾਵੇ ਜੀ ਫਿਰ ਪਾਠੀ ਸਿੰਘਾਂ ਦੀ ਕੀ ਮਜਬੂਰੀ ਹੈ ਕਿ ਉਹ ਆਪਣੀ ਅਰਦਾਸ ਦੇ ਖਿਲਾਫ ਆਪ ਹੀ ਚਲਦੇ ਅਖੰਡ ਪਾਠ ਵਿਚ ਅਨੰਦ ਸਾਹਿਬ ਪੜਨ ਲੱਗ ਜਾਂਦੇ ਹਨ ਉਦੋ ਨਿਰਵਿਘਨਤਾ ਨਹੀ ਰਹਿੰਦੀ। ਜਦੋਂ ਕਿ ਪੰਥਕ ਰਹਿਤ ਮਰਿਆਦਾ ਦੇ ਪੰਨਾ ਨੰਬਰ 15 ਤੇ ਲਿਖਿਆ ਹੈ:-

ਸੰਗਤ ਵਿਚ ਇਕ ਵਕਤ ਇੱਕੋ ਗੱਲ ਹੋਣੀ ਚਾਹੀਦੀ ਹੈ ਕੀਰਤਨ ਜਾਂ ਕਥਾ ਵਖਿਆਨ ਜਾਂ ਪਾਠ। ਉਸ ਤੋਂ ਬਾਅਦ ਅਰਦਾਸ ਵੀ ਕਰਦੇ ਹਨ ਤੇ ਜੋ ਪੰਥਕ ਅਰਦਾਸ ਦਾ ਢੰਗ ਤਰੀਕਾ ਹੈ ਫਿਰ ਉਸ ਨੂੰ ਸੰਪੂਰਨ ਵੀ ਨਹੀਂ ਕਰਦੇ ਕਿਉਂਕਿ ਅਰਦਾਸ ਤੋਂ ਬਾਅਦ ਹੁਕਮਨਾਮਾ ਲਿਆ ਜਾਂਦਾ ਹੈ, ਪਰ ਜਦੋਂ ਮੱਧ ਦੀ ਅਰਦਾਸ ਕਰਦੇ ਹਨ ਉਦੋ ਅਰਦਾਸ ਕਰਕੇ ਹੁਕਮਨਾਮਾ ਨਹੀ ਲੈਂਦੇ।

ਦੂਜਾ ਜੇਕਰ ਮੱਧ ਸ਼ਬਦ ਦੇ ਅਰਥ ਗੁਰੂ ਗ੍ਰੰਥ ਸਾਹਿਬ ਦਾ ਅੱਧ ਹੈ ਫਿਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਵਾਰ ਇਹ ਮੱਧ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਪਰ ਇਥੇ ਮਧ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੱਧ ਨਹੀਂ ਹੈ ਇਹ ਤਾਂ ਪਰਮਾਤਮਾ ਨੂੰ ਹਰ ਸਮੇਂ ਦਰਸਾਉਣ ਲਈ ਆਦਿ **ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥(705)** ਲਿਖਿਆ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਂਈ ਇਹ ਸ਼ਬਦ ਆਇਆ ਹੈ ਓਥੇ ਕਿਉਂ ਨਹੀਂ ਅਰਦਾਸ ਕੀਤੀ ਜਾਂਦੀ ? ਆਓ ਇਸ ਤੁਕ ਨਾਲ ਮਿਲਦੀਆਂ ਜੁਲਦੀਆਂ ਤੁੱਕਾਂ ਦੇ ਅਰਥਾਂ ਬਾਰੇ ਵੀ ਦੇਖੀਏ ਕਿ ਉਥੇ ਮੱਧ ਸਬਦ ਦੇ ਕੀ ਅਰਥ ਹਨ:-

**1. ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥੨॥(102)**

ਅਰਥ:- ਆਰੰਭ, ਵਿਚਕਾਰ ਤੇ ਅਖੀਰ ਵਿੱਚ ਉਹੀ ਸਾਹਿਬ ਹੈ। ਕੋਈ ਹੋਰ ਮੈਨੂੰ ਨਜ਼ਰੀ ਨਹੀਂ ਪੈਦਾ।

**2. ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ॥(107)**

ਅਰਥ:- ਆਰੰਭ, ਅਖੀਰ ਅਤੇ ਵਿਚਕਾਰ, ਉਹ ਸੁਆਮੀ ਹੈ। ਕਿਸੇ ਹੋਰ ਨੂੰ ਮੈਂ ਆਪਣੇ ਲਾਗੇ ਨਹੀਂ ਲਾਉਂਦਾ।

**3. ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ॥੩॥(107)**

ਅਰਥ:- ਆਰੰਭ, ਅਖੀਰ ਅਤੇ ਵਿਚਕਾਰ, ਉਹ ਸੁਆਮੀ ਹੈ। ਕਿਸੇ ਹੋਰ ਨੂੰ ਮੈਂ ਆਪਣੇ ਲਾਗੇ ਨਹੀਂ ਲਾਉਂਦਾ।

**4. ਆਦਿ ਮਧਿ ਜੋ ਅੰਤਿ ਨਿਬਾਹੈ॥ਸੋ ਸਾਜਨੁ ਮੇਰਾ ਮਨੁ ਚਾਹੈ ॥੧॥(240)**

ਅਰਥ:- ਜੋ ਆਰੰਭ ਵਿਚਕਾਰ ਅਤੇ ਅਖੀਰ ਵਿੱਚ ਮੇਰਾ ਪੱਖ ਪੂਰਦਾ

ਹੈ, ਉਸ ਮਿਤ੍ਰ ਨੂੰ ਮੇਰੀ ਜਿੰਦੜੀ ਲੋੜਦੀ ਹੈ।

**5. ਆਦਿ ਮਧਿ ਅੰਤਿ ਨਿਰੰਕਾਰੰ॥ (250)**

ਅਰਥ:- ਆਕਾਰ-ਰਹਿਤ ਪੁਰਖ ਆਰੰਭ, ਵਿਚਕਾਰ ਅਤੇ ਅਖੀਰ ਵਿੱਚ ਹੈ।

**6. ਆਦਿ ਅੰਤਿ ਮਧਿ ਹੋਇ ਰਹਿਆ ਥੀਰ॥ (344)**

ਅਰਥ:- ਆਰੰਭ, ਅਖੀਰ ਅਤੇ ਵਿਚਕਾਰ ਵਿੱਚ ਸੁਆਮੀ ਪੱਕੀ ਤਰ੍ਹਾਂ ਸਥਿਰ ਹੋ ਰਿਹਾ ਹੈ।

**7. ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥ (454)**

ਆਰਥ:- ਆਰੰਭ, ਵਿਚਕਾਰ ਤੇ ਅਖੀਰ ਵਿੱਚ ਹੈ, ਉਹ ਸੋਹਣਾ ਤੇ ਵਿਸ਼ਾਲ ਸਾਹਿਬ, ਸੰਸਾਰ ਦਾ ਪਾਲਣ ਪੋਸਣਹਾਰ ਹੈ।

**8. ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ॥ (458)**

ਅਰਥ:- ਆਰੰਭ, ਅਖੀਰ ਅਤੇ ਵਿਚਕਾਰ ਉਹ ਸਾਹਿਬ ਹੀ ਹੈ।ਗੁਰਾਂ ਦੀ ਸਿਖਿਆ ਦੁਆਰਾ ਉਹ ਜਾਣਿਆ ਜਾਂਦਾ ਹੈ।

**9. ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ॥ (523)**

ਅਰਥ:- ਆਰੰਭ, ਵਿਚਕਾਰ ਅਤੇ ਅਖੀਰ ਵਿੱਚ ਸ਼੍ਰੋਮਣੀ ਸਾਹਿਬ ਨੇ ਮੇਰੀ ਰੱਖਿਆ ਕੀਤੀ ਹੈ।

**10. ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ॥ (548)**

ਅਰਥ:- ਸ਼ੁਰੂ, ਅਖੀਰ ਤੇ ਵਿਚਕਾਰ ਸੁਆਮੀ ਪਰੀਪੂਰਨ ਹੋ ਰਿਹਾ ਹੈ। ਸਮੂਹ ਜੀਵਾਂ ਦੇ ਸਾਰਿਆਂ ਦਿਲਾਂ ਵਿੱਚ ਉਹ ਰਮਿਆ ਹੋਇਆ ਹੈ।

**11. ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥ (705)**

ਅਰਥ:- ਪਰਮ ਪ੍ਰਭੂ ਆਰੰਭ ਵਿੱਚ ਵਿਆਪਕ ਹੈ, ਦਰਮਿਆਨ ਵਿੱਚ ਵਿਆਪਕ ਹੈ ਅਤੇ ਅਖੀਰ ਵਿੱਚ ਵਿਆਪਕ ਹੈ।

**12. ਆਦਿ ਮਧਿ ਅੰਤਿ ਪ੍ਰਭੁ ਸੋਈ॥ (760)**

ਅਰਥ:- ਆਰੰਭ, ਵਿਚਕਾਰ ਅਤੇ ਅਖੀਰ ਵਿੱਚ ਉਹ ਸੁਆਮੀ ਹੀ ਹੈ।

**13. ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ॥ (784)**

ਅਰਥ:- ਆਰੰਭ, ਵਿਚਕਾਰ ਅਤੇ ਅਖੀਰ ਵਿੱਚ ਸਾਈਂ ਵਿਆਪਕ ਹੋ ਰਿਹਾ ਹੈ।ਸਮੁੰਦਰ, ਧਰਤੀ ਅਤੇ ਆਕਾਸ਼ ਵਿੱਚ ਉਹ ਸਾਈਂ ਹੀ ਹੈ।

**14. ਤਿਸੁ ਬਿਨੁ ਦੂਜਾ ਅਵਰੁ ਨ ਕੋਊ॥ ਆਦਿ ਮਧਿ ਅੰਤਿ ਹੈ ਸੋਊ॥੧॥ (1001)**

ਅਰਥ:- ਉਸ ਦੇ ਬਾਝੋਂ ਹੋਰ ਦੂਸਰਾ ਕੋਈ ਨਹੀਂ।ਕੇਵਲ ਉਹ ਹੀ ਆਰੰਭ, ਵਿਚਕਾਰ ਅਤੇ ਅਖ਼ੀਰ ਵਿੱਚ ਹੈ।

**15. ਆਦਿ ਮਧਿ ਅੰਤਿ ਹੈ ਸੋਊ॥ (1001)**

ਅਰਥ :- ਕੇਵਲ ਉਹ ਆਰੰਭ, ਵਿਚਕਾਰ ਅਤੇ ਅਖ਼ੀਰ ਵਿੱਚ ਹੈ।

**16. ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ॥੫॥ (1017)**

ਅਰਥ:- ਉਚਾ, ਪਹੁੰਚ ਤੋਂ ਪਰੇ, ਅਥਾਹ ਅਤੇ ਮੁਕੰਮਲ ਹੈ ਮੇਰਾ ਸੁਆਮੀ; ਅਰੰਭ, ਵਿਚਕਾਰ ਅਤੇ ਅਖੀਰ ਦੇ ਵਿੱਚ ਵੀ ਹੈ।

**17. ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ॥੧੪॥ (1079)**

ਅਰਥ:- ਕੇਵਲ ਤੂੰ ਹੀ, ਹੇ ਸੁਆਮੀ ਆਰੰਭ, ਵਿਚਕਾਰ ਅਤੇ ਅਖ਼ੀਰ ਵਿੱਚ ਹੈਂ ਅਤੇ ਤੂੰ ਹੀ ਸਾਰੇ ਸੰਸਾਰ ਦਾ ਮੁੱਢ ਹੈ।

**18. ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨ ਬੁਝੀ ਭਰਮੰਗਨਾ॥੧੧॥ (1080)**

ਅਰਥ:- ਸੁਆਮੀ ਆਰੰਭ, ਵਿਚਕਾਰ ਅਤੇ ਅਖ਼ੀਰ ਵਿੱਚ ਰਮਿਆ ਹੋਇਆ ਹੈ।ਉਸ ਦੇ ਰਾਹੀਂ ਮੇਰੀ ਖ਼ਾਹਿਸ਼ ਅਤੇ ਸੰਦੇਹ ਨਵਿਰਤ ਹੋ ਗਏ ਹਨ।

**19. ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ॥੧੫॥ (1082)**

ਅਰਥ:- ਆਰੰਭ ਵਿਚਕਾਰ ਅਤੇ ਅਖ਼ੀਰ ਵਿੱਚ, ਕੇਵਲ ਉਹ ਸੁਆਮੀ ਹੀ ਹੈ।ਅਖ਼ੀਰੀ ਫ਼ੈਸਲਾ ਉਸੇ ਦੇ ਹੀ ਹੱਥ ਵਿੱਚ ਹੈ।

**20. ਆਦਿ ਅੰਤਿ ਮਧਿ ਪ੍ਰਭੁ ਸੋਈ॥ (1085)**

ਅਰਥ:- ਉਹ ਸਾਹਿਬ ਆਰੰਭ, ਦਰਮਿਆਨ ਅਤੇ ਅਖ਼ੀਰ ਵਿੱਚ ਹੈ।

**21. ਆਦਿ ਅੰਤਿ ਮਧਿ ਪ੍ਰਭੁ ਸੋਈ॥ (1085)**

ਅਰਥ:- ਉਹ ਸਾਹਿਬ ਆਰੰਭ, ਦਰਮਿਆਨ ਅਤੇ ਅਖ਼ੀਰ ਵਿੱਚ ਹੈ।

**22. ਆਦਿ ਮਧਿ ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ॥੨॥ (1215)**

ਅਰਥ:- ਉਹ ਸੁਆਮੀ ਆਰੰਭ ਵਿਚਕਾਰ ਅਤੇ ਅਖੀਰ ਵਿੱਚ ਹੈ।ਗੁਰੂ ਜੀ ਫੁਰਮਾਉਂਦੇ ਹਨ, ਉਸ ਸਾਹਿਬ ਦਾ ਸਿਮਰਨ (ਚੇਤੇ) ਸੱਚਾ ਹੈ।

ਸੋਚਣ ਵਾਲੀ ਗੱਲ ਹੈ ਕਿ ਸਿੱਖ ਕੌਮ ਕਿੱਧਰ ਨੂੰ ਜਾ ਰਹੀ ਹੈ ਇਹ ਸਭ ਕੁਝ ਪਾਠੀ ਸਿੰਘਾਂ ਦੀ ਅਗਿਆਨਤਾ ਕਾਰਣ ਹੋ ਰਿਹਾ ਹੈ ਜਾਂ ਮਾਇਆ ਦੇ ਕਾਰਣ ਹੋ ਰਹੀ ਹੈ।ਸੋ ਬੇਨਤੀ ਹੈ ਕਿ ਸਾਨੂੰ ਇਹ ਸਭ ਰੀਸੋ ਰੀਸੀ ਨਹੀ ਕਰਨਾ ਚਾਹੀਦਾ ਸਗੋ ਪਾਠੀ ਸਿੰਘ ਨੂੰ ਚੰਗੀ ਤਰਾਂ ਸਭ ਕੁਝ ਸੋਚ ਸਮਝ ਕੇ ਘੱਟੋ ਘੱਟ ਪੰਥਕ ਰਹਿਤ ਮਰਿਆਦਾ ਅਨੁਸਾਰ ਕਰਨਾ ਚਾਹੀਦਾ ਹੈ।

–0–

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ
'ਗੁਰਮਤਿ ਵਿਰਸਾ'



ਲੜੀਵਾਰ

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

## ਸ਼ਾਹਜ਼ਾਦਾ ਖੜਗ ਸਿੰਘ ਦਾ ਜਨਮ ਅਤੇ ਇਲਾਕਾ ਡਸਕਾ ਆਦਿ ਨੂੰ ਫ਼ਤਿਹ ਕਰਨਾ

ਸੰਨ 1802 ਦੇ ਆਰੰਭ ਵਿਚ ਸ਼ਾਹਜ਼ਾਦਾ ਖੜਗ ਸਿੰਘ ਦਾ ਜਨਮ ਮਹਾਰਾਣੀ ਰਾਜ ਕੌਰ (ਸਪੁੱਤਰੀ ਸ. ਖਜ਼ਾਨ ਸਿੰਘ ਨੱਕਈ) ਦੀ ਕੁੱਖ ਤੋਂ ਹੋਇਆ। ਇਸ ਸਮੇਂ ਸਾਰੇ ਦੇਸ਼ ਵਿਚ ਭਾਰੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਅਤੇ ਬੇਗਿਣਤ ਮਾਇਆ ਅਨਾਥਾਂ ਅਤੇ ਲੋੜਵੰਦਾਂ ਵਿਚ ਵੰਡੀ ਗਈ। ਲਾਹੌਰ ਦੇ ਹਰ ਸਿਪਾਹੀ ਨੂੰ ਇਕ ਕੈਂਠਾ ਦਿੱਤਾ ਗਿਆ। ਮਹਾਰਾਜਾ ਸਾਹਿਬ ਨੇ ਕਰਮ ਸਿੰਘ ਤੋਸ਼ਾਖਾਨੀਏ ਨੂੰ ਆਗਿਆ ਦੇ ਦਿੱਤੀ ਕਿ ਜੋ ਗਰੀਬ ਅਨਾਥ ਆਵੇ, ਉਸ ਨੂੰ ਨਿਹਾਲ ਕਰ ਦਿੱਤਾ ਜਾਏ। ਚਾਲੀ ਦਿਨਾਂ ਤੱਕ ਬਰਾਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਹੁੰਦੇ ਰਹੇ। ਚਾਲੀਵੇਂ ਦਿਨ ਆਖਰੀ ਭੋਗ ਦੀ ਸਮਾਪਤੀ ਪਰ ਭਾਈ ਰਾਮ ਸਿੰਘ ਜੀ ਨੇ ਨਾਂ ਰੱਖਣ ਦੀ ਮਰਯਾਦਾ ਪੂਰੀ ਕੀਤੀ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਅੱਖਰ ਪਰ ਸੰਗਤ ਦੀ ਆਗਿਆ ਅਨੁਸਾਰ ਸ਼ਾਹਜ਼ਾਦਾ ਦਾ ਨਾਂ ਖੜਗ ਸਿੰਘ ਰੱਖਿਆ ਅਤੇ ਭਾਈ ਰਾਮ ਸਿੰਘ ਉਸ ਦਾ ਆਧਿਆਪਕ ਨੀਯਤ ਕੀਤਾ ਗਿਆ।

ਇਨ੍ਹਾਂ ਦਿਨਾਂ ਵਿਚ ਖ਼ਬਰਾਂ ਆਈਆਂ ਕਿ ਇਲਾਕਾ ਡਸਕੇ ਦੇ ਕਿਲ੍ਹਦਾਰ ਨੇ ਮਾਮਲਾ ਨਹੀਂ ਤਾਰਿਆ ਤੇ ਉਹ ਅੱਗੇ ਤੋਂ ਵੀ ਤਾਰਨ ਤੋਂ ਨਾਂਹ ਕਰ ਬੈਠਾ ਹੈ। ਮਹਾਰਾਜਾ ਨੇ ਉਸੀ ਵਕਤ ਸਣੇ ਸ: ਫਤਹਿ ਸਿੰਘ ਆਹਲੂਵਾਲੀਏ ਦੇ ਡਸਕੇ ਵੱਲ ਕੂਚ ਕਰ ਦਿੱਤਾ ਤੇ ਇਕੋ ਹੱਲੇ ਵਿਚ ਕਿਲ੍ਹੇ ਨੂੰ ਫਤਹਿ ਕਰ ਲਿਆ। ਇਸ ਕਿਲ੍ਹੇ ਵਿਚ ਅੱਗੇ ਨੂੰ ਮਹਾਰਾਜਾ ਨੇ ਆਪਣੀ ਫੌਜ ਰੱਖਣੀ ਪ੍ਰਵਾਨ ਕੀਤੀ। ਆਪ ਲਾਹੌਰ ਪਰਤ ਆਇਆ।

ਲਾਹੌਰ ਪਹੁੰਚਦਿਆਂ ਅਜੇ ਬਹੁਤੇ ਦਿਨ ਨਹੀਂ ਸਨ ਬੀਤੇ ਕਿ ਫ਼ਰਿਆਦਾਂ ਪਹੁੰਚੀਆਂ ਕਿ ਪਿੰਡ ਭੱਟੀਆਂ ਦੇ ਜ਼ਿਮੀਂਦਾਰ ਤੇ ਕਰਮ ਸਿੰਘ ਦੁੱਲੂ ਦੇ ਪੁੱਤਰ ਜੱਸਾ ਸਿੰਘ ਭੰਗੀ ਨੇ ਇਲਾਕੇ ਦੀ ਪਰਜਾ ਉਤੇ ਅੱਤ ਦੇ ਜ਼ੁਲਮ ਕੀਤੇ ਹਨ। ਇਹ ਸਰਦਾਰ ਇਸ ਸਮੇਂ ਚਿਨੋਟ ਦੇ ਕਿਲ੍ਹੇ ਵਿਚ ਸੀ। ਮਹਾਰਾਜਾ ਆਪ ਇਕ ਦਸਤਾ ਫੌਜ ਨਾਲ ਲੈ ਕੇ ਉਧਰ ਨੂੰ ਵਧਿਆ ਅੱਗੋਂ ਜੱਸਾ ਸਿੰਘ ਨੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਲਏ। ਮਹਾਰਾਜੇ ਦੀ ਫੌਜ ਨੇ ਕਿਲ੍ਹੇ ਨੂੰ ਚਾਰੇ ਪਾਸੇ ਘੇਰ ਲਿਆ ਤੇ ਬਿਨਾਂ ਕਿਸੇ ਲੜਾਈ ਦੇ ਕਿਲ੍ਹਾ ਖਾਲੀ ਕਰਵਾ ਲਿਆ ਤੇ ਜੱਸਾ ਸਿੰਘ ਨੂੰ ਕਿਲ੍ਹੇ ਤੋਂ ਕੱਢ ਦਿੱਤਾ ਗਿਆ, ਪਰ ਉਸ ਨੂੰ ਗੁਜਾਰੇ ਲਈ ਹੋਰ ਜਾਗੀਰ ਬਖਸ਼ੀ।

ਮਹਾਰਾਜਾ ਸਾਹਿਬ ਅਜੇ ਇਥੇ ਹੀ ਸਨ ਕਿ ਖ਼ਬਰਾਂ ਪਹੁੰਚੀਆਂ ਕਿ ਨਜ਼ਾਮੁਦੀਨ ਕਸੂਰੀਏ ਨੇ ਇਲਾਕੇ ਤੋਂ ਬਹੁਤ ਸਾਰੇ ਜਹਾਦੀ ਪਠਾਣ ਇਕੱਠੇ ਕਰ ਲਏ ਹਨ ਅਤੇ ਉਸ ਦਾ ਇਰਾਦਾ ਲਾਹੌਰ ਦੇ ਇਲਾਕੇ ਵਿਚ ਲੁੱਟ-ਮਾਰ ਕਰਨ ਦਾ ਹੈ। ਮਹਾਰਾਜਾ ਅਜੇ ਤਿਆਰੀਆਂ ਵਿਚ ਹੀ ਸੀ ਕਿ ਉਪਰੋਂ ਰਿਪੋਰਟ ਆਈ ਕਿ ਸਰਕਾਰ ਦੇ ਇਲਾਕੇ ਦੇ ਦੋ ਪਿੰਡ ਵੀ ਲੁੱਟ ਲਏ ਗਏ ਹਨ। ਇਸ ਤਰ੍ਹਾਂ ਨਜ਼ਾਮੁਦੀਨ ਨੇ ਆਪਣਾ ਪਿਛਲਾ ਐਹਦਨਾਮਾ ਤੋੜ ਦਿੱਤਾ ਹੈ। ਮਹਾਰਾਜਾ ਨੇ ਸਣੇ ਸ: ਫਤਿਹ ਸਿੰਘ ਆਹਲੂਵਾਲੀਏ ਦੇ ਹੁਣ ਬਿਨਾਂ ਕਿਸੇ ਢਿੱਲ ਦੇ ਕਸੂਰ ਤੇ ਚੜ੍ਹਾਈ ਕਰ ਦਿੱਤੀ ਤੇ ਜਾਂਦੇ ਸਾਰ ਇਕ ਯੋਗ ਮੈਦਾਨ ਜੰਗ ਲਈ ਵੇਖ ਕ ਉਥੇ ਡੇਰੇ ਲਾ ਦਿੱਤੇ। ਪਠਾਣ ਮਹਾਰਾਜੇ ਦੇ ਆਉਣ ਤੋਂ ਪਹਿਲੇ ਆਪਣੇ ਵਲੋਂ ਚੰਗੀ ਤਰ੍ਹਾਂ ਦਮਦਮੇ ਅਤੇ ਮੋਰਚੇ ਤਿਆਰ ਕਰ ਚੁੱਕੇ ਸਨ। ਅਗਲੇ ਦਿਨ ਲੜਾਈ ਆਰੰਭ ਹੋਈ ਤੇ ਬੜੀ ਲਹੂ-ਡੋਲਵੀਂ ਲੜਾਈ ਹੋਈ। ਸ਼ੇਰਿ ਪੰਜਾਬ ਆਪ ਆਪਣੇ ਹੱਥ ਸੂਤੀ ਹੋਈ ਤਲਵਾਰ ਲਈ ਹੋਈ ਸ਼ੇਰ ਦੀ ਤਰ੍ਹਾਂ ਵੈਰੀ ਤੇ ਜਾ ਪੈਂਦਾ ਤੇ ਜੇ ਕੋਈ ਸਾਹਮਣੇ ਆਉਂਦਾ, ਉਸ ਨੂੰ ਸੰਸਾਰ ਤੋਂ ਪਾਰ ਕਰ ਦੇਂਦਾ।

ਪਠਾਣ ਇਸ ਲੜਾਈਵਿਚ ਬੜੀ ਹਿੰਮਤ ਨਾਲ ਖ਼ੂਬ ਦਿਲ ਖੋਲ੍ਹ ਕੇ ਲੜੇ, ਪਰ ਛੇਕੜ ਖ਼ਾਲਸੇ ਦੀ ਤਲਵਾਰ ਨੇ ਉਨ੍ਹਾਂ ਦਾ ਮੂੰਹ ਫੇਰ ਦਿੱਤਾ। ਗਾਜ਼ੀ ਮੈਦਾਨ ਤੋਂ ਨੱਸ ਕੇ ਕਿਲ੍ਹੇ ਵਿਚ ਜਾ ਵੜੇ ਅਤੇ ਫੇਰ ਗੋਲੀਆਂ ਮਾਰਨੀਆਂ ਆਰੰਭ ਕਰ ਦਿੱਤੀਆਂ। ਇਧਰੋਂ ਮਹਾਰਾਜਾ ਨੇ ਵੀ ਆਪਣੇ ਤੋਪਖਾਨੇ ਨੂੰ ਕਿਲ੍ਹੇ ਵੱਲ ਤੋਪਾਂ ਦੇ ਮੂੰਹ ਮੋੜਨ ਦਾ ਹੁਕਮ ਦਿੱਤਾ ਤੇ ਹੁਣ ਲੱਗੇ ਕਿਲ੍ਹੇ ਤੇ ਗੋਲੇ ਵਰਸਾਉਣ। ਬੱਸ ਫੇਰ ਕੀ ਸੀ, ਕਿਲ੍ਹੇ ਦੇ ਅੰਦਰ ਪਠਾਣਾਂ ਵਿਚ ਅਜਿਹੀ ਨਿਰਾਸ਼ਤਾ ਛਾਈ ਕਿ ਜਿਸ ਦੀ ਕੋਈ ਹੱਦ ਨਾ ਰਹੀ। ਹੁਣ ਨਜ਼ਾਮੁਦੀਨ ਨੇ ਆਪਣੇ ਆਪ ਨੂੰ ਸਭ ਪਾਸੇ ਤੋਂ ਖ਼ਤਰੇ ਵਿਚ ਡਿੱਠਾ ਤਾਂ ਸਫੈਦ ਝੰਡਾ ਹੱਥ ਵਿਚ ਲੈ ਕੇ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬੜੀ ਨਿਮਰਤਾ ਨਾਲ ਆਪਣੀ ਭੁੱਲ ਬਖਸ਼ਾਈ ਅਤੇ ਅੱਗੇ ਨੂੰ ਸਿੱਖ ਰਾਜਦਾ ਸਭ ਤਰ੍ਹਾਂ ਦਾ ਸ਼ੁਭ ਚਿੰਤਕ ਰਹਿਣ ਦਾ ਬਚਨ ਲਿਖ ਦਿੱਤਾ। ਇਸ ਲੜਾਈ ਦੇ ਸਾਰੇ ਖਰਚਾਂ ਤੋਂ ਛੁੱਟ ਇਕ ਭਾਰੀ ਰਕਮ ਦੰਡ ਦੇ ਤੌਰ ਤੇ ਉਸ ਤੋਂ ਲਈ ਗਈ। ਇਸ ਤਰ੍ਹਾਂ ਫ਼ਤਿਹਦਾ ਝੰਡਾ ਉਡਾਉਂਦਾ ਹੋਇਆ ਖ਼ਾਲਸਾ ਦਲ ਲਾਹੌਰ ਆ ਵੜਿਆ। ਇਸ ਲੜਾਈ ਵਿਚਸ: ਫਤਹਿ ਸਿੰਘ ਨੇ ਵੀ ਆਪਣੀ ਵੀਰਤਾ ਤੇ ਨਿਰਭੈਤਾ ਦਾ ਪੂਰੇ ਜੌਹਰ ਦੱਸੇ।

ਇਸ ਦੇ ਕੁਝ ਦਿਨਾਂ ਬਾਅਦ ਮਹਾਰਾਜਾ ਸਾਹਿਬ ਨੇ ਦੁਆਬੇ ਦੇ ਇਲਾਕੇ ਤੋਂ ਆਪਣਾ ਕਬਜ਼ਾ ਜਮਾਉਣ ਲਈ ਜਲੰਧਰ ਵੱਲ ਚੜ੍ਹਾਈ ਕੀਤੀ ਤੇ ਇਥੋਂ ਦੇ ਕਈ ਪਿੰਡਾਂ ਵਿਚ ਚੌਕੀਆਂ ਬਿਠਾ ਦਿੱਤੀਆਂ। ਫਗਵਾੜੇ ਦਾ ਇਲਾਕਾ ਫਤਹਿ ਕਰਕੇ ਸ: ਫਤਹਿ ਸਿੰਘ ਆਹਲੂਵਾਲੀਏ ਨੂੰ ਦੇ ਦਿੱਤਾ। ਇਥੋਂ ਕੂਚ ਕਰਕੇਸ: ਫਤਹਿ ਸਿੰਘ ਮਹਾਰਾਜਾ ਸਾਹਿਬ ਨੂੰ ਆਪਣੇ ਨਾਲ ਕਪੂਰਥਲੇ ਲੈ ਆਇਆ ਤੇ ਸੁਲਤਾਨਪੁਰ ਦੇ ਜੰਗਲ ਵਿਚ ਕਈ ਦਿਨ ਸ਼ਿਕਾਰ ਖੇਡਿਆ। ਇਥੋਂ ਇਲਾਕਾ ਕਾਂਗੜੇ ਤੋਂ ਨਜ਼ਰਾਨੇ ਲੈਂਦੇ ਹੋਏ ਲਾਹੌਰ ਵੱਲ ਕੂਚ ਕਰ ਦਿੱਤਾ। ਇਸ ਸਮੇਂ ਮਹਾਰਾਜਾ ਸਾਹਿਬ ਕਸੂਰ ਦੇ ਲਾਗੇ ਪਹੁੰਚੇ ਤਾਂ ਨਜ਼ਾਮੁਦੀਨ ਕਸੂਰੀਏ ਦੇ ਪਰਿਵਾਰ ਵਲੋਂ ਇਕ ਬੇਨਤੀ-ਪੱਤਰ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਪੁੱਜਾ। ਜਿਸ ਵਿਚ ਲਿਖਿਆ ਸੀ ਕਿ ਨਜ਼ਾਮੁਦੀਨ ਨੂੰ ਬੜੀ ਨਿਰਦਇਤਾ ਨਾਲ ਵਾਸਲ ਖ਼ਾਨ ਅਤੇ ਹਾਜੀ ਖ਼ਾਨ ਨੇ ਕਤਲ ਕਰ ਦਿੱਤਾ ਹੈ ਅਤੇ ਸਾਡਾ ਧਨ ਪਦਾਰਥ ਵੀ ਲੁੱਟਿਆ ਗਿਆ ਹੈ, ਜਿਸ ਵਿਚ ਕੁਤਬੁਦੀਨ ਵੀ ਅੰਦਰੋਂ ਸਾਡੇ ਵੈਰੀਆਂਨਾਲ ਮਿਲਿਆ ਹੋਇਆ ਹੈ, ਹੁਣ ਸ੍ਰੀ ਹਜ਼ੂਰ ਜੀ ਤੋਂ ਬਿਨਾਂ ਸਾਡੀ ਰੱਖਿਆ ਦੀ ਹੋਰ ਕੋਈ ਓਟ ਬਾਕੀ ਨਹੀਂ ਰਹੀ, ਸਾਡੇ ਤੇ ਦਇਆ ਕੀਤੀ ਜਾਏ। ਇਸ ਫ਼ਰਿਆਦ ਨੂੰ ਸੁਣ ਕੇ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਬੜੀ ਦਿਲ ਜਮੀ ਕਰਾਈ ਤੇ ਸਭ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ। ਉਧਰ ਉਸੇ ਸਮਾਂ ਕੂਚ ਕਰ ਰਹੀਆਂ ਫੌਜਾਂ ਨੂੰ ਹੁਕਮ ਦਿੱਤਾ ਕਿ ਏਥੇ ਹੀ ਡੇਰੇ ਲਾ ਦਿਓ ਤੇ ਕਸੂਰ ਨੂੰ ਚੌਵਲੀਓਂ ਘੇਰ ਲਵੋ। ਹੁਕਮ ਦੀ ਪਾਲਣਾ ਕੀਤੀ ਤੇ ਕਸੂਰ ਨੂੰ ਘੇਰੇ ਵਿਚ ਰੱਖ ਲਿਆ। ਕਸੂਰੀ ਪਠਾਣਾਂ ਨੂੰ ਜਦ ਖ਼ਾਲਸਾ ਫੌਜ ਦੇ ਪਹੁੰਚਣ ਦਾ ਪਤਾ ਲੱਗਾ ਤਾਂ ਪਹਿਲੇ ਉਹਨਾਂ ਨੇ ਲੜਨ ਦਾ ਇਰਾਦਾ ਕਰ ਲਿਆ ਪਰ ਇਕ ਦੋ ਸੰਗ੍ਰਾਮਾਂ ਦੇ ਬਾਅਦ ਜਿਨ੍ਹਾਂ ਵਿਚ ਵੈਰੀਆਂ ਦਾ ਭਾਰੀ ਨੁਕਸਾਨ ਹੋਇਆ ਝਬਦੇ ਹੀ ਉਨ੍ਹਾਂ ਦੀ ਹੋਸ਼ ਟਿਕਾਣੇ ਆ ਗਈ। ਹੁਣ ਕੁਤਬੁਦੀਨ ਖ਼ਾਨ ਸਣੇ ਆਪਣੇ ਸਹਾਇਕਾਂ ਦੇ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਜਾਨ-ਬਖ਼ਸ਼ੀ ਲਈ ਅਰਜ਼ੋਈ ਕੀਤੀ। ਸ਼ੇਰਿ ਪੰਜਾਬ ਨੇ ਨਜ਼ਾਮੁਦੀਨ ਦੇ ਹਤਿਆਰਿਆਂ ਨੂੰ ਹਵਾਲੇ ਕਰਨ ਦਾ ਉਸ ਨੂੰ ਹੁਕਮ

ਦਿੱਤਾ। ਇਸ ਸਮੇਂ ਕੁਤਬੁਦੀਨ ਨੇ ਮਹਾਰਾਜਾ ਸਾਹਿਬ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਤੇ ਉਸ ਦੀ ਜਾਨ ਬਖਸ਼ੀ ਕੀਤੀ ਗਈ। ਨਜ਼ਾਮੁਦੀਨ ਦੇ ਪੁੱਤਰਾਂ ਤੇ ਪਰਿਵਾਰ ਨੂੰ ਉਨ੍ਹਾਂ ਦਾ ਸਾਰਾ ਧੰਨ ਤੇ ਸਮਿਆਨ ਮੁੜ ਦਿਵਾ ਦਿੱਤਾ ਅਤੇ ਆਪਣੇ ਵਲੋਂ ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਜਾਗੀਰ ਬਖਸ਼ੀ ਤੇ ਆਪ ਲਾਹੌਰ ਵੱਲ ਪਰਤ ਆਏ।

### ਇਲਾਕਾ ਮੁਲਤਾਨ ਪਰ ਪਹਿਲੀ ਚੜ੍ਹਾਈ

ਮਹਾਰਾਜਾ ਰਣਜੀਤ ਸਿੰਘ ਦੀ ਸਾਜਨਾ ਰੱਬ ਵਲੋਂ ਐਸੀ ਸਾਜੀ ਗਈ ਸੀ ਕਿ ਭਾਵੇਂ ਕੋਈ ਵੀ ਕੰਮ ਕਿੰਨਾ ਕਠਿਨ ਅਤੇ ਅਸੰਭਵ ਕਿਉਂ ਨਾ ਹੋਵੇ, ਉਹ ਉਸ ਤੋਂ ਕਦੇ ਮੂੰਹ ਨਹੀਂ ਸੀ ਫੇਰਦਾ ਹੁੰਦਾ। ਉਹ ਥਕੇਵੇਂ ਤੇ ਭੁੱਖ ਪਿਆਸ ਦੀਆਂ ਔਕੜਾਂ ਨੂੰ ਮੂਲੋਂ ਚੇਤੇ ਹੀ ਨੀਂ ਸੀ ਲਿਆਉਂਦਾ, ਇਹੀ ਵੱਡਾ ਭੇਤ ਕਠਿਨ ਮੁਹਿੰਮਾਂ ਵਿਚ ਸਫਲਤਾਈਆਂਦਾ ਦਾ ਸੀ।

ਇਲਾਕਾ ਦੁਆਬਾ ਦੇ ਦੌਰੇ ਤੋਂ ਪਰਤ ਕੇ ਆਈਆਂ ਫੌਜਾਂ ਨੂੰ ਅਜੇ ਕੁਝ ਹੀ ਦਿਨ ਬੀਤੇ ਸਨ ਅਤੇ ਉਹਨਾਂ ਦਾ ਅਜੇ ਚੰਗੀ ਤਰ੍ਹਾਂ ਥਕੇਵਾਂ ਵੀ ਨਹੀਂ ਸੀ ਉਤਰਿਆ ਕਿ ਆਪ ਨੇ ਮੁੜ ਇਕ ਮੁਹਿੰਮ ਪਰ ਮੁਲਤਾਨ ਤੇ ਝੰਗ ਵੱਲ ਜਾਣ ਦਾ ਹਕਮ ਫੌਜਾਂ ਨੂੰ ਦੇ ਦਿੱਤਾ। ਇਸ ਪਰ ਘਨੱਯਾ ਲਾਲ ਲਿਖਦਾ ਹੈ ਕਿ ਮਹਾਰਾਜੇ ਦੇ ਏਸ ਹੁਕਮ ਮੂਹਰੇ ਸਾਰਿਆਂ ਸਰਦਾਰਾਂ ਨੇ ਸਿਰ ਝੁਕਾਇਆ, ਪਰ ਕੁਝ ਕੁ ਪੈਂਚਾਂ ਨੇ ਬੜੇ ਸਤਿਕਾਰ ਨਾਲ ਮਹਾਰਾਜੇ ਨੂੰ ਆਖਿਆ ਕਿ ਆਪ ਅਜੇ ਹੁਣੇ ਹੀ ਥੱਕੇ ਆਏ ਹੋ, ਜੇ ਕੋਈ ਦਿਨ ਆਰਾਮ ਕਰ ਲਵੋ ਤਾਂ ਚੰਗਾ ਹੋਵੇ ਤੇ ਫਿਰ ਲੜਾਈ ਲਈ ਕੂਚ ਕੀਤਾ ਜਾਏ। ਇਸ ਦਾ ਉਤਰ ਦੇਣ ਲਈ ਮਹਾਰਾਜੇ ਨੇ ਅਗਲੀ ਸਵੇਰ ਨੂੰ ਇਕ ਬੜਾ ਦਰਬਾਰ ਕੀਤਾ, ਜਿਸ ਵਿਚ ਉਥੋਂ ਦੀ ਸਾਰੀ ਫੌਜ ਤੇ ਮੁਲਕੀ ਕਰਮਚਾਰੀ ਵੀ ਹਾਜ਼ਰ ਸਨ। ਇਸ ਸਮੇਂ ਮਹਾਰਾਜਾ ਸਹਿਬ ਨੇ ਇਕ ਉਚੇ ਚਬੂਤਰੇ (ਥੜ੍ਹੇ) ਤੇ ਖੜੋ ਕੇ ਆਪਣੀ ਗਰਜਵੀਂ ਆਵਾਜ਼ ਨਾਲ ਸਾਰਿਆਂ ਨੂੰ ਦੱਸਿਆ ਕਿ ਮੈਨੂੰ ਆਰਾਮ ਕਰਨ ਲਈ ਕਿਹਾ ਗਿਆ ਹੈ, ਮੈਂ ਆਪ ਨੂੰ ਦੱਸਦਾ ਹਾਂ ਕਿ ਖ਼ਾਲਸੇ ਦਾ ਜਨਮ ਆਰਾਮ ਦੇ ਦਿਨ ਨਹੀਂ ਹੋਇਆ ਅਤੇ ਨਾ ਹੀ ਆਰਾਮ ਤੇ ਮੌਜਾਂ ਲਈ ਅਸੀਂ ਜਨਮੇਂ ਹਾਂ, ਅਸਾਂ ਸੰਸਾਰ ਤੇ ਰਹਿ ਕੇ ਇੰਨਾ ਕੁਝ ਕਰਨਾ ਹੈ ਜੋ ਆਰਾਮ ਕੀਤਿਆਂ ਪੂਰਾ ਨਹੀਂ ਹੋ ਸਕਦਾ, ਆਰਾਮ ਕੀ ਅਰ ਖ਼ਾਲਸਾ ਬਹਾਦਰ ਕੀ?ਖ਼ਾਲਸਾ ਸਦਾ ਕੰਮ ਕਰਦਿਆਂ ਹੀ ਸ਼ੋਭਦਾ ਹੈ, ਆਦਿ।

ਕਹਿੰਦੇ ਹਨ ਕਿ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਦਾ ਫੌਜ ਅਤੇ ਸਰਦਾਰਾਂ ਉਤੇ ਉਹ ਜਾਦੂ ਦਾ ਅਸਰ ਹੋਇਆ ਤੇ ਸਾਰਿਆਂ ਦੇ ਦਿਲਾਂ ਨੇ ਅਜਿਹੇ ਹੁਲਾਰੇ ਖਾਧੇ ਕਿ ਉਸ ਸਮੇਂ ਕੂਚ ਲਈ ਸਾਰਿਆਂ ਜੈਕਾਰੇ ਗਜਾਏ ਤੇ ਮੁਲਤਾਨ ਵੱਲ ਚਾਲੇ ਪਾ ਦਿੱਤੇ। ਕੁਝ ਦਿਨਾਂ ਦੇ ਬਾਅਦ ਇਹ ਫੌਜ ਸਣੇ ਮਹਾਰਾਜਾ ਦੇ ਨਵਾਬ ਮੁਲਤਾਨ ਦੀ ਹੱਦ ਵਿਚ ਜਾ ਵੜੀ। ਅੱਗੋਂ ਨਵਾਬ ਮੁਜ਼ੱਫਰ ਖ਼ਾਨ ਨੇ ਆਪਣਾ ਦੀਵਾਨ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜ ਕੇ ਅੱਗੇ ਲਈ ਖ਼ਾਲਸੇ ਦੀ ਅਨੁਸਾਰਤਾ ਮੰਨ ਲਈ। ਅਗਲੇ ਦਿਨ ਨਵਾਬ ਆਪ ਮਹਾਰਾਜਾ ਨੂੰ ਮੁਲਤਾਨ ਤੋਂ ਕੋਈ ਕੋਹ ਅੱਗੋਂ ਆ ਮਿਲਿਆ।ਮਹਾਰਾਜਾ ਨਵਾਬ ਨਾਲ ਬੜੀ ਕ੍ਰਿਪਾਲਤਾ ਨਾਲ ਪੇਸ਼ ਆਇਆ ਅਤੇ ਅੱਗੋਂ ਲਈ ਵਫ਼ਾਦਾਰੀ ਦਾ ਅਹਿਦ ਨਾਮਾ ਨਵਾਬ ਤੋਂ ਲਿਖਵਾ ਲਿਆ ਤੇ ਮਹਾਰਾਜਾ ਨਜ਼ਰਾਨਾ ਲੈ ਕੇ ਲਾਹੌਰ ਪਰਤ ਆਇਆ।

ਲਾਹੌਰ ਵਿਚ ਪਹੁੰਚ ਕੇ ਮਹਾਰਾਜਾ ਸਾਹਿਬ ਨੇ ਕਈ ਨਵੀਆਂ ਤੋਪਾਂ ਢਲਵਾਈਆਂ ਅਤੇ ਹੋਰ ਫੌਜ ਭਰਤੀ ਕੀਤੀ, ਜਿਸ ਨਾਲ ਮਹਾਰਾਜੇ ਦਾ ਬਲ ਹੋਰ ਵੀ ਵਧ ਗਿਆ।

### ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਣਾ

ਸੰ: 1802 ਦੇ ਛੇਕੜਲੇ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਤੋਂ ਖ਼ਬਰ ਆਈ ਕਿ ਭੰਗੀ ਤੇ ਰਾਮਗੜ੍ਹੀਆ ਮਿਸਲ ਦੇ ਸਰਦਾਰ ਤਿਆਰੀਆਂ ਕਰ ਰਹੇ ਹਨ ਕਿ ਮਹਾਰਾਜਾ ਨਾਲ ਮੁੜ ਇਕ ਵਾਰੀ ਬਲ ਪ੍ਰੀਖਿਆ ਕੀਤੀ ਜਾਏ। ਇਸ ਗੋਂਦ ਦੀ ਬਾਨੀ ਸਰਦਾਰਨੀ ਸੁਖਾਂ ਜੀ, ਸੁਪਤਨੀ ਸ. ਗੁਲਾਬ ਸਿੰਘ ਭੰਗੀ ਸੀ। ਮਹਾਰਾਜਾ ਨੇ ਜਦ ਇਸ ਖ਼ਬਰ ਦੀ ਪੜਤਾਲ ਕੀਤੀ ਤਾਂ ਇਹ ਗੱਲ ਠੀਕ ਸਿੱਧ ਹੋਈ। ਆਪ ਨੇ ਉਸੀ ਦਿਨ ਤੋਂ ਚੜ੍ਹਾਈ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਅਤੇ ਥੋੜ੍ਹੇ ਦਿਨਾਂ ਵਿਚ ਹੀ ਸਣੇ ਸ: ਫ਼ਤਹਿ ਸਿੰਘ ਆਹਲੂਵਾਲੀਆ ਅਤੇ ਸਰਦਾਰਨੀ ਸਦਾ ਕੌਰ ਦੇਸ੍ਰੀ ਅੰਮ੍ਰਿਤਸਰ ਵੱਲ ਵਧਿਆ, ਅਤੇ

ਭੰਗੀਆਂ ਦੀ ਸਹਾਇਤਾ ਲਈ ਰਾਮਗੜ੍ਹੀਏ ਸਰਦਾਰ ਠੀਕ ਸਮੇਂ ਸਿਰ ਨਾ ਪਹੁੰਚ ਸਕੇ, ਜਿਸ ਦੇ ਕਾਰਣ ਖੁਲ੍ਹੇ ਮੈਦਾਨ ਵਿਚ ਤਾਂ ਮਹਾਰਾਜਾ ਦਾ ਟਾਕਰਾ ਕੋਈ ਨਾ ਕਰ ਸਕਿਆ, ਹਾਂ ਸ਼ਹਿਰ ਦੇ ਦਰਵਾਜ਼ੇ ਬੰਦ ਕੀਤੇ ਗਏ ਤੇ ਫਸੀਲਾਂ ਤੇ ਤੋਪਾਂ ਚੜ੍ਹਾ ਕੇ ਭੰਗੀ ਮਿਸਲ ਵਲੋਂ ਸ਼ਹਿਰ ਨੂੰ ਬਚਾਉਣ ਲਈ ਲੱਗੇ ਗੋਲੇ ਚੱਲਣ। ਬਾਹਰੋਂ ਮਹਾਰਾਜੇ ਵਲੋਂ ਵੀ ਕੇਵਲ ਡਰਾਵੇ ਲਈ ਫੋਕੀਆਂ ਤੋਪਾਂ ਬਿਨਾਂ ਗੋਲਿਆਂ ਤੇ ਚਲਾਈਆਂ ਗਈਆਂ ਤਾਂ ਜੋ ਗੁਰੂ ਦੀ ਨਗਰੀ ਦੀ ਕੋਈ ਬੇਅਦਬੀ ਨਾ ਹੋਵੇ। ਅਜੇ ਇਹ ਟਾਕ-ਮਟੋਲਾ ਹੋ ਹੀ ਰਿਹਾ ਸੀ ਕਿ ਗੁਰੂ ਨਗਰੀ ਦੇ ਮੁਖੀਏ ਸਣੇ ਅਕਾਲੀ ਫੂਲਾ ਸਿੰਘ ਜੀ ਦੇ, ਦੋਹਾਂ ਫੌਜਾਂ ਵਿਚਾਲੇ ਹੋ ਖਲੋਤੇ ਅਤੇ ਲੜਾਈ ਨੂੰ ਬੰਦ ਕਰਵਾ ਦਿੱਤਾ। ਹੁਣ ਸਮਝੌਤੇ ਤੋਂ ਭੰਗੀਆਂ ਨੇ ਆਪਣਾ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਉਹਨਾਂ ਨੂੰ ਨਿਰਬਾਹ ਲਈ ਮਹਾਰਾਜਾ ਸਾਹਿਬ ਨੇ ਭਾਰੀ ਜਾਗੀਰ ਦਿੱਤੀ। ਇਉਂ ਦਸੰਬਰ 1802 ਨੂੰ ਸ਼ੇਰਿ ਪੰਜਾਬ ਨੇ ਗੁਰੂ ਦੀ ਨਗਰੀ ਨੂੰ ਖ਼ਾਲਸਾ ਰਾਜ ਨਾਲ ਸੰਬੰਧਤ ਕਰ ਲਿਆ। ਇਸ ਦੇ ਬਾਅਦ ਮਹਾਰਾਜਾ ਸਣੇ ਆਪਣੇ ਸਰਦਾਰਾਂ ਦੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਗਏ, ਪਹਿਲਾਂ ਪਾਵਨ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ੍ਰੀਹਰਿਮੰਦਰ ਸਾਹਿਬ ਦੇ ਟਹਿਲੇ ਲਈ ਭਾਰੀ ਰਕਮ ਅਰਦਾਸ ਕਰਵਾਈ। ਭੰਗੀਆਂ ਦੇ ਕਿਲ੍ਹੇ ਪਰ ਮਹਾਰਾਜੇ ਦਾ ਕਬਜ਼ਾ ਹੋ ਜਾਣ ਨਾਲ ਬਹੁਤ ਸਾਰੇ ਜੰਗੀ ਹਥਿਆਰ ਮਹਾਰਾਜੇ ਦੇ ਹੱਥ ਆਏ, ਜਿਨ੍ਹਾਂ ਵਿਚੋਂ ਪ੍ਰਸਿੱਧ ਭੰਗੀਆਂ ਦੀ ਤੋਪ ਜ਼ਮਜ਼ਮਾ ਵੀ ਸੀ।

### ਖ਼ਾਲਸਾ ਫ਼ੌਜ ਨੂੰ ਯੂਰਪ ਦੇ ਢੰਗ ਪਰ ਕਵੈਦ ਸਿਖਲਾਈ

ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਦੇ ਉਪਰੰਤ ਸੰਨ 1803 ਈ: ਦੇ ਆਰੰਭ ਵਿਚ ਸਭ ਤੋਂ ਪਹਿਲਾਂ ਕੰਮ, ਜੋ ਸ਼ੇਰਿ ਪੰਜਾਬ ਨੂੰ ਅਤਿ ਲੋੜੀਂਦਾ ਪ੍ਰਤੀਤ ਹੋਇਆ, ਉਹ ਇਹ ਸੀ ਕਿ ਖ਼ਾਲਸਾ ਦਲਾਂ ਨੂੰ ਸੰਪੂਰਨ ਮਰਯਾਦਾ ਅਨੁਸਾਰ ਯੂਰਪੀ ਫੌਜ ਦੀ ਤਰ੍ਹਾਂ ਕਵੈਦ ਦੱਸੀ ਜਾਏ, ਇਸ ਮੰਤਵ ਨੂੰ ਪੂਰਾ ਕਰਨ ਲਈ ਖ਼ਾਲਸਾ ਫੌਜਾਂ ਵਿਚੋਂ 25 ਚੋਣਵੇਂ ਜੁਆਨ ਲੁਕਵੇਂ ਢੰਗ ਨਾਲ ਈਸਟ ਇੰਡੀਆ ਕੰਪਨੀ ਦੇ ਇਲਾਕੇ ਵਿਚ ਭੇਜ ਦਿੱਤੇ ,ਜਿਹੜੇ ਜਾਂਦੇ ਹੀ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਏ ਤਾਂ ਜੋ ਉਹ ਚੰਗੀ ਤਰ੍ਹਾਂ ਕਵੈਦ ਸਿੱਖ ਕੇ ਮੁੜ ਇਥੇ ਆ ਜਾਣ ਤੇ ਖ਼ਾਲਸਾ ਫੌਜ ਨੂੰ ਉਸੇ ਤਰ੍ਹਾਂ ਸਿਖਾਉਣ। ਇਸ ਤਰ੍ਹਾਂ ਇਨ੍ਹਾਂ ਜੁਆਨਾਂ ਤੇ ਸਰਦਾਰਾਂ ਨੂੰ ਮਹਾਰਾਜੇ ਵਲੋਂ ਤਲਬ ਵੀ ਮਿਲਦੀ ਸੀ ਅਤੇ ਅੰਗਰੇਜ਼ੀ ਫੌਜ ਵਿਚੋਂ ਵੀ ਨੌਕਰੀ ਲੈਂਦੇ ਰਹੇ। ਕੁਝ ਸਮੇਂ ਬਾਅਦ ਇਹ ਜੁਆਨ ਇਸ ਕੰਮ ਵਿਚ ਚੰਗੀ ਤਰ੍ਹਾਂ ਨਿਪੁੰਨ ਹੋ ਕੇ ਹੋਰਨਾਂ ਨੂੰ ਕਵੈਦ ਸਿਖਾਉਣ ਦੇ ਯੋਗ ਹੋ ਗਏ, ਤਾਂ ਕਿਸੇ ਤਰ੍ਹਾਂ ਅੰਗਰੇਜ਼ੀ ਫੌਜ ਵਿਚੋਂ ਨਾਂ ਕਟਵਾ ਕੇ ਸਿੱਖ ਫੌਜਾਂ ਵਿਚ ਆ ਗਏ। ਇਹਨਾਂ ਜੁਆਨਾਂ ਨੇ ਕਈ ਸੌ ਹੋਰ ਪੂਰਬੀਏ ਚੰਗੇ ਕਵੈਦਦਾਨਾਂ ਨੂੰ ਵੱਡੀਆਂ ਤਲਬਾਂ ਦੇਣੀਆਂ ਪ੍ਰਵਾਨ ਕਰਕੇ ਆਪਣੇ ਨਾਲ ਲੈ ਆਂਦਾ। ਇਸ ਤਰ੍ਹਾਂ ਪਹਿਲੇ ਯੂਰਪੀ ਤਰੀਕੇ ਪਰ ਸਿੱਖ ਫੌਜ ਨੂੰ ਕਵੈਦ ਸਿਖਾਉਣ ਦਾ ਕੰਮ ਆਰੰਭ ਹੋਇਆ। ਮਹਾਰਾਜਾ ਸਾਹਿਬ ਆਪ ਹਰ ਸਵੇਰ ਇਹਨਾਂ ਦੀ ਕਵੈਦ ਵੇਖਣ ਜਾਂਦੇ ਅਤੇ ਜਿਹੜੀ ਜਿਹੜੀ ਰਜਮੈਂਟ ਆਪਣੇ ਕੰਮ ਵਿਚ ਵਧੇਰੇ ਉਨਤੀ ਕਰਦੀ ਦਿਸਦੀ, ਉਸ ਨੂੰ ਵੱਡੀਆਂ ਬਖਸ਼ੀਸ਼ਾਂ ਦਿੰਦੇ। ਇਸ ਉਤਸ਼ਾਹੀ ਵਰਤਾਵ ਦਾ ਸਿੱਟਾ ਇਹ ਨਿਕਲਿਆਂ ਕਿ ਛੇਤੀ ਹੀ ਬਹੁਤ ਸਾਰੀ ਪੈਦਲ ਫੌਜ, ਰਸਾਲੇ ਅਤੇ ਤੋਪਖਾਨੇ ਜ਼ਰੂਰੀ ਯੂਰਪੀ ਫੌਜ ਦੇ ਢੰਗ ਦੀ ਕਵਾਇਦ ਤੋਂ ਜਾਣੂੰ ਹੋ ਗਏ ਸਨ।

(...ਚਲਦਾ)

# ਮਤ ਕੋ ਭਰਮਿ ਭੁਲੈ ਸੰਸਾਰਿ
# ਗੁਰ ਬਿਨੁ ਕੋਇ ਨ ਉਤਰਸਿ ਪਾਰਿ

–ਗੁਰਤੇਜ ਸਿੰਘ

ਆਰ.ਐਸ.ਐਸ. ਦੇ ਗ਼ੁਲਾਮ ਬਾਦਲਾਂ ਦੇ ਗ਼ੁਲਾਮ 'ਜਥੇਦਾਰ' ਰਾਹੀਂ 2027 ਦੀਆਂ ਚੋਣਾਂ ਦੀ ਤਿਆਰੀ ਸਬੰਧੀ ਬੀ.ਜੇ.ਪੀ. ਦਾ ਗੜ-ਗੜ ਗੱਜਦਾ ਇੱਕ ਬਿਆਨ ਆਇਆ ਕਿ ਸਿੱਖ ਪ੍ਰਚਾਰਕ ਭਗਤਾਂ ਦੀ ਬਾਣੀ ਪ੍ਰਚਾਰਨ ਵੇਲੇ ਭਗਤਾਂ ਨੂੰ ਗੁਰੂ ਆਖ ਕੇ ਸੰਬੋਧਨ ਨਾ ਕਰਨ। ਗੰਭੀਰਤਾ ਨਾਲ ਵਿਚਾਰਿਆਂ ਇਹ ਸੁਨੇਹਾ ਬਿਲਕੁਲ ਤਰਕਸੰਗਤ ਅਤੇ ਨਿਰਦੋਸ਼ ਹੈ। ਪਰ 2027 ਦੀਆਂ ਚੋਣਾਂ ਨਾਲ ਰਲਗੱਡ ਹੋ ਕੇ ਇਹ ਬੇਹੱਦ ਧਮਾਕਾਖ਼ੇਜ਼ ਸਮੱਗਰੀ ਬਣ ਗਿਆ। ਭਗਤ ਰਵਿਦਾਸ ਦੇ ਬੇਸਮਝ ਚੇਲਿਆਂ ਨੇ ਏਸ ਉੱਤੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਅਤੇ ਕਈ ਸਭਾਵਾਂ ਆਦਿ ਵਿੱਚ 'ਜਥੇਦਾਰ' ਗੜਗੱਜ ਅਤੇ ਸਿੱਖ ਪੰਥ ਨੂੰ ਪਾਣੀ ਪੀ-ਪੀ ਕੇ ਕੋਸਿਆ। ਸਭ ਹੱਦਾਂ ਉਲੰਘ ਕੇ ਉਹ ਆਤਮਘਾਤੀ ਰਵੱਈਏ ਤੱਕ ਪਹੁੰਚ ਗਏ, ਜੋ ਕਿ ਉਹਨਾਂ ਦੇ ਇਕਲੌਤੇ ਖ਼ੈਰਖਾਹ ਖ਼ਾਲਸਾ ਪੰਥ ਨੂੰ ਬਹੁਤ ਦੁੱਖਦਾਈ ਲੱਗਦਾ ਹੈ। ਸੁਨੇਹੇ ਦਾ ਸਿਆਸੀ ਪੱਖ 26 ਜਨਵਰੀ 2025 ਨੂੰ ਪ੍ਰਤੱਖ ਉਜਾਗਰ ਹੋ ਗਿਆ ਜਦੋਂ ਬੀ.ਜੇ.ਪੀ. ਦੀ ਹਿੰਦ ਸਰਕਾਰ ਨੇ ਸੰਤ ਨਿਰੰਜਣ ਦਾਸ ਨੂੰ ਪਦਮ ਸ਼੍ਰੀ ਸਨਮਾਨ ਦਿੱਤਾ ਅਤੇ ਹਵਾਈ ਅੱਡੇ ਦੇ ਨਾਮਕਰਣ ਦੀਆਂ ਖ਼ਬਰਾਂ ਵੀ ਛਪ ਚੁੱਕੀਆਂ ਹਨ।

ਹੁਣ ਇਹ ਯਕੀਨ ਨਾਲ ਆਖਿਆ ਜਾ ਸਕਦਾ ਹੈ ਕਿ ਖ਼ਾਲਸਾ ਪੰਥ ਨੂੰ ਜੜ੍ਹੋਂ ਉਖੇੜਨ ਲਈ, ਆਦਿ ਗ਼ੁਲਾਮ ਬਾਦਲ ਦਲ ਵੱਲੋਂ ਸਰਕਾਰ ਦਾ ਰਾਹ ਪੱਧਰਾ ਕਰਨ ਲਈ ਇਹ ਹਰਬਾ ਵਰਤਿਆ ਜਾ ਰਿਹਾ ਹੈ। ਏਸ ਮਸਲੇ ਨੂੰ ਸਾਰੇ ਪਹਿਲੂਆਂ ਤੋਂ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ।

**ਧਾਰਮਕ ਪੱਖੋਂ:** ਸਿੱਖੀ ਵਿੱਚ ਗੁਰੂ ਦੇ ਚਾਰ ਸਰੂਪ ਹਨ। ਪਹਿਲਾ ਗੁਰੂ ਅਕਾਲਪੁਰਖ ਹੈ, ਦੂਜਾ ਗੁਰੂ ਨਾਨਕ (ਦਸੇ ਸਰੂਪ) ਤੀਜਾ ਗੁਰ ਗੁਰਬਾਣੀ ਅਥਵਾ ਗੁਰੂ ਗ੍ਰੰਥ ਹੈ ਅਤੇ ਚੌਥਾ ਸਰੂਪ ਸਾਧ ਸੰਗਤ। ਇਹ ਸਾਰੇ ਸਰੂਪ ਆਖ਼ਰੀ ਪੜਾਅ ਉੱਤੇ ਗੁਰੂ ਗ੍ਰੰਥ ਵਿੱਚ ਢਲ ਜਾਂਦੇ ਹਨ ਜਿਸ ਵਿੱਚ ਭਗਤ ਬਾਣੀ, ਭੱਟ ਬਾਣੀ ਆਦਿ ਸ਼ਾਮਲ ਹਨ। ਭਗਤਾਂ ਆਦਿ ਦੀ ਬਾਣੀ ਨੂੰ ਗੁਰੂ ਦੇ ਮੱਤ ਦਾ ਪ੍ਰਮਾਣ ਨਹੀਂ ਪ੍ਰਵਾਨ ਕੀਤਾ ਜਾ ਸਕਦਾ ਕਿਉਂ ਜੁ ਕਿਸੇ ਵੀ ਵਿਚਾਰ-ਪੱਧਤੀ ਅਨੁਸਾਰ ਕਿਸੇ ਹੋਰ ਦੇ ਸ਼ਬਦਾਂ ਨੂੰ ਕਿਸੇ ਦੂਜੇ ਦੇ ਮੱਤ ਦੀ ਵਿਆਖਿਆ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਪਰ ਸਤਿਕਾਰ ਕਰਨ ਵਿੱਚ ਭਿੰਨ-ਭੇਦ ਵਰਤਣਾ ਸਿੱਖੀ-ਵਿਰੋਧੀ ਕਾਰਵਾਈ ਹੈ ਕਿਉਂਕਿ ਸੱਚੇ ਸਾਹਿਬ ਦੇ ਆਪ ਸਤਿਕਾਰੇ ਦਾ ਤ੍ਰਿਸਕਾਰ ਕਰਨਾ ਗੁਰੂ ਤੋਂ ਬੇਮੁਖ ਹੋਣਾ ਹੈ। ਤਾਹੀਏਂ ਭਸੌੜੀਆਂ ਦੀ ਇੱਕ ਨਹੀਂ ਸੁਣੀ ਗਈ ਸੀ।

ਗੁਰੂ ਪ੍ਰੰਪਰਾ ਦੀ ਸੋਝੀ, ਗੁਰਬਾਣੀ ਅਤੇ ਗੁਰਮਤਿ ਸਾਹਿਤ ਅਨੁਸਾਰ, ਧਰਮਾਂ ਦੇ ਇਤਿਹਾਸ ਵਿੱਚ ਬਹੁਤ ਅਹਿਮੀਅਤ ਰੱਖਦੀ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਨਾਨਕ ਨੂੰ ਪਾਰਬ੍ਰਹਮ ਪ੍ਰਮੇਸ਼ਰ ਨੇ ਦਰਬਾਰ ਵਿੱਚ ਬੁਲਾ ਕੇ ਅੰਮ੍ਰਿਤ ਦਾ ਪਿਆਲਾ ਪੀਣ ਨੂੰ ਦਿੱਤਾ ਅਤੇ ਓਸ ਨੂੰ ਆਪਣੇ ਵਿੱਚ ਅਭੇਦ ਕਰਦਿਆਂ 'ਗੁਰੂ ਪ੍ਰਮੇਸ਼ਰ' ਦੀ ਪਦ-ਪਦਵੀ ਬਖ਼ਸ਼ੀ ਅਤੇ ਆਪਣੀ ਸਿਫਤ-ਸਲਾਹ ਦੀ ਕਾਰ ਬਖ਼ਸ਼ੀ। ਨਾਨਕ ਨੇ ਨਿਮਰਤਾ, ਅਤਿ ਦੀ ਆਜਜ਼ੀ ਨਾਲ **ਹਉ ਢਾਢੀ ਵੇਕਾਰੁ ਕਾਰੈ ਲਾਇਆ॥ (150)** ਆਖ ਕੇ ਆਪਣੀ ਨਿਯੁਕਤੀ ਨੂੰ ਪ੍ਰਵਾਨ ਕੀਤਾ।

ਪਾਰਬ੍ਰਹਮ ਨਾਨਕ ਨੇ ਇੱਕ ਜੀਵਨ ਵਿੱਚ ਆਪਣਾ ਗੁਰੂ-ਕਾਰਜ ਸੰਪੂਰਨ ਨਾ ਹੁੰਦਾ ਵੇਖ ਕੇ, ਆਪਣਾ ਰੂਪ ਵਟਾ ਕੇ, ਨੌਂ ਹੋਰ ਜਾਮੇ ਧਾਰਨ ਕੀਤੇ। ਨਵਾਂ ਜਾਮਾ ਧਾਰਨ ਦੇ ਪ੍ਰਤੀਕ ਵਜੋਂ ਓਸ ਨੇ ਆਪਣੇ ਨਵੇਂ ਸਰੂਪ ਨੂੰ ਮੱਥਾ ਟੇਕਿਆ ਅਤੇ ਆਪਣੇ-ਆਪ ਨੂੰ ਓਸ ਵਿੱਚ ਜਜ਼ਬ ਕਰ ਲਿਆ। ਸਰੀਰ ਦੀ ਏਸ ਮਰਿਆਦਾ ਰਾਹੀਂ ਅਸੀਂ ਸਿੱਖਾਂ ਨੇ ਦਸ ਮਹਿਲਾਂ ਦੇ 'ਦਰਸ ਨਿਹਾਰੇ'। ਦਸਾਂ ਦੀ ਭਿਣਕ ਸਾਨੂੰ ਛੇਵੇਂ ਮਹਿਲ ਸਮੇਂ ਹੀ ਪੈ ਗਈ ਸੀ। **ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥੪੮॥ (ਵਾਰ 1, ਭਾਈ ਗੁਰਦਾਸ)।** ਆਖ਼ਰ (ਮੇਰੇ ਬਜ਼ੁਰਗ) ਭਾਈ ਦਾਨ ਸਿੰਘ (ਦਾਦਾ) ਅਤੇ ਭਾਈ ਪਿਰਾਣਾਂ (ਨਾਨਾ) ਦੀਆਂ ਮੁਬਾਰਕ ਅੱਖਾਂ ਦੇ ਵੇਖਦਿਆਂ ਪਾਰਬ੍ਰਹਮ ਦਸਮੇਸ਼ ਨੇ ਗੁਰਗੱਦੀ, ਗੁਰੂ ਆਤਮਾ, "ਧੁਰ ਕੀ ਬਾਣੀ" ਗੁਰੂ ਗ੍ਰੰਥ ਸਾਹਿਬ ਨੂੰ ਓਸੇ ਵਿਧੀ ਅਨੁਸਾਰ, ਜਿਸ ਅਨੁਸਾਰ ਨੌਂ ਜਾਮਿਆਂ ਨੂੰ ਸੌਂਪੀ ਸੀ, ਸਦਾ ਲਈ ਸੌਂਪ ਦਿੱਤਾ। ਸਾਧ-ਸੰਗਤ ਨੂੰ ਏਹੀ ਗੁਰੂ ਪਦਵੀ 1699 ਵਿੱਚ, ਦਸਮੇਸ਼ ਨੇ ਪੰਜ ਪਿਆਰਿਆਂ ਰਾਹੀਂ ਓਸ ਵੇਲੇ ਸੌਂਪ ਦਿੱਤੀ ਸੀ, ਜਦੋਂ ਓਸ ਨੇ ਬੀਰ-ਆਸਣ ਹੋ ਕੇ ਹੈਰਾਨਕੁੰਨ ਆਜਜ਼ੀ ਨਾਲ ਪੰਜਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗੀ ਸੀ। ਨਾਨਕ ਨੂੰ ਪ੍ਰਾਪਤ ਹੋਏ ਅੰਮ੍ਰਿਤ ਦੇ ਪਿਆਲੇ ਦਾ ਦੁਨਿਆਵੀ ਸਫ਼ਰ ਏਸ ਮਰਹਲੇ ਉੱਤੇ ਆ ਕੇ ਸੰਪੂਰਨ ਹੋਇਆ। ਇਉਂ ਅਸੀਂ ਗੁਰੂ-ਸਰੂਪ ਦੀ ਪਛਾਣ ਕਰਨ ਜੋਗੇ ਹੋਏ।

ਏਸ ਸਾਰੀ ਪ੍ਰਕਿਰਿਆ ਵਿੱਚ ਭਗਤ ਰਵਿਦਾਸ ਦਾ ਕਿਧਰੇ ਜ਼ਿਕਰ ਨਹੀਂ; ਏਸ ਕਾਰਣ ਅਸੀਂ ਭਗਤ ਰਵਿਦਾਸ ਜਾਂ ਕਿਸੇ ਹੋਰ ਭਗਤ, ਭੱਟ, ਸ਼ੇਖ ਨੂੰ ਗੁਰੂ ਆਖ ਕੇ ਸੰਬੋਧਨ ਨਹੀਂ ਕਰ ਸਕਦੇ। ਇਹ ਡੂੰਘੀ ਅਧਿਆਤਮਕ ਰਮਜ਼ ਹਰ ਧਰਮ ਪਰਾਇਣ ਇਨਸਾਨ ਭਲੀ ਪ੍ਰਕਾਰ ਜਾਣਦਾ ਹੈ। ਓਸ ਮੁਬਾਰਕ ਮੰਡਲ ਵਿੱਚ ਕੋਈ ਜਗਿਆਸੂ ਏਸ ਸੋਝੀ ਤੋਂ ਵਿਰਵਾ ਨਹੀਂ। ਜੋ ਆਪਣੇ ਨਿੱਜੀ ਜਾਂ ਸਮਾਜੀ ਦਾਇਰੇ ਵਿੱਚ ਭਗਤ ਨੂੰ, ਬਿਨਾਂ ਕਿਸੇ ਅਧਿਆਤਮਕ ਪ੍ਰੰਪਰਾ ਦੀ ਪ੍ਰਵਾਨਗੀ ਦੇ, ਗੁਰੂ, ਅਵਤਾਰ, ਪੈਗ਼ੰਬਰ, ਵਲੀ-ਅੱਲਾਹ ਆਖ ਕੇ ਨਵੀਂ ਪਿਰਤ ਪਾਉਣ ਦੇ ਇੱਛੁਕ ਹਨ, ਉਹਨਾਂ ਨੂੰ ਰੋਕਣ, ਮਨ੍ਹਾ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਨਹੀਂ — ਠੀਕ ਉਵੇਂ, ਜਿਵੇਂ ਓਸ ਨੂੰ ਗੁਰੂ ਆਖਣ ਲਈ ਸਾਨੂੰ ਮਜਬੂਰ ਕਰਨ ਦਾ ਕਿਸੇ ਦਾ ਹੱਕ ਅਸੀਂ ਵੀ ਤਸਲੀਮ ਨਹੀਂ ਕਰਦੇ। ਇਹ ਨਿਰਣਾ ਸਭਨਾਂ ਦੇ ਸਾਈਂ ਦਾ ਹੈ, ਜੋ ਸਾਨੂੰ ਖਿੜੇ ਮੱਥੇ ਪ੍ਰਵਾਨ ਹੈ ਤੇ ਤੁਹਾਨੂੰ ਵੀ ਹੋਣਾ ਚਾਹੀਦਾ ਹੈ। ਵਿਵਾਦ ਬੇਲੋੜੇ ਹਨ।

ਏਸ ਵਿਵਾਦ ਦੇ ਸਿਆਸੀ ਪੱਖ ਦੇ ਕੁਝ ਹੋਰ ਵੀ ਪਹਿਲੂ ਹਨ। ਮਨੂੰ ਸਿਮ੍ਰਤੀ ਲਾਗੂ ਕਰਨ ਜਾ ਰਹੀ ਜਮਾਤ ਦੇ ਭੜਕਾਏ, ਉਹਨਾਂ ਦੀ ਗੋਦੀ ਵਿੱਚ ਬੈਠਣ ਦੇ ਚਾਅ ਵਾਲਿਆਂ ਨੂੰ ਸਮਝ ਲੈਣਾ ਜ਼ਰੂਰੀ ਹੈ ਕਿ ਮਾਂ ਨਾਲੋਂ ਹੇਜਲੀ ਫਫੇਕੁੱਟਣੀ ਹੁੰਦੀ ਹੈ। ਨਾਨਕ ਅਤੇ ਓਸ ਦੇ ਸਿੱਖਾਂ ਨੇ ਸਾਢੇ ਪੰਜ ਸਦੀਆਂ ਅਸਹਿ ਤਕਲੀਫ਼ਾਂ ਸਹਿ ਕੇ, ਲੱਖਾਂ ਸ਼ਹੀਦੀਆਂ ਦੇ ਕੇ ਇਹ ਜਹਾਜ਼ ਤਿਆਰ ਕੀਤਾ ਹੈ ਜਿਸ ਵਿੱਚ ਉਹਨਾਂ ਸੰਗਲਾਂ, ਬੇੜੀਆਂ **(ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥੧॥(329)** ਤੋਂ ਨਜਾਤ ਪਾ ਕੇ ਸ਼ਾਨਦਾਰ ਮੁਕਤ ਪੰਥ ਤਿਆਰ ਕੀਤਾ ਹੈ **(ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥ ਮਾਰੂ ਮ: 5, ਪੰਨਾ 1002)।** ਏਸ ਵਿੱਚ ਆਉਣ ਵਾਲਾ ਹਰ ਮਨੁੱਖ ਮੁਕਤ ਹੈ। ਜਿਨ੍ਹਾਂ ਜੱਟਾਂ ਨੂੰ ਲੋਕ 'ਉੱਚਾ' ਜਾਣ ਕੇ ਭੰਡਦੇ ਹਨ, ਇਹਨਾਂ ਨੇ ਬਾਕੀ ਸ਼ੂਦਰਾਂ ਵਾਂਗ ਹੁੰਦਿਆਂ ਹੀ ਹਜ਼ਾਰਾਂ ਸਾਲ ਦੀ ਗ਼ੁਲਾਮੀ ਅਤੇ ਜਲਾਲਤ ਨੂੰ ਹੰਢਾਇਆ। ਆਖ਼ਰ ਆਪਣੇ ਗੁਰੂ ਦੀ ਕਿਰਪਾ ਨਾਲ **(ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ**

**ਗੁਰ ਪਰਸਾਦੇ॥੫॥ (969)** ਇਉਂ ਵਗਾਹ ਕੇ ਮਾਰਿਆ ਹੈ ਜਿਵੇਂ ਭੁਜੰਗ ਆਪਣੀ ਕੁੰਜ ਨੂੰ ਲਾਹ ਕੇ ਸੁੱਟ ਦਿੰਦਾ ਹੈ। ਆਖ਼ਰੀ ਵਿਸ਼ਲੇਸ਼ਣ ਅਨੁਸਾਰ ਇਹ ਜਲਾਲਤਾਂ ਅਤੇ ਗ਼ੁਲਾਮੀਆਂ ਅਸੀਂ ਆਪਣੀ ਬੌਣੀ ਸੋਚ ਕਾਰਣ ਹੀ ਗਲ਼ ਨਾਲ ਲਾਉਂਦੇ ਹਾਂ। ਜਦੋਂ ਜੱਟਾਂ ਨੇ ਗੁਰੂ-ਉਪਦੇਸ਼ ਆਸਰੇ ਆਪਣੇ-ਆਪ ਨੂੰ ਹੀਣ ਸਮਝਣਾ ਬੰਦ ਕਰ ਦਿੱਤਾ, ਜਦੋਂ ਇਹਨਾਂ ਨੇ ਖੰਡੇ ਬਾਟੇ ਦੇ ਪੰਜ ਚੂਲਿਆਂ ਵਿੱਚ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਤਿਆਗ ਦਿੱਤੀ ਓਦੋਂ ਇਹ ਕੁੰਦਨ ਹੋ ਕੇ ਸਿਰਾਂ ਉੱਤੇ ਤਾਜ ਸਜਾ ਕੇ ਰਾਜੇ ਬਣ ਦੁਨੀਆਂ ਸਾਹਮਣੇ ਪਰਗਟ ਹੋਏ। ਨੂਰੀ ਚਿਹਰਿਆਂ ਵਾਲੇ, ਅਣਖਾਂ ਵਾਲੇ, ਭਰਮਾ-ਵਹਿਮਾਂ ਤੋਂ ਮੁਕਤ, ਗੁਰੂ ਦੇ ਲਾਲਾਂ ਨਾਲੋਂ ਵੀ ਵੱਧ ਗੁਰੂ ਦੇ ਪਿਆਰੇ ਬਣ ਇਹ ਅੱਜ ਵਿਚਰ ਰਹੇ ਹਨ। ਬਾਕੀ ਸਦੀਆਂ ਦੇ ਸਤਾਇਆਂ ਲਈ ਵੀ ਗੁਰੂ-ਉਪਦੇਸ਼ ਮਨ ਵਿੱਚ ਵਸਾ ਕੇ ਧਰਮਨਾਸ਼, ਕਰਮਨਾਸ਼, ਕਿਰਤਨਾਸ਼, ਕੁਲਨਾਸ਼, ਭਰਮਨਾਸ਼ ਖ਼ਾਲਸਾ ਬਣਨ ਦੇ ਚਾਰੇ ਦਰਵਾਜ਼ੇ ਖੁੱਲ੍ਹੇ ਹਨ। ਮਾਸੂਮ ਲੋਕਾਂ ਨੂੰ ਗੁੰਮਰਾਹ ਨਾ ਕਰੋ। ਆਗੂ ਸੱਚ ਉੱਤੇ ਪਹਿਰਾ ਦੇਵੇ ਤਾਂ ਪਿੱਛੇ ਲੱਗੇ ਤਰ ਜਾਂਦੇ ਹਨ। ਇਹ ਜਾਤ-ਪਾਤੀ ਮਾਨਸਿਕਤਾ ਸਿੱਖਾਂ ਦੀ ਨਹੀਂ, ਉਹਨਾਂ ਦੀ ਸਥਾਪਤ ਕੀਤੀ ਹੋਈ ਹੈ, ਜਿਨ੍ਹਾਂ ਦੀ ਗੋਦ ਤੁਹਾਨੂੰ ਮਾਮੂਲੀ ਅਤੇ ਵਕਤੀ ਲਾਲਚ ਅਧੀਨ ਸੁਖਦਾਈ ਜਾਪਦੀ ਹੈ। ਇਹ ਕੰਡਿਆਂ ਦੀ ਉਹ ਸੇਜ ਹੈ, ਜਿਸ ਨੇ ਬੇਕਿਰਕ ਹੋ ਕੇ ਸਾਡੇ ਪੁਰਖਿਆਂ ਦੇ ਸਰੀਰਾਂ ਵਿੱਚ ਸੌ-ਸੌ ਛੇਕ ਕਰ ਕੇ ਖ਼ੂਨ ਨਿਚੋੜਿਆ ਹੈ; ਜਿਸ ਨੇ ਸ਼ੰਭੂਕ ਵਰਗੇ ਸਾਧੂਆਂ ਨੂੰ ਤਹਿਤੇਗ ਕੀਤਾ ਹੈ; ਏਕਲਵਯ ਦੇ ਅੰਗੂਠਿਆਂ ਦੀ ਭੇਟ ਮੰਗੀ ਅਤੇ ਸਵੀਕਾਰ ਕੀਤੀ ਹੈ। ਤੁਸੀਂ ਜਿਸ ਸਨਮਾਨਯੋਗ ਭਗਤ ਨੂੰ ਗੁਰੂ ਆਖ ਕੇ ਸਤਿਕਾਰਨਾ ਚਾਹੁੰਦੇ ਹੋ ਓਸ ਦੇ ਹਮਰੁਤਬਾ ਮਹਾਤਮਾ ਦੀ ਇੱਕ ਸਿਖਿਆ ਤਾਂ ਯਾਦ ਰੱਖੋ **(ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥ (1292)**। ਚੀਤੇ ਦੇ ਛਿੰਬ ਕਦੇ ਨਹੀਂ ਬਦਲਣੇ। ਤੁਹਾਡਾ ਕਲਿਅਣ ਗੁਰੂ-ਬਚਨਾਂ ਉੱਤੇ ਡਟ ਕੇ ਪਹਿਰਾ ਦੇਣ ਨਾਲ ਹੋਵੇਗਾ। ਸਾਹਿਬਾਂ ਨੇ ਫ਼ੁਰਮਾਇਆ ਸੀ: "ਰੰਘਰੇਟੇ ਗੁਰੂ ਕੇ ਬੇਟੇ, ਰਹੋ ਪੰਥ ਕੇ ਸੰਗ ਅਮੇਟੇ।" ਨੀਤੀ ਨੂੰ ਹੱਥ ਮਾਰੋ, ਸਦਬੁੱਧੀ ਦਾ ਸਹਾਰਾ ਲਉ, ਕੁਹਾੜੀ ਦਾ ਬਾਹਾ ਨਾ ਬਣੋ 'ਪਾਣੀ ਸੰਗ ਪਾਣੀ' ਵਾਂਗ ਗੁਰੂ-ਪੰਥ ਵਿੱਚ ਜਜ਼ਬ ਹੋ ਜਾਉ।

ਸਦੀਆਂ ਦੇ ਪਾਲੇ ਡਰ-ਭੈਅ ਤਿਆਗ ਦਿਉ। ਜੇ ਤੁਸੀਂ ਬਹੁਗਿਣਤੀ ਵਿੱਚ ਹੋ ਤਾਂ ਰਾਜ ਤੁਹਾਡਾ ਹੀ ਹੋਣਾ ਹੈ। ਪਰਛਾਵਿਆਂ ਤੋਂ ਨਾ ਡਰੋ। ਸਾਰੇ ਰਾਹ ਖੁੱਲ੍ਹੇ ਹਨ। ਤੁਸੀਂ ਗੁਰੂ ਵੱਲ ਆਓ ਤਾਂ ਸਹੀ! **(ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥ ਕਬਿਤ 111, ਭਾਈ ਗੁਰਦਾਸ ਜੀ)**

ਜੱਕਾਂ-ਤੱਕਾਂ ਕਰਦੇ ਸ਼ੰਕਾਵਾਦੀਆਂ ਨੂੰ ਰਾਹ ਦੱਸਦੀਆਂ ਅਨੇਕ ਬਜ਼ੁਰਗਾਂ ਦੀਆਂ ਕਥਾਵਾਂ ਹਨ। ਇੱਕ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਬੀ.ਐਸ. ਮੂਰਤੀ (ਦਲਿਤ) ਨਹਿਰੂ ਦੀ ਵਜ਼ਾਰਤ ਵਿੱਚ ਜਹਾਜ਼ਰਾਨੀ ਦਾ ਕੇਂਦਰੀ ਮੰਤਰੀ ਸੀ। ਉਹ ਮੰਤਰੀ ਬਣ ਕੇ ਆਪਣੇ ਪਿੰਡ ਆਂਧਰਾ ਪ੍ਰਦੇਸ਼ ਗਿਆ ਤਾਂ ਉੱਚੀਆਂ ਜਾਤਾਂ ਵਾਲੇ ਓਸ ਦੇ ਸਾਹਮਣੇ ਵਿਛ ਗਏ। ਓਸ ਨੂੰ ਖਾਣੇ ਉੱਤੇ ਬੁਲਾਇਆ ਅਤੇ ਬੜੇ ਚਾਅ ਨਾਲ ਵਧੀਆ ਪਕਵਾਨ ਖਵਾਏ। ਬਾਹਰ ਆਇਆ ਤਾਂ ਹਨੇਰਾ ਹੋ ਚੁੱਕਾ ਸੀ। ਉਸ ਨੇ ਆਪਣੇ ਚਾਚੇ ਨੂੰ ਪਰਛਾਵੇਂ ਵਿੱਚ ਅਲੋਪ ਹੋਣ ਤੋਂ ਪਹਿਲਾਂ ਪਛਾਣ ਕੇ ਆਖਿਆ, 'ਚਾਚਾ ਜੇ ਆ ਗਿਆ ਸੀ ਤਾਂ ਅੰਦਰ ਹੀ ਆ ਜਾਣਾ ਸੀ।' ਓਸ ਬਜ਼ੁਰਗ ਦਾ ਜੁਆਬ ਸੀ: 'ਬੇਟਾ ਅਸੀਂ ਦਲਿਤ ਲੋਕ ਹਾਂ। ਸਾਨੂੰ ਕੌਣ ਅੰਦਰ ਵੜਨ ਦਿੰਦਾ ਹੈ।' ਓਸ ਨੇ ਪੁੱਛਿਆ, 'ਚਾਚਾ ਤੂੰ ਫੇਰ ਅਜਿਹੇ ਘਰ ਕਿਉਂ ਆਇਆ?' ਸੁੰਨ-ਸਦੀਆਂ ਦੀ ਹੀਣਤਾ ਵਿੱਚੋਂ ਉਪਜਿਆ ਚਾਚੇ ਦਾ ਜੁਆਬ ਸੀ: 'ਬੇਟਾ ਉਹ ਬਰਤਨ ਵਾਪਸ ਲੈਣ ਆਇਆ ਹਾਂ ਜਿਨ੍ਹਾਂ ਵਿੱਚ ਤੂੰ ਹੁਣੇ ਖਾਣਾ ਖਾ ਕੇ ਬਾਹਰ ਆਇਆ ਹੈਂ।' ਨੀਤੀਆਂ ਨੂੰ ਸਮਝੋ ਤੇ ਹੁਸ਼ਿਆਰ ਹੋ ਜਾਉ।

ਆਪਣੀ ਕਿਤਾਬ (Oppressed and Depressed) ਵਿੱਚ ਉਹ ਬੀਰੂ ਸਿੰਘ ਰੰਘਰੇਟੇ ਦੀ ਕਥਾ ਵੀ ਕਰਦਾ ਹੈ, ਜਿਸ ਦੀ ਮਿਸਲ ਦੇ ਇੱਕ ਹਜ਼ਾਰ ਸਿਪਾਹੀ ਦਲ ਖ਼ਾਲਸਾ ਦੇ ਨਾਲ ਸਨ ਅਤੇ ਹਰ ਥਾਂ ਉਹਨਾਂ ਨੂੰ ਪਹਿਲ ਮਿਲਦੀ ਸੀ — ਜੰਗ ਵਿੱਚ ਕਾਬੂ ਕੀਤੇ ਘੋੜਿਆਂ, ਮਾਲ-ਅਸਬਾਬ, ਲੰਗਰ-ਪਾਣੀ ਸਮੇਤ।

ਇਹ ਰੰਘਰੇਟਾ ਇੱਕ ਵਾਰ ਮੁਗ਼ਲਾਂ ਦੇ ਝਾਂਸੇ ਵਿੱਚ ਆ ਗਿਆ ਸੀ। ਉਹਨਾਂ ਨਾਲ ਮਿਲ ਗਿਆ ਸੀ। ਉਹਨਾਂ ਦਲ ਖ਼ਾਲਸਾ ਨੂੰ ਚਿੱਠੀ ਲਿਖੀ: 'ਤੁਹਾਡਾ ਵੱਡਾ ਸੂਰਮਾ, ਚੂਹੜਾ ਹੁਣ ਸਾਡੇ ਵੱਲ ਹੈ। ਅਗਲੀ ਜੰਗ ਵਿੱਚ ਤੁਹਾਡੇ ਓਸੇ ਤਰ੍ਹਾਂ ਆਹੂ ਲਾਹੇਗਾ ਜਿਵੇਂ ਕਦੇ ਸਾਡੇ ਲਾਹੁੰਦਾ ਸੀ। ਸਿੰਘਾਂ ਨੇ ਓਸ ਵੱਲ ਇੱਕ ਚਿੱਠੀ ਆਪਣੇ ਵੱਲੋਂ ਲਿਖੀ: 'ਅਸੀਂ ਗੁਰੂ ਦਾ ਸਿੰਘ ਜਾਣ ਕੇ ਤੇਰੇ ਨਾਲ ਪ੍ਰੀਤ ਪਾਈ ਸੀ। ਜੇ ਤੂੰ ਗੁਰੂ-ਸਰੋਵਰ ਦਾ ਓਹੀ ਵਡਹੰਸ ਹੈਂ ਤਾਂ ਤੇਰੀ ਥਾਂ ਸਾਡੇ ਵਿੱਚ ਹੈ। ਜੇ ਤੂੰ ਉਹ ਕੁਝ ਹੈਂ ਜੋ ਤੈਨੂੰ ਮੁਗ਼ਲ ਸਮਝਦੇ ਹਨ, ਤਾਂ ਟਿਕਿਆ ਰਹੁ। ਇਹਨਾਂ ਵਾਂਗੂੰ ਤੇਰੇ ਨਾਲ ਵੀ ਦੋ ਹੱਥ ਕਰ ਲਵਾਂਗੇ।' ਨਾਲ ਨੱਥੀ ਕਰ ਕੇ ਉਹਨਾਂ ਨੇ ਮੁਗ਼ਲਾਂ ਦੀ ਚਿੱਠੀ ਵੀ ਭੇਜ ਦਿੱਤੀ ਸੀ। ਪੜ੍ਹਦਿਆਂ ਸਾਰ ਹੀ ਉਹ ਮਿਸਲ ਸਮੇਤ ਰਕਾਬ ਉੱਤੇ ਪੈਰ ਧਰ ਕੇ ਖ਼ਾਲਸੇ ਦੇ ਖੇਮੇ ਵਿੱਚ ਝੱਟ ਆ ਗਿਆ ਅਤੇ ਵੱਡੇ ਮਾਣ-ਸਤਿਕਾਰ ਦਾ ਹੱਕਦਾਰ ਬਣਿਆ।

ਭਗਤ ਦੇ ਭਗਤਾਂ ਨਾਲ ਇੱਕ ਹੋਰ ਗੱਲ ਵੀ ਕਰਨੀ ਰਹਿੰਦੀ ਹੈ। ਗੁਰੂ ਗ੍ਰੰਥ ਸੰਸਾਰ ਸਾਗਰ ਤੋਂ ਸਹਿਲਾ ਤਰ ਜਾਣ ਦਾ ਜਹਾਜ਼ ਹੈ; ਸਭ ਦੁੱਖ ਹਰਨ ਵਾਲੀ ਬਾਣੀ ਦਾ ਸਦੀਵੀ ਸੋਮਾ ਹੈ ਪਰ ਨਾਲੋ-ਨਾਲ ਸੱਚੇ ਦਾ ਸਾਜਿਆ ਸੱਚਾ ਤਖ਼ਤ ਹੈ। ਭਗਤ ਰਵਿਦਾਸ ਨੂੰ ਸਮਦਰਸ਼ੀ ਨਾਨਕ ਨੇ ਏਸ ਜੁਗੋ ਜੁਗ ਅਟੱਲ ਤਖ਼ਤ ਉੱਤੇ ਖ਼ੁਦ ਬਿਰਾਜਮਾਨ ਕੀਤਾ ਹੈ। ਓਸ ਨੂੰ ਭੁੰਜੇ ਲਾਹ ਕੇ ਕੀ ਖੱਟੋਗੇ। ਕੀ ਤੁਸੀਂ ਲਾਹੁਣ ਜੋਗ ਹੋ ਵੀ? ਪਾਣੀ ਵਿੱਚੋਂ ਪਾਣੀ ਕੱਢਣ ਦੀ ਕਿਹੜੀ ਤਰਕੀਬ ਤੁਹਾਡੇ ਹੱਥ ਲੱਗੀ ਹੈ? ਗੁਰੂ ਗ੍ਰੰਥ ਤਾਂ ਗਿਆਨ ਦਾ ਸੂਰਜ ਹੈ। ਕਿਸ ਵਿਧੀ ਨਾਲ ਏਸ ਦੀਆਂ ਕਿਰਨਾਂ ਵਿੱਚੋਂ ਨਖੇੜ ਕੇ ਇੱਕ ਕਿਰਨ ਨੂੰ ਬਾਹਰ ਕੱਢੋਗੇ? ਕਿਸ ਅਧਿਕਾਰ ਨਾਲ? ਸਭ ਤੋਂ ਪਹਿਲਾਂ ਭਗਤ ਹੁਰਾਂ ਨੂੰ ਹੀ ਪੁੱਛ ਵੇਖੋ ਕਿ ਉਹ ਓਥੇ ਹਨ ਵੀ? **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ ਸੋਰਠਿ ਭਗਤ ਰਵਿਦਾਸ, ਪੰਨਾ 657)** ਇਹ ਤਖ਼ਤ ਜੁਗੋ ਜੁਗ ਅਟੱਲ ਹੈ। ਏਸ ਵਿੱਚ ਵਾਧਾ-ਘਾਟਾ ਕੋਈ ਨਹੀਂ ਕਰ ਸਕਦਾ। ਤੁਸੀਂ ਜੋ ਮੱਥਾ ਮਾਰਨਾ ਹੈ ਮਾਰ ਵੇਖੋ।

ਹੁਣ ਆਖ਼ਰੀ ਗੱਲ ਵੱਡੇ ਵਿਵਾਦੀਆਂ ਨਾਲ। ਜਾਤ-ਪਾਤ ਦੇ ਬੰਧਨ ਤੋੜਨ ਲਈ ਪੀੜਤਾਂ ਦਾ ਵੱਡਾ ਕਾਫ਼ਲਾ ਬਣਨਾ ਜ਼ਰੂਰੀ ਹੈ। ਖ਼ਾਲਸਾ ਪੰਥ, ਪਰਉਪਕਾਰ ਹਿਤ ਏਸ ਨੂੰ ਸਜਾਉਣ ਲਈ ਸਦੀਆਂ ਤੋਂ ਘਾਲਣਾ ਘਾਲ ਰਿਹਾ ਹੈ। ਤੁਸੀਂ ਏਸ ਦਾ ਸਾਥ ਦੇ ਕੇ ਸਦੀਆਂ ਤੋਂ ਜ਼ੁਲਮ ਸਹਿੰਦੇ ਕਰੋੜਾਂ ਲੋਕਾਂ ਨੂੰ ਜਲਾਲਤ ਵਿੱਚੋਂ ਕੱਢ ਸਕਦੇ ਹੋ। ਜੇ ਏਸ ਮਸਲੇ ਨੂੰ ਇਉਂ ਨਹੀ ਸਮਝ ਸਕਦੇ ਤਾਂ ਬੈਠੋ ਜਿੱਥੇ ਤੁਹਾਡੀ ਹੋਣੀ ਤੁਹਾਨੂੰ ਲੈ ਕੇ ਜਾ ਰਹੀ ਹੈ। ਗੁਰੂ ਕੀਆਂ ਫ਼ੌਜਾਂ ਦਾ ਸਫ਼ਰ ਜ਼ਰਾ ਹੋਰ ਲੰਮਾ ਹੋ ਜਾਵੇਗਾ, ਦਰਦ ਨਾਲ ਕੁਰਲਾਉਂਦੇ ਲੋਕਾਂ ਦੀਆਂ ਦੁਸ਼ਵਾਰੀਆਂ ਦੀ ਉਮਰ ਵਧ ਜਾਵੇਗੀ ਪਰ ਗੁਰੂ-ਪੰਥ ਦਾ ਕਾਫ਼ਲਾ ਏਵੇਂ ਚੱਲਦਾ ਰਹੇਗਾ। ਇਹ ਪਰਉਪਕਾਰ ਦਾ ਰਾਹ ਸਾਡਾ ਧਰਮ ਹੈ, ਅਕਾਲਪੁਰਖ ਦੀ ਸੇਵਾ ਹੈ; ਅਸੀਂ ਪੱਧਰੇ ਰਾਹ ਚੱਲਦੇ ਰਹਾਂਗੇ। **(ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ॥ ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ॥ (1410)** ਕਦੇ ਸਮਝ ਆ ਜਾਵੇ ਤਾਂ ਆ ਮਿਲਿਓ। ਅਸੀਂ ਪਲਕਾਂ ਵਿਛਾ ਕੇ ਖੜ੍ਹੇ, ਉਡੀਕਦੇ ਮਿਲਾਂਗੇ। ਜਿਉਂਦੇ ਵੱਸਦੇ ਰਹੋ! ਅੱਜ ਲਈ ਗੁਰ ਫ਼ਤਹਿ!


-0-




-ਜੋਧ ਸਿੰਘ ਮੋਗਾ ਸੰਪਰਕ : 62802-58057

# ਛੋਟਾ ਅਧਿਆਪਕ ਡਿਕਸ਼ਨਰੀ

ਬੱਚਿਓ! ਤੁਸੀਂ ਸਕੂਲ ਦੀ ਲਾਇਬ੍ਰੇਰੀ ਜਾਂਦੇ ਹੋਵੋਗੇ, ਅਖ਼ਬਾਰ ਦੇਖਦੇ ਹੋਵੋਗੇ, ਕਹਾਣੀਆਂ ਦੀ ਕਿਤਾਬ ਜਾਂ ਬੱਚਿਆਂ ਦਾ ਮੈਗਜ਼ੀਨ ਤਾਂ ਜ਼ਰੂਰ ਹੀ ਪੜ੍ਹਦੇ ਹੋਵੋਗੇ। ਪੜ੍ਹਦੇ ਪੜ੍ਹਦੇ ਕਈ ਵਾਰ ਕੋਈ ਅਜਿਹਾ ਸ਼ਬਦ ਵੀ ਆ ਜਾਂਦਾ ਹੈ ਜਿਸਦੇ ਅਰਥ ਤੁਹਾਨੂੰ ਨਹੀਂ ਆਉਂਦੇ ਤਾਂ ਤੁਸੀਂ ਕੀ ਕਰਦੇ ਹੋ? ਤੁਸੀਂ ਆਪਣੇ ਅਧਿਆਪਕ ਕੋਲ ਜਾਂਦੇ ਹੋਵੋਗੇ ਅਤੇ ਉਸ ਸ਼ਬਦ ਦਾ ਅਰਥ ਪੁੱਛ ਲੈਂਦੇ ਹੋਵੋਗੇ, ਪਰ ਕਈ ਵਾਰ ਅਧਿਆਪਕ ਨਹੀਂ ਵੀ ਮਿਲਦੇ ਤਾਂ ਅਰਥ ਪਤਾ ਨਹੀਂ ਲੱਗਦੇ। ਦੇਖੋ, ਇਕ ਛੋਟਾ ਜਿਹਾ ਅਧਿਆਪਕ ਹੈ ਜੋ ਸਦਾ ਤੁਹਾਡੇ ਨਾਲ ਰਹਿ ਸਕਦਾ ਹੈ। ਉਹ ਤੁਹਾਡੇ ਔਖੇ ਸ਼ਬਦਾਂ ਦੇ ਅਰਥ ਝਟ ਦੱਸ ਦੇਵੇਗਾ। ਉਹ ਛੋਟਾ ਅਧਿਆਪਕ ਹੋ ਸਕਦਾ ਹੈ ਤੁਹਾਡੀ ਡਿਕਸ਼ਨਰੀ।




ਅੰਗਰੇਜ਼ੀ ਵਿਚ ਇਸ ਦਾ ਨਾਂ 'ਡਿਕਸ਼ਨਰੀ' ਹੈ, ਪੰਜਾਬੀ ਅਤੇ ਹਿੰਦੀ ਵਿਚ ਇਸਨੂੰ ਸ਼ਬਦ ਕੋਸ਼ ਆਖਦੇ ਹਨ। ਜੇ ਤੁਸੀਂ ਇਸਨੂੰ ਸਦਾ ਆਪਣੇ ਨਾਲ ਰੱਖਣਾ ਹੈ ਤਾਂ ਆਪਣੇ ਬੈਗ ਦੀ ਕਿਸੇ ਜੇਬ ਵਿਚ ਪਾ ਕੇ ਰੱਖੋ। ਡਿਕਸ਼ਨਰੀ ਰੱਖਣ ਵਾਲੇ ਬੱਚੇ ਹੁਸ਼ਿਆਰ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਸ਼ਬਦ ਭੰਡਾਰ ਵੱਡਾ ਹੋ ਜਾਂਦਾ ਹੈ।

ਡਿਕਸ਼ਨਰੀ ਕਈ ਤਰ੍ਹਾਂ ਦੀ ਹੁੰਦੀ ਹੈ। ਅੰਗਰੇਜ਼ੀ ਤੋਂ ਪੰਜਾਬੀ ਜਾਂ ਹਿੰਦੀ। ਪੰਜਾਬੀ ਤੋਂ ਅੰਗਰੇਜ਼ੀ, ਅੰਗਰੇਜ਼ੀ ਤੋਂ ਸੌਖੀ ਅੰਗਰੇਜ਼ੀ ਅਤੇ ਪੰਜਾਬੀ ਤੋਂ ਸੌਖੀ ਪੰਜਾਬੀ। ਪੰਜਾਬੀ ਦੀ ਸਭ ਤੋਂ ਵੱਡੀ ਡਿਕਸ਼ਨਰੀ ਭਾਈ ਕਾਹਨ ਸਿੰਘ ਦੀ 'ਮਹਾਨ ਕੋਸ਼' ਹੈ। ਤੁਹਾਨੂੰ ਤਾਂ ਅਜੇ ਬਹੁਤ ਛੋਟੀ ਦੀ ਲੋੜ ਹੈ। ਵੱਡੀਆਂ ਸ਼੍ਰੇਣੀਆਂ ਵਿਚ ਵੱਡੀ ਦੀ ਲੋੜ ਪਏਗੀ। ਕਿਸੇ ਡਿਕਸ਼ਨਰੀ ਵਿਚ ਸ਼ਬਦਾਂ ਨਾਲ ਲੋੜ ਅਨੁਸਾਰ ਚਿੱਤਰ ਵੀ ਦਿੱਤੇ ਹੁੰਦੇ ਹਨ।

ਡਿਕਸ਼ਨਰੀ ਨੂੰ ਵਰਤਣਾ ਅਤੇ ਔਖੇ ਸ਼ਬਦਾਂ ਦੇ ਅਰਥ ਲੱਭਣਾ ਬਹੁਤ ਸੌਖਾ ਕੰਮ ਹੈ। ਤੁਹਾਡੇ ਅਧਿਆਪਕ ਅਤੇ ਮਾਤਾ ਪਿਤਾ ਇਸਦੀ ਵਰਤੋਂ ਝਟ ਸਿਖਾ ਦੇਣਗੇ। ਇਸ ਵਿਚ ਸ਼ਬਦਾਂ ਦੀ ਤਰਤੀਬ ਏ, ਬੀ, ਸੀ ਜਾਂ ੳ, ਅ ਦੇ ਹਿਸਾਬ ਨਾਲ ਹੁੰਦੀ ਹੈ। ਸਭ ਤੋਂ ਪਹਿਲਾਂ 'ਏ' ਵਾਲੇ ਸ਼ਬਦ ਹੋਣਗੇ ਅਤੇ ਅਖੀਰ ਵਿਚ 'ਜ਼ੈੱਡ' ਵਾਲੇ। ਫਿਰ ਛੇਤੀ ਹੀ ਤੁਹਾਡਾ ਅਭਿਆਸ ਹੋ ਜਾਏਗਾ।

ਸਕੂਲਾਂ ਵਿਚ ਇਨਾਮ ਵੰਡ ਸਮਾਗਮ ਤਾਂ ਹੁੰਦੇ ਹੀ ਰਹਿੰਦੇ ਹਨ। ਇਸ ਵਿਚ ਕੱਪ ਅਤੇ ਹੋਰ ਇਨਾਮ ਤਾਂ ਮਿਲਦੇ ਹੀ ਰਹਿੰਦੇ ਹਨ। ਕਈ ਸੂਝਵਾਨ ਅਧਿਆਪਕ ਡਿਕਸ਼ਨਰੀ ਵੀ ਦਿੰਦੇ ਹਨ ਅਤੇ ਉਸਦੀ ਪੂਰੀ ਵਰਤੋਂ ਵੀ ਸਿਖਾਉਂਦੇ ਹਨ। ਤੁਹਾਡਾ ਮੁਕਾਬਲਾ ਵੀ ਕਰਵਾ ਸਕਦੇ ਹਨ ਕਿ ਕੌਣ ਸਭ ਤੋਂ ਘੱਟ ਸਮੇਂ ਵਿਚ ਸ਼ਬਦ ਲੱਭਦਾ ਹੈ। ਜੇ ਇਨਾਮ ਵਿਚ ਨਹੀਂ ਵੀ ਮਿਲਦੀ ਤਾਂ ਆਪਣੇ ਅਧਿਆਪਕ ਨਾਲ ਸਲਾਹ ਕਰਕੇ ਆਪਣੇ ਮਾਤਾ-ਪਿਤਾ ਨੂੰ ਇਕ ਛੋਟੀ ਡਿਕਸ਼ਨਰੀ ਲੈਣ ਨੂੰ ਕਹੋ ਜੋ ਤੁਹਾਡੇ ਬਹੁਤ ਕੰਮ ਆਏਗੀ।

-0-

---

**ਬਾਲ ਕਹਾਣੀ:**

# ਨਲਕਾ ਗੇੜਿਆ ਕਾਵਾਂ

ਮਨਮੋਹਨ ਸਿੰਘ ਦਾਊਂ 98151-23900

ਗਰਮੀ ਦੀ ਰੁੱਤ ਸੀ। ਕਹਿਰਾਂ ਦੀ ਗਰਮੀ ਪੈ ਰਹੀ ਸੀ। ਮੀਂਹ ਪੈਣ 'ਚ ਨਹੀਂ ਸੀ ਆ ਰਿਹਾ। ਬੱਦਲ ਹੁੰਦੇ ਪਰ ਮੀਂਹ ਦੀ ਬੂੰਦ ਨਾ ਵਰ੍ਹਦੀ। ਕਿੰਨੇ ਮਹੀਨੇ ਇੰਜ ਹੀ ਲੰਘ ਗਏ। ਔੜ ਲੱਗ ਗਈ। ਰੁੱਖ, ਬੂਟੇ ਤੇ ਫ਼ਸਲਾਂ ਸੁੱਕਣ ਲੱਗੀਆਂ। ਟੋਭੇ, ਛੱਪੜ ਤੇ ਨਾਲੇ ਸੁੱਕ ਗਏ। ਸੋਕਾ ਪੈ ਗਿਆ। ਘਾਹ ਵੀ ਸੁੱਕ ਗਿਆ। ਡੱਡੂ, ਮੱਛੀਆਂ ਤੇ ਕੱਛੂ ਤਾਂ ਦੂਰ ਦਰਿਆ ਵੱਲ ਨੂੰ ਭੱਜ ਗਏ। ਹਿਰਨਾਂ ਦੀਆਂ ਡਾਰਾਂ ਜੰਗਲਾਂ ਨੂੰ ਹੋ ਤੁਰੀਆਂ। ਚਿੜੀਆਂ ਲੋਕਾਂ ਦੇ ਘਰਾਂ ਦੇ ਬਾਹਰ ਰੱਖੇ ਠੂਠਿਆਂ ਅਤੇ ਮਿੱਟੀ ਦੇ ਕਟੋਰਿਆਂ ਦੀ ਭਾਲ 'ਚ ਉੱਡ-ਉੱਡ ਥੱਕ ਗਈਆਂ। ਇੱਲਾਂ ਦੂਰ ਸਰੋਵਰਾਂ ਦੀ ਭਾਲ ਕਰਨ ਲੱਗੀਆਂ। ਘੁੱਗੀਆਂ, ਗੁਟਾਰਾਂ ਤੇ ਬਗਲੇ ਦਿਸਣ ਤੋਂ ਹਟ ਗਏ। ਧਰਤੀ 'ਤੇ ਕਾਲ ਪੈ ਗਿਆ ਸੀ। ਪਾਣੀ ਦੀ ਤਿੱਪ ਲਈ ਹਰ ਕੋਈ ਤਰਸਣ ਲੱਗਿਆ।

ਕਾਵਾਂ ਦਾ ਇੱਕ ਝੁੰਡ ਵੀ ਇੱਧਰ-ਉਧਰ ਪਾਣੀ ਦੀ ਭਾਲ ਕਰ ਕਰ ਥੱਕ ਗਿਆ। ਗਰਮੀ 'ਚ ਪਿਆਸ ਨਾਲ ਉਨ੍ਹਾਂ ਦੀ ਜਾਂ ਨਿਕਲ ਰਹੀ ਸੀ। ਕਾਂ-ਕਾਂ ਦੀ ਆਵਾਜ਼ ਵੀ ਨਿਕਲਣੋਂ ਹਟ ਗਈ। ਕਰਨ ਤੇ ਕੀ ਕਰਨ। ਉਨ੍ਹਾਂ 'ਚ ਇੱਕ ਬੁੱਢਾ ਕਾਂ ਬੜਾ ਸਿਆਣਾ ਸੀ। "ਹੌਸਲਾ ਰੱਖੋ, ਦਿਲ ਨਾ ਛੱਡੋ। ਦਮ ਰੱਖੋ, ਕਿਤੇ ਨਾ ਕਿਤੇ ਪਾਣੀ ਮਿਲ ਜਾਊਗਾ", ਬੁੱਢੇ ਕਾਂ ਨੇ ਕਿਹਾ।

ਆਖਰ ਉਨ੍ਹਾਂ ਕਾਵਾਂ ਦਾ ਝੁੰਡ ਇੱਕ ਰੁੱਖ 'ਤੇ ਆ ਬੈਠਾ। ਰੁੱਖ ਰਸਤੇ ਦੇ ਇੱਕ ਪਾਸੇ ਸੀ। ਨੇੜੇ ਹੀ ਪਾਣੀ ਦਾ ਇੱਕ ਨਲਕਾ ਲੱਗਿਆ ਹੋਇਆ ਸੀ। ਰਾਹੀ ਇਸ ਰੁੱਖ ਥੱਲੇ ਆਰਾਮ ਕਰਦੇ ਅਤੇ ਨਲਕਾ ਗੇੜ ਕੇ ਪਾਣੀ ਪੀ ਕੇ ਪਿਆਸ ਬੁਝਾ ਲੈਂਦੇ। ਇਹ ਚੁਰਸਤੇ ਵਾਲੀ ਥਾਂ ਸੀ। ਅਸਲ ਵਿੱਚ ਇਹ ਨਲਕਾ ਇੱਕ ਦਾਨੀ ਬਜ਼ੁਰਗ ਨੇ ਕਈ ਸਾਲ ਪਹਿਲਾਂ ਲੋੜਵੰਦ ਰਾਹੀਆਂ ਲਈਆਂ ਲਗਵਾਇਆ ਸੀ। ਬੱਚਿਆਂ ਨੂੰ ਸਕੂਲੋਂ ਛੁੱਟੀ ਹੋਣ ਦਾ ਵੇਲਾ ਹੋ ਗਿਆ ਸੀ। ਬੁੱਢੇ ਕਾਂ ਨੇ ਕੁਝ ਬੱਚੇ ਨਲਕੇ ਤੋਂ ਪਾਣੀ ਪੀਂਦੇ ਤੱਕੇ। ਇੱਕ ਬੱਚਾ ਨਲਕੇ ਦੀ ਹੱਥੀ ਗੇੜਦਾ ਤੇ ਦੂਜੇ ਸਾਥੀ ਵਾਰੀ-ਵਾਰੀ ਪਾਣੀ ਪੀਈ ਜਾਂਦੇ। ਇਹ ਬੱਚੇ ਪ੍ਰਾਇਮਰੀ ਸਕੂਲ ਤੋਂ ਪੜ੍ਹ ਕੇ ਆਏ ਸਨ।

ਕਲੋਲਾਂ ਕਰ ਰਹੇ ਸਨ। ਖ਼ੂਬ ਮੌਜ-ਮਸਤੀ ਮਨਾ ਰਹੇ ਸਨ।

ਬੁੱਢੇ ਕਾਂ ਨੂੰ ਵੀ ਆਪਣਾ ਬਚਪਨ ਚੇਤੇ ਆਇਆ। ਇੱਕ ਬੱਚਾ ਕਹਿਣ ਲੱਗਿਆ, "ਸ਼ਿਕਾਰੀ ਤੇ ਜਾਲ ਵਾਲੀ ਕਹਾਣੀ ਮੈਨੂੰ ਬੜੀ ਚੰਗੀ ਲੱਗਦੀ ਐ। ਕਬੂਤਰਾਂ ਨੇ ਆਪਣੀ ਜਾਂ ਬਚਾਉਣ ਲਈ ਇਕੱਠਿਆਂ ਜ਼ੋਰ ਮਾਰ ਕੇ, ਸ਼ਿਕਾਰੀ ਦਾ ਜਾਲ ਉਖਾੜ ਦਿੱਤਾ ਤੇ ਜਾਲ ਹੀ ਲੈ ਉੱਡੇ। ਸ਼ਿਕਾਰੀ ਦੇਖਦਾ ਹੀ ਰਹਿ ਗਿਆ। ਸਹੀ ਗੱਲ ਹੈ 'ਏਕੇ ਵਿੱਚ ਬਰਕਤ' ਹੁੰਦੀ ਹੈ।" ਬੁੱਢਾ ਕਾਂ ਇਹ ਸਭ ਕੁਝ ਸੁਣਦਾ ਰਿਹਾ।

ਬੱਚੇ ਪਾਣੀ ਪੀ ਉੱਥੋਂ ਤੁਰਦੇ ਹੋਏ। ਰੁੱਖ ਦੇ ਪੱਤੇ ਰੁਮਕੇ। ਰੁੱਖ 'ਤੇ ਬੈਠਾ ਬੁੱਢਾ ਕਾਂ ਬੱਚਿਆਂ ਨੂੰ ਪਾਣੀ ਪੀਂਦੇ ਤੱਕਦਾ ਰਿਹਾ ਸੀ। ਉਸ ਦਾ ਰੁੱਖ ਤੋਂ ਥੱਲੇ ਬੱਚਿਆਂ ਕੋਲ ਆਉਣ ਨੂੰ ਜੀਅ ਵੀ ਕੀਤਾ।

ਬੁੱਢੇ ਕਾਂ ਨੂੰ ਇੱਕ ਵਿਉਂਤ ਸੁੱਝੀ। ਉਸ ਨੇ ਦੂਜੇ ਕਾਵਾਂ ਨੂੰ ਕਿਹਾ, "ਅਸੀਂ ਵੀ ਨਲਕੇ ਤੋਂ ਪਾਣੀ ਪੀ ਸਕਦੇ ਹਾਂ। ਮੇਰੀ ਮੰਨੋ। ਪੰਜ ਜਣੇ ਨਲਕੇ ਦੀ ਹੱਥੀ 'ਤੇ ਬੈਠ ਕੇ ਜ਼ੋਰ ਨਾਲ ਨਲਕਾ ਗੇੜੋ। ਸਾਂਝੀ ਤਾਕਤ ਨਾਲ। ਔਹ, ਜੋ ਪਲਾਸਟਿਕ ਦਾ ਗਲਾਸ ਪਿਆ ਕੋਈ ਰਾਹੀ ਸੁੱਟ ਗਿਆ, ਮੈਂ ਉਸ ਨੂੰ ਨਲਕੇ ਥੱਲੇ ਰੱਖਦਾਂ। ਪਾਣੀ ਦੀ ਕੋਈ ਬੂੰਦ ਬਾਹਰ ਨਾ ਡੁੱਲ੍ਹੇ। ਇੱਕ ਜਣਾ ਗਲਾਸ 'ਚੋਂ ਆਪਣੀ ਚੁੰਝ ਡੁਬੋ-ਡੁਬੋ ਪਾਣੀ ਪੀ ਲਵੇ। ਫਿਰ ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਛੇਵਾਂ ਵਾਰੀ-ਵਾਰੀ। ਹੁਣ ਕਰੋ ਹਿੰਮਤ, ਮਾਰੋ ਹੰਭਲਾ। ਮੈਂ ਸਭ ਤੋਂ ਬਾਅਦ ਪਾਣੀ ਪੀਵਾਂਗਾ।" ਬੁੱਢੇ ਕਾਂ ਨੇ ਹੁਕਮ ਸੁਣਾ ਦਿੱਤਾ।

ਬੁੱਢੇ ਕਾਂ ਦੀ ਸਿਆਣਪ ਤੋਂ ਕਾਂ ਬਹੁਤ ਖ਼ੁਸ਼ ਹੋਏ। ਝੱਟ ਰੁੱਖ ਤੋਂ ਉੱਡ ਕੇ ਨਲਕੇ ਦੀ ਹੱਥੀ ਗੇੜਨ ਲੱਗੇ ਤੇ ਵਾਰੀ-ਵਾਰੀ ਪਾਣੀ ਪੀਣ ਲੱਗੇ। ਪਾਣੀ ਪੀ ਕੇ ਉਨ੍ਹਾਂ ਦੀ ਜਾਂ 'ਚ ਜਾਂ ਆ ਗਈ। ਬੁੱਢੇ ਕਾਂ ਨੇ ਸਭ ਤੋਂ ਬਾਅਦ ਪਾਣੀ ਪੀਤਾ। ਪਾਣੀ ਪੀ ਕੇ, ਕਾਂ ਉੱਥੋਂ ਉੱਡ ਗਏ। -0-

---

# ਅਨਮੋਲ ਬਚਨ

**ਜਗਜੀਤ ਸਿੰਘ ਭਾਟੀਆ**

ਪੈਰ ਦੀ ਮੋਚ ਤੇ ਛੋਟੀ ਸੋਚ ਸਾਨੂੰ ਅੱਗੇ ਵਧਣ ਨਹੀਂ ਦਿੰਦੀ।

ਕਿਸਮਤ ਨਾਲ ਲੜਨ ਵਿਚ ਮਜ਼ਾ ਆ ਰਿਹਾ ਹੈ, ਦੋਸਤੋ ਇਹ ਮੈਨੂੰ ਜਿੱਤਣ ਨਹੀਂ ਦੇ ਰਹੀ ਤੇ ਹਾਰ ਮੈਂ ਮੰਨ ਨਹੀਂ ਰਿਹਾ।

ਜ਼ਿੰਦਗੀ ਨੂੰ ਬਦਲਣ ਲਈ ਵਕਤ ਨਹੀਂ ਲਗਦਾ, ਪਰ ਵਕਤ ਨੂੰ ਬਦਲਣ ਲਈ ਜ਼ਿੰਦਗੀ ਲੱਗ ਜਾਂਦੀ ਹੈ।

ਕਾਮਯਾਬ ਲੋਕ ਖੁਸ਼ ਰਹਿਣ ਜਾਂ ਨਾ ਰਹਿਣ ਪਰ ਖੁਸ਼ ਰਹਿਣ ਵਾਲੇ ਲੋਕ ਕਾਮਯਾਬ ਜ਼ਰੂਰ ਹੁੰਦੇ ਹਨ।

ਜਿਹੜਾ ਮਰਜ਼ੀ ਦਰਜਾ ਦੇ ਕੇ ਦੇਖ ਲਓ, ਛੱਡਣ ਵਾਲੇ ਛੱਡ ਹੀ ਜਾਂਦੇ ਹਨ।

-0-

---

ਬਾਲ ਕਹਾਣੀ:

# ਗਲਤੀ ਦਾ ਅਹਿਸਾਸ

**ਸੁਰਿੰਦਰ ਕੌਰ # 89689-60986**

ਸ਼ਾਮਗੜ੍ਹ ਦੇ ਜੰਗਲ ਵਿੱਚ ਪਸ਼ੂ-ਪੰਛੀ ਆਪਸ ਵਿੱਚ ਬੜੇ ਪਿਆਰ ਨਾਲ ਮਿਲ-ਜੁਲ ਕੇ ਰਹਿੰਦੇ ਸਨ ਅਤੇ ਲੋੜ ਪੈਣ 'ਤੇ ਇੱਕ-ਦੂਜੇ ਦੀ ਹਰ ਸੰਭਵ ਮਦਦ ਕਰਦੇ ਸਨ। ਸ਼ਾਮਗੜ੍ਹ ਜੰਗਲ ਦਾ ਗਜਰਾਜ ਹਾਥੀ ਸੀ। ਸਾਰੇ ਜਾਂਵਰ ਉਸ ਦਾ ਹੁਕਮ ਮੰਨਦੇ ਸਨ। ਗਜਰਾਜ ਰਾਜਾ ਵੀ ਸਭ ਦਾ ਇੱਕੋ ਜਿਹਾ ਖ਼ਿਆਲ ਰੱਖਦਾ ਸੀ। ਇੱਕ ਦਿਨ ਭੂਰਾ ਨਾਂ ਦਾ ਹਾਥੀ ਸ਼ਾਮਗੜ੍ਹ ਜੰਗਲ ਵਿੱਚ ਘੁੰਮਣ-ਫਿਰਨ ਆਇਆ। ਜੰਗਲ ਵਿੱਚ ਤਰ੍ਹਾਂ-ਤਰ੍ਹਾਂ ਦੇ ਮਿੱਠੇ ਫਲਾਂ ਵਾਲੇ ਦਰੱਖਤ-ਬੂਟੇ ਵੇਖ ਕੇ ਉਸ ਦਾ ਮਨ ਲਲਚਾ ਗਿਆ। ਉਸ ਨੇ ਕੁਝ ਦਿਨ ਜੰਗਲ ਵਿੱਚ ਰਹਿਣ ਦਾ ਮਨ ਬਣਾ ਲਿਆ ਪਰ ਉਹ ਸੁਭਾਅ ਦਾ ਬਹੁਤ ਦੁਸ਼ਟ ਸੀ। ਉਸ ਨੇ ਜਵਾਂ ਤੇ ਸ਼ਕਤੀਸ਼ਾਲੀ ਹੋਣ ਕਾਰਨ ਜੰਗਲ ਦੇ ਬਾਕੀ ਜਾਂਵਰਾਂ ਦਾ ਸਨਮਾਂ ਕਰਨਾ ਜ਼ਰੂਰੀ ਨਹੀਂ ਸਮਝਿਆ ਅਤੇ ਹਰੇਕ ਨੂੰ ਤੰਗ-ਪਰੇਸ਼ਾਂ ਕਰਨਾ ਸ਼ੁਰੂ ਕਰ ਦਿੱਤਾ। ਗਜਰਾਜ ਹਾਥੀ ਜੋ ਥੋੜ੍ਹਾ ਬੁੱਢਾ ਹੋ ਚੱਲਿਆ ਸੀ, ਭੂਰੇ ਹਾਥੀ ਦਾ ਡਟ ਕੇ ਮੁਕਾਬਲਾ ਕਰਨ ਤੋਂ ਸੰਕੋਚ ਕਰਦਾ ਸੀ। ਭੂਰੇ ਹਾਥੀ ਨੇ ਰਾਜੇ ਗਜਰਾਜ ਹਾਥੀ ਨੂੰ ਇੱਕ ਗੁਫ਼ਾ ਵਿੱਚ ਬੰਦ ਕਰ ਦਿੱਤਾ ਅਤੇ ਖ਼ੁਦ ਜੰਗਲ ਵਿੱਚ ਮਨਮਰਜ਼ੀ ਕਰਨ ਲੱਗ ਪਿਆ। ਭੂਰੇ ਹਾਥੀ ਨੇ ਜੰਗਲ ਵਿੱਚ ਸੋਨੂੰ ਹਿਰਨ ਦੇ ਬਾਗ਼ ਵਿੱਚੋਂ ਮਿੱਠੇ ਫਲ ਤੋੜ ਕੇ ਖਾ ਲਏ ਅਤੇ ਬਾਕੀ ਫਲਾਂ ਤੇ ਬੂਟਿਆਂ ਨੂੰ ਤੋੜ-ਮਰੋੜ ਕੇ ਤਹਿਸ-ਨਹਿਸ ਕਰ ਦਿੱਤਾ। ਜਦੋਂ ਸੋਨੂੰ ਹਿਰਨ ਨੇ ਇਸ ਦਾ ਵਿਰੋਧ ਕੀਤਾ ਤਾਂ ਭੂਰੇ ਹਾਥੀ ਨੇ ਆਕੜ ਕੇ ਕਿਹਾ ਕਿ ਮੈਂ ਤੁਹਾਡੇ ਰਾਜੇ ਨੂੰ ਮਾਰ ਦਿੱਤਾ ਹੈ ਅਤੇ ਹੁਣ ਮੈਂ ਇਸ ਜੰਗਲ ਦਾ ਰਾਜਾ ਹਾਂ। ਇਸ ਲਈ ਜਿਸ ਤਰ੍ਹਾਂ ਮੈਂ ਚਾਹਾਂਗਾ, ਹੁਣ ਇੱਥੇ ਓਸੇ ਤਰ੍ਹਾਂ ਹੀ ਹੋਵੇਗਾ। ਇਸ ਤਰ੍ਹਾਂ ਆਪਣੇ ਹੰਕਾਰ ਵਿੱਚ ਭੂਰੇ ਹਾਥੀ ਨੇ ਇੱਕ ਖ਼ਰਗੋਸ਼ਾਂ ਦੀ ਬਸਤੀ ਵੀ ਉਜਾੜ ਦਿੱਤੀ ਅਤੇ ਕਾਫ਼ੀ ਖ਼ਰਗੋਸ਼ਾਂ ਨੂੰ ਮਾਰ ਮੁਕਾਇਆ। ਜੰਗਲ ਦੇ ਕਈ ਹੋਰ ਜਾਂਵਰਾਂ ਦਾ ਵੀ ਉਸ ਨੇ ਇਸੇ ਤਰ੍ਹਾਂ ਹੀ ਨੁਕਸਾਂ ਕੀਤਾ। ਇੱਕ ਦਿਨ ਕੁਝ ਜਾਂਵਰਾਂ ਨੇ ਇਕੱਠੇ ਹੋ ਕੇ ਜੈਕੀ ਬਾਂਦਰ ਨੂੰ ਆਪਣੀ ਪਰੇਸ਼ਾਨੀ ਦੱਸੀ ਅਤੇ ਸਲਾਹ ਮੰਗੀ। ਜੈਕੀ ਬਾਂਦਰ ਕਾਫ਼ੀ ਬਜ਼ੁਰਗ ਸੀ ਅਤੇ ਸਿਆਣਾ ਵੀ ਬਹੁਤ ਸੀ। ਉਸ ਨੇ ਸਾਰੀ ਗੱਲਬਾਤ ਸੁਣ ਕੇ ਇੱਕ ਸਕੀਮ ਬਣਾਈ। ਉਸ ਨੇ ਸਾਰੇ ਜਾਂਵਰਾਂ ਨੂੰ ਆਪਣੇ ਬਾਗ਼ ਵਿੱਚੋਂ ਕੱਚੇ ਫਲ ਤੋੜ ਕੇ ਇੱਕ ਪਿੱਪਲ ਦੀ ਬਹੁਤ ਵੱਡੀ ਖੋੜ ਵਿੱਚ ਰੱਖਣ ਲਈ ਕਿਹਾ। ਇਸ ਤਰ੍ਹਾਂ ਉਨ੍ਹਾਂ ਦੇ ਫਲ ਕੁਝ ਦਿਨਾਂ ਵਿੱਚ ਪੱਕ ਜਾਣਗੇ ਤੇ ਭੂਰੇ ਹਾਥੀ ਨੂੰ ਪਤਾ ਵੀ ਨਹੀਂ ਚੱਲੇਗਾ ਅਤੇ ਉਹ ਫਲਾਂ ਦਾ ਨੁਕਸਾਂ ਨਹੀਂ ਕਰ ਸਕੇਗਾ। ਜੇ ਭੂਰਾ ਹਾਥੀ ਇਸ ਖੋੜ ਵਿੱਚ ਫਲਾਂ ਦਾ ਨੁਕਸਾਂ ਕਰਨ ਲਈ ਆਵੇਗਾ ਤਾਂ ਤੁਸੀਂ ਸਾਰੇ ਇਕੱਠੇ ਹੋ ਕੇ ਉਸ ਉੱਤੇ ਟੁੱਟ ਪੈਣਾ। ਇਸ ਤਰ੍ਹਾਂ ਤੁਸੀਂ ਸਾਰੇ ਉਸ ਨੂੰ ਕਾਬੂ ਕਰ ਲਵੋਗੇ। ਓਧਰ ਭੂਰੇ ਹਾਥੀ ਨੂੰ ਵੀ ਪਿੱਪਲ ਦੀ ਖੋੜ ਬਾਰੇ ਪਤਾ ਲੱਗ ਗਿਆ ਅਤੇ ਉਹ ਆਪਣੀ ਆਕੜ ਵਿੱਚ ਸਿੱਧ ਉਸ ਖੋੜ ਅੰਦਰ ਦਾਖਲ ਹੋ ਗਿਆ। ਇੰਨੇ ਨੂੰ ਸਾਰੇ ਜਾਂਵਰਾਂ ਨੇ ਮਿਲ ਕੇ ਡੰਡੇ, ਸੋਟੀਆਂ ਨਾਲ ਭੂਰੇ ਹਾਥੀ ਨੂੰ ਚੰਗੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਸਾਰੇ ਜਾਂਵਰ ਉਸ ਨੂੰ ਜੋਂ ਮਾਰ ਦੇਣਾ ਚਾਹੁੰਦੇ ਸਨ ਪਰ ਇੰਨੇ 'ਚ ਗਜਰਾਜ ਰਾਜਾ ਉੱਥੇ ਆ ਪਹੁੰਚਾ। ਉਸ ਨੇ ਸਾਰੇ ਜਾਂਵਰਾਂ ਨੂੰ ਪਿਆਰ ਨਾਲ ਸਮਝਾਇਆ ਕਿ ਅਸੀਂ ਇਸ ਨੂੰ ਮਾਰਨਾ ਨਹੀਂ ਬਲਕਿ ਇਸ ਦੀ ਬੁਰੀ ਆਦਤ ਨੂੰ ਮਾਰਨਾ ਹੈ। ਇਸ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਚੁੱਕੀ ਹੈ। ਸਾਰੇ ਜਾਂਵਰਾਂ ਨੇ ਮਿਲ ਕੇ ਬੜੇ ਪਿਆਰ ਨਾਲ ਭੂਰੇ ਹਾਥੀ ਦੀ ਮੱਲ੍ਹਮ ਪੱਟੀ ਤੇ ਦਵਾ-ਦਾਰੂ ਕੀਤੀ। ਜਦੋਂ ਭੂਰੇ ਹਾਥੀ ਨੂੰ ਹੋਸ਼ ਆਇਆ ਤਾਂ ਸਭ ਦਾ ਪਿਆਰ ਦੇਖ ਕੇ ਉਹ ਆਪਣੀ ਗ਼ਲਤੀ 'ਤੇ ਬਹੁਤ ਸ਼ਰਮਿੰਦਾ ਹੋਇਆ।


-0-

# ਜਾਤ ਅਤੇ ਸਿੱਖ

**ਹਰਲਾਜ ਸਿੰਘ ਬਹਾਦਰਪੁਰ 94170-23911**

ਸਾਡੀ ਲੜਾਈ ਜਾਤ ਅਧਾਰਤ ਦੀ ਥਾਂ ਜਾਤੀ ਪ੍ਰਬੰਧ ਦੇ ਵਿਰੁੱਧ ਹੋਣੀ ਚਾਹੀਦੀ ਹੈ।

ਜਾਤ ਸ਼ਬਦ ਵੇਖਣ ਅਤੇ ਬੋਲਣ ਵਿੱਚ ਤਾਂ ਬਹੁਤ ਛੋਟਾ ਹੈ ਪਰ ਇਹ ਪੁਆੜੇ ਬਹੁਤ ਵੱਡੇ ਪਾਉਂਦਾ ਹੈ। ਜੇ ਇਉਂ ਕਹਿ ਲਈਏ ਕਿ ਇਹ ਜਾਤ ਸ਼ਬਦ ਮਨੁੱਖਤਾ ਦਾ ਸੱਭ ਤੋਂ ਵੱਡਾ ਦੁਸ਼ਮਣ ਤਾਂ ਇਸ ਵਿੱਚ ਵੀ ਕੋਈ ਅੱਤ ਕਥਨੀ ਨਹੀਂ ਹੋਵੇਗੀ। ਦੁੱਖ ਦੀ ਗੱਲ ਇਹ ਹੈ ਸਾਡੇ ਭਾਰਤ ਦੇਸ਼ ਉਤੇ ਰਾਜ ਹੀ ਜਾਤ ਦਾ ਹੈ, ਇਸ ਜਾਤ ਰਾਜੇ ਨੇ ਭਾਰਤ ਵਾਸੀਆਂ ਨੂੰ ਬਦੇਸ਼ੀ ਹਮਲਾਵਰਾਂ ਨਾਲੋਂ ਵੀ ਵੱਧ ਜਲੀਲ ਕਰਕੇ ਅਜਿਹੇ ਜਖਮ ਦਿੱਤੇ ਹਨ ਜੋ ਕਦੇ ਵੀ ਭਰ ਹੀ ਨਹੀਂ ਸਕਣੇ। ਕਿਉਂਕਿ ਬਦੇਸ਼ੀ ਹਮਲਾਵਰ ਤਾਂ ਕਦੇ ਆਉਂਦੇ ਸਨ ਜਾਂ ਕੁੱਝ ਸਮੇਂ ਲਈ ਗੁਲਾਮ ਬਣਾਉਂਦੇ ਸਨ, ਇਹਨਾ ਤੋਂ ਤਾਂ ਮੁਕਤੀ ਸੰਭਵ ਸੀ, ਸੰਭਵ ਸਿਰਫ ਕਹਿਣ ਲਈ ਹੀ ਨਹੀ, ਜਾਤੀ ਪ੍ਰਬੰਧ ਦੀ ਗੁਲਾਮੀ ਤੋਂ ਬਾਅਦ ਦੇ ਵਿਦੇਸ਼ੀ ਹਮਲਾਵਰਾਂ ਤੋਂ ਭਾਰਤ ਨੂੰ ਪ੍ਰਤੱਖ ਰੂਪ ਵਿੱਚ ਮੁਕਤੀ ਮਿਲੀ ਵੀ ਹੈ। ਸਾਡੇ ਭਾਰਤੀਆਂ (ਖਾਸ ਕਰ ਸਿੱਖਾਂ) ਨੇ ਵਿਦੇਸ਼ੀ ਹਮਲਾਵਰਾਂ ਦੇ ਅਜਿਹੇ ਦੰਦ ਖੱਟੇ ਕੀਤੇ ਕਿ ਉਹਨਾ ਨੇ ਮੁੜਕੇ ਭਾਰਤ ਤੇ ਹਮਲਾ ਕਰਨ ਬਾਰੇ ਸੋਚਣਾ ਵੀ ਬੰਦ ਕਰ ਦਿੱਤਾ ਸੀ, ਅੰਗ੍ਰੇਜੀ ਰਾਜ ਨੂੰ ਖਤਮ ਕਰਕੇ ਭਾਰਤ ਦੇਸ਼ ਨੂੰ ਅਜਾਦ ਵੀ ਕਰਵਾ ਲਿਆ ਗਿਆ। ਪਰ ਅਫਸੋਸ ਕਿ ਵਿਦੇਸ਼ੀ ਹਮਲਾਵਰਾਂ ਅਤੇ ਅੰਗ੍ਰੇਜਾਂ ਨੂੰ ਹਰਾਉਣ ਵਾਲੇ ਭਾਰਤੀ (ਖਾਸ਼ ਕਰ ਸਿੱਖ) ਜਾਤੀ ਪ੍ਰਬੰਧ ਤੋਂ ਹਾਰ ਗਏ ਹਨ, ਇਸ ਪ੍ਰਬੰਧ ਦਾ ਭਾਰਤ ਅੱਜ ਵੀ ਗੁਲਾਮ ਹੈ ਅਤੇ ਪਤਾ ਕਿੰਨਾ ਚਿਰ ਅਜੇ ਹੋਰ ਗੁਲਾਮ ਰਹੇਗਾ। ਕਹਿਣ ਨੂੰ ਤਾਂ ਚਲਾਕ (ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ) ਲੋਕ ਕਹਿੰਦੇ ਹਨ ਕੇ ਅੰਗ੍ਰੇਜਾਂ ਦੀ ਨੀਤੀ ਸੀ ਫੁੱਟ ਪਾਓ ਤੇ ਰਾਜ ਕਰੋ, ਕਿ ਅੰਗ੍ਰੇਜਾਂ ਨੇ ਫੁੱਟ ਪਾ ਕੇ ਭਾਰਤੀਆਂ ਤੇ ਰਾਜ ਕੀਤਾ, ਚਲੋ ਜੇ ਇਸ ਗੱਲ ਨੂੰ ਠੀਕ ਵੀ ਮੰਨ ਲਈਏ ਤਾਂ ਵੀ ਕੋਈ ਵੱਡੀ ਗੱਲ ਨਹੀਂ ਹੈ, ਕਿਉਂਕਿ ਭਾਰਤੀ ਲੋਕ ਅੰਗ੍ਰੇਜਾਂ ਤੋਂ ਤਾਂ ਅਜ਼ਾਦ ਹੋ ਵੀ ਚੁੱਕੇ ਹਨ ਪਰ ਜਾਤੀ ਪ੍ਰਬੰਧ ਤੋਂ ਅਜ਼ਾਦ ਨਹੀਂ ਹੋਏ ਜਾਂ ਇਉਂ ਕਹਿ ਲਈਏ ਕਿ ਇਸ ਦੇਸ਼ ਭਾਰਤ ਦੇ ਮੂਲ ਨਿਵਾਸੀ (ਮਾਲਕ) ਤਾਂ ਹਜਾਰਾਂ ਸਾਲਾਂ ਤੋਂ ਹੀ ਗੁਲਾਮ ਚਲੇ ਆ ਰਹੇ ਹਨ। ਜੇ ਇਸ ਦੇਸ਼ ਉਤੇ ਵਿਦੇਸ਼ੀ ਹਮਲਾਵਰਾਂ ਨੇ ਹਮਲੇ ਕੀਤੇ ਜਾਂ ਰਾਜ ਕੀਤਾ ਤਾਂ ਉਹ ਵੀ ਇਸ ਦੇਸ਼ ਤੇ ਪਹਿਲਾਂ ਤੋਂ ਕਬਜਾ ਕਰੀਂ ਬੈਠੇ ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ ਆਰੀਅਨਾ ਦੀ ਫੁੱਟ ਪਾਊ ਨੀਤੀਆਂ ਕਾਰਨ ਹੀ ਹੋਇਆ ਸੀ। ਵਿਦੇਸ਼ੀ ਹਮਲਾਵਰਾਂ ਦੇ ਹਮਲੇ ਅਤੇ ਗੁਲਾਮੀ ਦਾ ਸੰਤਾਪ ਤਾਂ ਭਾਵੇਂ ਭਾਰਤ ਦੇ ਮੂਲ ਨਿਵਾਸੀਆਂ ਨੂੰ ਵੀ ਭੋਗਣਾ ਪਿਆ, ਪਰ ਅਸਲ ਵਿੱਚ ਇਹ ਹਮਲੇ ਭਾਰਤੀਆਂ ਉੱਤੇ ਪਹਿਲਾਂ ਤੋਂ ਹੀ ਕਬਜਾ ਕਰੀਂ ਬੈਠੇ ਬ੍ਰਾਹਮਣਾਂ ਉਤੇ ਹੀ ਸਨ। ਭਾਰਤ ਦੇ ਮੂਲ ਨਿਵਾਸੀਆਂ ਨੇ ਜੋ ਸੰਘਰਸ਼ ਕਰਕੇ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਅਤੇ ਰਾਜ ਤੋਂ ਅਜਾਦੀ ਪ੍ਰਾਪਤ ਕੀਤੀ ਸੀ ਉਸ ਨਾਲ ਭਾਰਤੀ ਅਜਾਦ ਨਹੀਂ ਸਨ ਹੋਏ, ਉਸ ਨਾਲ ਤਾਂ ਭਾਰਤੀਆਂ ਤੇ ਪਹਿਲਾਂ ਤੋਂ ਹੀ ਕਬਜਾ ਕਰੀਂ ਬੈਠਾ ਬ੍ਰਾਹਮਣ ਹੀ ਅਜਾਦ ਹੋਇਆ ਸੀ। ਭਾਰਤੀਆਂ ਨੂੰ ਤਾਂ ਅਜਾਦ ਹੋਣ ਲਈ ਇੱਕ ਹੋਰ ਇਨਕਲਾਬੀ ਲੜਾਈ ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ ਨਾਲ ਲੜਨੀ ਪਵੇਗੀ। ਜਾਤੀ ਪ੍ਰਬੰਧ ਤੋਂ ਮੁਕਤੀ ਹੀ ਭਾਰਤੀਆਂ ਦੀ ਅਸਲ ਅਜਾਦੀ ਹੋਵੇਗੀ। ਇਸ ਜਾਤੀ ਪ੍ਰਬੰਧ ਤੋਂ ਮੁਕਤੀ ਵਗੈਰ ਅਸੀਂ ਸਿੱਧੇ ਰੂਪ ਵਿੱਚ ਰਾਜ ਕਰਦੇ ਹੋਏ ਵੀ ਅਸਿੱਧੇ ਰੂਪ ਵਿੱਚ ਗੁਲਾਮ ਹੀ ਹੋਵਾਂਗੇ। ਭਾਵ ਕਿ ਜੇਕਰ ਜਾਤੀ ਪ੍ਰਬੰਧ ਦੇ ਅਧੀਨ ਰਹਿ ਕੇ ਦਲਿਤ ਵੀ ਪਿੰਡਾਂ ਦੇ ਸਰਪੰਚਾਂ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਬਣ ਜਾਣ ਫਿਰ ਵੀ ਭਾਰਤ ਅਜਾਦ ਨਹੀਂ ਹੋਵੇਗਾ। ਭਾਰਤ ਦੀ ਅਜਾਦੀ ਇਸ ਵਿੱਚ ਹੈ ਕਿ ਇਸ ਦੇਸ਼ ਵਿੱਚੋਂ ਜਾਤ, ਵਰਣਵੰਡ, ਊਚ-ਨੀਚਤਾ ਨੂੰ ਖਤਮ ਕਰਕੇ ਜਾਤ ਸ਼ਬਦ ਨੂੰ ਦੇਸ਼ ਧਰੋਹੀ ਸ਼ਬਦ ਐਲਾਨਿਆ ਜਾਵੇ, ਕਿਉਂਕਿ ਜਾਤੀ ਵੰਡ ਕੇਵਲ ਮਨੁੱਖੀ ਸਰੀਰਾਂ ਅਤੇ ਆਰਥਿਕਤਾ ਨੂੰ ਹੀ ਨਹੀਂ, ਬਲਕਿ ਮਨੁੱਖੀ ਮਾਨਸਿਕਤਾ ਨੂੰ ਵੀ ਗੁਲਾਮ ਬਣਾਉਂਦੀ ਹੈ। ਮਾਨਸਿਕ ਗੁਲਾਮੀ, ਸਰੀਰਕ ਅਤੇ ਆਰਥਿਕ ਗੁਲਾਮੀ ਨਾਲੋਂ ਵੀ ਵੱਧ ਖਤਰਨਾਕ ਹੁੰਦੀ ਹੈ, ਜਿਵੇਂ ਕਿ ਜੇਕਰ ਜਾਤੀ ਪ੍ਰਬੰਧ ਦੇ ਅਧੀਨ ਚਲਦਿਆਂ ਕਿਸੇ ਮਨੁੱਖ ਨੂੰ ਚੂਹੜਾ ਜਾਂ ਚਮਿਆਰ (ਕਹੀਆਂ ਜਾਂਦੀਆਂ ਨੀਚ ਜਾਤੀਆਂ) ਥਾਪ ਕੇ ਬੇਸ਼ੱਕ ਅਰਬਾਂ ਪਤੀ ਬਣਾ ਕੇ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣਾ ਦਿਓ। ਉਹ ਫਿਰ ਵੀ ਚੂਹੜਾ, ਚਮਿਆਰ (ਨੀਚ) ਹੀ ਰਹੇਗਾ, ਉਸ ਦੀਆਂ ਆਉਣ ਵਾਲੀਆਂ ਪੀੜੀਆਂ ਵੀ ਨੀਚ ਹੀ ਕਹਾਉਣਗੀਆਂ, ਉਹਨਾਂ ਅੰਦਰੋਂ ਕਹੀ ਜਾਂਦੀ ਨੀਚ ਜਾਤ ਦੀ ਹੀਣ ਭਾਵਨਾ ਕਦੇ ਵੀ ਖਤਮ ਨਹੀਂ ਹੋਵੇਗੀ। ਇੱਕ ਕਹੀ ਜਾਂਦੀ ਉਚ ਜਾਤੀ ਦਾ ਬ੍ਰਾਹਮਣ ਬੇਸੱਕ ਆਰਥਿਕ ਤੌਰ ਤੇ ਕਮਜੋਰ ਹੁੰਦਾ ਹੋਇਆ, ਕਹੇ ਜਾਂਦੇ ਨੀਚ ਜਾਤੀ



ਵਾਲੇ ਦੇ ਥੱਲੇ ਕੰਮ ਕਰਦਾ ਹੋਇਆ ਵੀ ਉਚੀ ਜਾਤ ਦਾ ਫਖਰ ਮਹਿਸੂਸ ਕਰਦਾ ਤੇ ਬ੍ਰਾਹਮਣ ਹੀ ਰਹਿੰਦਾ ਹੈ। ਇਸ ਲਈ ਬ੍ਰਾਹਮਣ ਵੀ ਇਹੀ ਚਾਹੁੰਦਾ ਹੈ ਕਿ ਕਹੀਆਂ ਜਾਂਦੀਆਂ ਨੀਚ ਜਾਤੀਆਂ ਦੇ ਆਗੂਆਂ ਨੂੰ ਬੇਸ਼ੱਕ ਪਿੰਡਾਂ ਦੇ ਸਰਪੰਚਾਂ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਬਣਾ ਲਓ, ਪਰ ਜਾਤੀ ਪ੍ਰਬੰਧ ਨੂੰ ਖਤਮ ਨਾ ਕਰੋ। ਕਿਉਂਕਿ ਜਾਤੀ ਵੰਡ ਵਾਲੀ ਗੁਲਾਮੀ ਤੋਂ ਅਜਾਦ ਹੋਣਾ ਬਹੁਤ ਮੁਸ਼ਕਲ ਹੈ, ਸਰਕਾਰਾਂ ਤਾਂ ਬਦਲ ਦੀਆਂ ਹੀ ਰਹਿੰਦੀਆਂ ਹਨ। ਉਝ ਬੇਸੱਕ ਸਰਕਾਰ ਨੇ ਐੱਸ ਸੀ ਐਕਟ ਬਣਾਇਆ ਹੋਇਆ ਹੈ, ਜਾਤੀ ਪ੍ਰਬੰਧ ਅਧੀਨ ਚੱਲ ਰਹੀ ਸਰਕਾਰ ਦਾ ਇਹ ਐਕਟ ਵੀ ਭਾਰਤੀਆਂ ਨੂੰ ਮੂਰਖ ਬਣਾਉਣ ਤੋਂ ਸਿਵਾਏ ਕੁੱਝ ਵੀ ਨਹੀਂ ਹੈ, ਇੱਕ ਪਾਸੇ ਕਿਸੇ ਮਨੁੱਖ ਨੂੰ ਚੂਹੜਾ ਜਾਂ ਚਮਿਆਰ ਕਹਿਣ ਵਾਲੇ ਨੂੰ ਸਜਾ ਦਿੱਤੀ ਜਾਂਦੀ ਹੈ ਦੂਜੇ ਪਾਸੇ ਉਸੇ ਮਨੁੱਖ ਨੂੰ ਆਪਣੇ ਨਾਮ ਨਾਲ ਜਾਤੀ (ਚੂਹੜਾ ਜਾਂ ਚਮਿਆਰ ਆਦਿ) ਲਿਖਣ ਲਈ ਮਜਬੂਰ ਕੀਤਾ ਜਾਂਦਾ ਹੈ। ਜੇ ਇਹ ਜਾਤੀ ਵਾਚਕ ਸ਼ਬਦ ਇੰਨਾ ਹੀ ਮਾੜਾ ਹੈ ਜਿਸ ਦੇ ਕਹਿਣ ਨਾਲ ਕਿਸੇ ਦੇ ਮਨ ਨੂੰ ਠੇਸ ਪਹੁੰਚਦੀ ਹੈ, ਜਿਸ ਕਾਰਨ ਇਹ ਸ਼ਬਦ ਵਰਤਣ ਵਾਲੇ ਨੂੰ ਸਜਾ ਦਾ ਪ੍ਰਬੰਧ ਵੀ ਕੀਤਾ ਗਿਆ ਹੈ ਫਿਰ ਇਸ ਮਨੁੱਖੀ ਮਨ ਨੂੰ ਠੇਸ ਪਹੁੰਚਾਣ ਵਾਲੇ ਜਾਤੀ ਵਾਚਕ ਸ਼ਬਦ ਨੂੰ ਖਤਮ ਹੀ ਕਿਉਂ ਨਹੀਂ ਕਰ ਦਿੱਤਾ ਜਾਂਦਾ? ਅਫਸੋਸ ਕਿ ਭਾਰਤ ਦੇ ਮਾਲਿਕ ਮੂਲ ਨਿਵਾਸੀ ਆਪਣੀ ਗੁਲਾਮੀ ਦੇ ਇਸ ਕਾਰਨ (ਜਾਤੀ ਵੰਡ) ਨੂੰ ਸਮਝ ਕੇ ਇਸ ਤੋਂ ਮੁਕਤੀ ਪਾਉਣ ਦੀ ਥਾਂ ਇਸ ਵਿੱਚਲੀ ਗੁਲਾਮੀ ਨੂੰ ਹੀ ਅਜਾਦੀ ਮੰਨ ਕੇ ਇਸੇ ਵਿੱਚ ਹੀ ਗਰਕ ਹੋ ਰਹੇ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਅੱਠ ਮਾਰਚ 2016 ਨੂੰ ਮਹਿਲਾ ਦਿਵਸ ਤੇ ਮੰਨੂ ਸਿੰਮ੍ਰਿਤੀ ਦੀਆਂ ਕਾਪੀਆਂ ਇਹ ਕਹਿ ਕੇ ਸਾੜ ਦਿੱਤੀਆਂ ਕਿ ਇਸ ਵਿੱਚ ਔਰਤਾਂ ਅਤੇ ਸ਼ੂਦਰਾਂ ਨੂੰ ਅਪਮਾਨਿਤ ਕੀਤਾ ਗਿਆ ਹੈ। ਇਹ ਸੱਚ ਵੀ ਹੈ ਕਿਉਂਕਿ ਮੰਨੂ ਸਿੰਮ੍ਰਿਤੀ ਤਿਆਰ ਹੀ ਇਸ ਲਈ ਕੀਤੀ ਗਈ ਸੀ ਕਿ ਭਾਰਤ ਵਾਸੀਆਂ ਨੂੰ ਨੀਚ ਥਾਪ ਕੇ ਅਤੇ ਜਾਤਾਂ ਵਿੱਚ ਵੰਡ ਕੇ ਬ੍ਰਾਹਮਣ ਦੇ ਅਧੀਨ (ਗੁਲਾਮ) ਰੱਖਿਆ ਜਾ ਸਕੇ। ਇਸ ਵਿੱਚ ਖੁਸ਼ੀ ਦੀ ਗੱਲ ਇਹ ਹੈ ਕਿ ਚਲੋ ਸਾਡੇ ਯੂਨੀਵਰਸਿਟੀਆਂ ਵਿੱਚ ਪੜਦੇ ਬੱਚਿਆਂ ਨੂੰ ਇਸ ਦੀ ਉਸ ਅਸਲੀਅਤ ਬਾਰੇ ਪਤਾ ਤਾਂ ਲੱਗ ਗਿਆ, ਜਿਸ ਬਾਰੇ ਭਗਤ ਕਬੀਰ ਜੀ ਨੇ ਸੱਤ ਸਦੀਆਂ ਪਹਿਲਾਂ ਹੀ ਸੁਚੇਤ ਕਰਦਿਆ ਕਿਹਾ ਸੀ :- **ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥1॥ ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥1॥ਰਹਾਉ ॥ ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥2॥ ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥3॥ (329)** ਪਰ ਅਸਲ ਗੱਲ ਇਹ ਹੈ ਕਿ ਇਹ ਜਾਤੀਵਾਦ ਦਾ ਸੱਪ ਸਿਰਫ ਮੰਨੂ ਸਿੰਮ੍ਰਿਤੀ ਸਾੜਨ ਨਾਲ ਨਹੀਂ ਮਰੇਗਾ ਜਿਵੇ ਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ :- **ਵਰਮੀ ਮਾਰੀ ਸਾਪੁ ਨ ਮੂਆ (1348)** ਭਾਵ ਕਿ ਜੇ ਸੱਪ ਦੀ ਖੁੱਡ ਬੰਦ ਕਰ ਦਿੱਤੀ ਜਾਏ, (ਤਾਂ ਇਸ ਤਰ੍ਹਾਂ ਉਸ ਖੁੱਡ ਵਿਚ ਰਹਿਣ ਵਾਲਾ) ਸੱਪ ਨਹੀਂ ਮਰਦਾ। ਬ੍ਰਾਹਮਣ ਦੇ ਜਾਤੀ ਪ੍ਰਬੰਧ ਤੋਂ ਅਸੀਂ ਉਨਾ ਚਿਰ ਮੁਕਤਿ ਨਹੀਂ ਹੋ ਸਕਦੇ ਜਿੰਨਾ ਚਿਰ ਇਸ ਦੀ ਅਸਲੀਅਤ ਨੂੰ ਸਮਝ ਕੇ ਜਾਤ ਸ਼ਬਦ ਨੂੰ ਜੜ ਤੋਂ ਖਤਮ ਨਹੀਂ ਕਰਦੇ। ਜਾਤੀ ਪ੍ਰਬੰਧ ਨੂੰ ਖਤਮ ਕਰੇ ਬਗੈਰ ਜੇਕਰ ਬ੍ਰਾਹਮਣਾਂ ਦੀਆਂ ਲੜਕੀਆਂ ਨੂੰ ਨੀਚ ਜਾਤ ਦੇ ਕਹੇ ਜਾਂਦੇ ਚੂਹੜੇ/ਚਮਿਆਰਾਂ ਦੇ ਲੜਕਿਆਂ ਨਾਲ ਵਿਆਹ ਦਿੱਤਾ ਜਾਵੇ ਜਾਂ ਨੀਚ ਜਾਤ ਦੇ ਕਹੇ ਜਾਂਦੇ ਚੂਹੜੇ/ਚਮਿਆਰਾਂ ਦੀਆਂ ਲੜਕੀਆਂ ਨੂੰ ਬ੍ਰਾਹਮਣਾਂ ਦੇ ਲੜਕਿਆਂ ਨਾਲ ਵਿਆਹ ਦਿੱਤਾ ਜਾਵੇ ਤਾਂ ਵੀ ਇਹ ਕੋਈ ਸਾਰਥਿਕ ਕਦਮ ਨਹੀਂ ਹੋਵੇਗਾ ਕਿਉਂਕਿ ਊਚ-ਨੀਚ ਤੇ ਜਾਤ ਤਾਂ ਫਿਰ ਵੀ ਕਾਇਮ ਹੀ ਰਹੇਗੀ, ਲੋੜ ਤਾਂ ਜਾਤ ਸਬਦ ਨੂੰ ਹੀ ਖਤਮ ਕਰਨ ਦੀ ਹੈ। ਜਾਤੀ ਪ੍ਰਬੰਧ ਦਾ ਸਿਰਜਿਕ ਵੀ ਇਹ ਚਾਹੁੰਦਾ ਹੈ ਕਿ ਅੰਤਰ ਜਾਤੀ ਵਿਆਹ ਤਾਂ ਹੋਣ ਪਰ ਜਾਤੀ ਖਤਮ ਨਾ ਹੋਵੇ। ਕਾਨੂੰਨੀ ਤੌਰ ਤੇ ਕਹੀਆਂ ਜਾਂਦੀਆਂ ਨੀਚ ਜਾਤੀਆਂ ਨੂੰ ਵੱਧ ਅਧਿਕਾਰ (ਰਾਖਵਾਂ ਕਰਨ) ਦੇਣ ਦੀ ਨੀਤੀ ਵੀ ਜਾਤੀ ਪ੍ਰਬੰਧ ਦੀ ਹੀ ਇੱਕ ਫੁੱਟ ਪਾਊ ਸਾਜਿਸ ਹੈ। ਜੇ ਅਸੀਂ ਇਸ ਨੂੰ ਨਾ ਸਮਝੇ ਤਾਂ ਬ੍ਰਾਹਮਣ ਨੇ ਦਲਿਤਾਂ ਨੂੰ ਨੀਚ ਜਾਤ ਦੇ ਨਾਲ ਨਾਲ ਇੱਕ ਵੱਖਰੇ ਧਰਮ ਵੱਜੋਂ ਵੀ ਸਥਾਪਿਤ ਕਰ ਦੇਣਾ ਹੈ। ਕਿਉਂਕਿ ਹੁਣ ਜਾਤੀ ਵੰਡ ਵਾਲੀ ਸਾਜਿਸ ਨੂੰ ਕੁੱਝ ਲੋਕ ਪਹਿਚਾਨਣ ਲੱਗ ਗਏ ਹਨ, ਬ੍ਰਾਹਮਣ ਨੂੰ ਵੀ ਪਤਾ ਲੱਗ ਚੁੱਕਿਆ ਹੈ ਕਿ ਜਾਤੀ ਵੰਡ ਨੂੰ ਸਾਇਦ ਜਿਆਦਾ ਸਮਾਂ ਕਾਇਮ ਰੱਖਣਾ ਮੁਸਕਲ ਹੋ ਜਾਵੇ, ਉਸ ਨੇ ਜਾਤੀ ਵੰਡ ਦੇ ਬਦਲ ਵਿੱਚ ਧਰਮ ਵੰਡ ਦਾ ਸਿਧਾਂਤ ਲਾਗੂ ਕਰ ਦੇਣਾ ਹੈ, ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਕਈ ਥਾਵਾਂ 'ਤੇ ਜਿੱਥੇ ਸਾਰੇ ਧਰਮਾਂ ਬਾਰੇ ਜਿਕਰ ਕੀਤਾ ਹੁੰਦਾ ਹੈ ਲਿਖਿਆ ਮਿਲਦਾ ਹੈ, ਹਿੰਦੂ, ਮੁਸਲਿਮ, ਸਿੱਖ ਅਤੇ ਦਲਿਤ। ਫਿਰ ਗੱਲ ਹਿੰਦੂ, ਮੁਸਲਿਮ, ਸਿੱਖ ਤੇ ਦਲਿਤ ਤੱਕ ਸੀਮਤ ਨਹੀਂ ਰਹਿਣੀ, ਫਿਰ ਜਿੰਨੇ ਦੇਸ਼ ਵਿੱਚ ਡੇਰੇ ਜੋ ਜਾਤਾਂ ਦੇ ਨਾਮ ਤੇ ਹਨ ਜਾਂ ਇੱਕ ਜਾਤ ਦੇ ਕਈ ਕਈ ਹਨ ਇਹ ਸੱਭ ਵੱਖਰੇ ਵੱਖਰੇ ਧਰਮ ਬਣਾ ਦਿੱਤੇ ਜਾਣਗੇ। ਜਾਤੀ ਪ੍ਰਬੰਧ ਦੀਆਂ ਸਰਕਾਰਾਂ ਨੇ ਜਾਤਾਂ, ਦੇ ਨਾਲ ਨਾਲ ਡੇਰਿਆਂ ਨੂੰ ਵੀ ਉਤਸਾਹਿਤ ਕਰਨਾ ਸ਼ੁਰੂ ਕੀਤਾ ਹੋਇਆ ਹੈ। ਪਹਿਲਾਂ ਭਗਤਾਂ ਤੇ ਗੁਰੂਆਂ ਦੀ ਸੋਚ ਗੁਰਬਾਣੀ ਨੂੰ ਇੱਕ ਧਰਮ ਬਣਾ ਕੇ ਉਸ ਦੀ ਪੂਜਾ ਸ਼ੁਰੂ ਕਰਵਾ ਦਿੱਤੀ। ਹੁਣ ਦਲਿਤ ਧਰਮ ਨੂੰ ਸਥਾਪਿਤ ਕਰਕੇ ਇਸ ਦੀ ਪੂਜਾ ਸ਼ੁਰੂ ਕਰਵਾ ਦਿੱਤੀ ਜਾਵੇਗੀ। ਫਿਰ ਮੰਦਰਾਂ ਵਿੱਚ ਭਗਤ ਰਵਿਦਾਸ, ਭਗਤ ਕਬੀਰ ਆਦਿ ਦੇ ਬੁੱਤਾਂ ਵਾਂਗ ਡਾ: ਭੀਮ ਰਾਓ ਅੰਬੇਦਕਰ ਅਤੇ ਕਾਂਸ਼ੀ ਰਾਮ ਜੀ ਦੇ ਬੁੱਤ ਸਥਾਪਿਤ ਕਰਕੇ ਉਹਨਾਂ ਦੀ ਪੂਜਾ ਸ਼ੁਰੂ ਕਰਵਾ ਦਿੱਤੀ ਜਾਵੇਗੀ। ਫਿਰ ਸਿੱਖਾਂ ਵਾਂਗ ਦਲਿਤਾਂ ਦਾ ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਹੋਵੇਗੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਾਂ ਦਲਿਤਾਂ ਦੀਆਂ ਮੰਦਰ ਕਮੇਟੀਆਂ ਹੋਣਗੀਆਂ ਜੋ ਅਸਿੱਧੇ ਰੂਪ ਵਿੱਚ ਜਾਤੀ ਪ੍ਰਬੰਧ ਦੇ ਸਿਰਜਿਕ ਬ੍ਰਾਹਮਣ ਲਈ ਹੀ ਕੰਮ ਕਰਨਗੀਆਂ, ਜਿਸ ਤਰਾਂ ਅੱਜ ਸਿੱਖਾਂ ਦੇ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ, ਡੇਰੇ ਤੇ ਟਕਸਾਲਾਂ ਆਦਿ ਕਰ ਰਹੀਆਂ ਹਨ। ਜਾਤੀ ਪ੍ਰਬੰਧ ਦੇ ਸਿਰਜਕ ਚਲਾਕ ਬ੍ਰਾਹਮਣ ਨੇ ਇਸ ਪ੍ਰਬੰਧ ਨੂੰ ਲਾਗੂ ਹੀ ਅਜਿਹੇ ਢੰਗ ਨਾਲ ਕੀਤਾ ਹੈ ਕਿ ਹਰ ਕੋਈ ਇਸ ਵਿੱਚੋਂ ਨਿਕਲਣ ਦੀ ਥਾਂ ਫਸੇ ਰਹਿਣ ਵਿੱਚ ਹੀ ਫਖਰ ਮਹਿਸੂਸ ਕਰਦਾ ਹੈ। ਪਿਛਲੀਆਂ ਸਦੀਆਂ ਵਿੱਚ ਇਸ ਜਾਤੀ ਪ੍ਰਬੰਧ ਨੂੰ ਕਾਨੂੰਨੀ ਧੱਕੇ (ਮੰਨੂੰ ਸਿੰਮ੍ਰਤੀ) ਦੀ ਡਾਂਗ ਦੇ ਜੋਰ ਨਾਲ ਲਾਗੂ ਰੱਖਿਆ ਗਿਆ ਸੀ ਅਤੇ ਹੁਣ ਰਾਖਵੇਕਰਣ ਦਾ ਚੋਗਾ ਪਾ ਕੇ ਲਾਗੂ ਕੀਤਾ ਹੋਇਆ ਹੈ। ਇਸ ਦੀ ਪਿੰਜਰੇ ਦੇ ਤੋਤੇ ਜਾਂ ਸ਼ੇਰ ਦੀ ਜਿੰਦਗੀ ਨਾਲ ਵੀ ਤੁਲਨਾ ਕੀਤੀ ਜਾ ਸਕਦੀ ਹੈ ਕਿ ਖੁਦ ਸ਼ਿਕਾਰ ਕਰਕੇ (ਕਮਾ ਕੇ) ਖਾਣ ਵਾਲੇ ਨੂੰ ਜਾਤ ਦੇ ਪਿੰਜਰੇ ਵਿੱਚ ਬੰਦ ਕਰਕੇ, ਪਿੰਜਰੇ ਵਿੱਚ ਬੈਠੇ ਨੂੰ ਮਾਰ ਕੇ ਲਿਆਂਦਾ (ਬਿਨਾਂ ਕਮਾਇਆ) ਭੋਜਨ ਖਵਾ ਖਵਾ ਕੇ ਉਸ ਦੇ ਸ਼ੇਰ ਪੁਣੇ ਨੂੰ ਖਤਮ ਕਰਨ ਦੇ ਨਾਲ ਨਾਲ ਉਸ ਦੀ ਜੰਗਲੀ ਅਜਾਦੀ ਵਾਲੀ ਦਾਹੜ ਅਤੇ ਨਿੱਡਰਤਾ ਨੂੰ ਖਤਮ ਕਰਕੇ ਗਿੱਦੜ ਨਾਲੋਂ ਵੀ ਹੀਣਾ ਬਣਾਇਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਭਾਰਤ ਦਾ ਮਾਲਕ ਮੂਲ ਨਿਵਾਸੀ ਆਪਣੀ ਜਾਤੀ ਗੁਲਾਮੀ ਨੂੰ ਸਮਝੇ ਬਗੈਰ, ਜਾਤੀ ਵੰਡ ਦੀ ਗੁਲਾਮੀ ਤੋਂ ਅਜ਼ਾਦੀ ਲੈਣ ਲਈ ਲੜ ਕੇ ਮਰਨ ਦੀ ਥਾਂ ਰਾਖਵੇਂਕਰਨ ਦਾ ਚੋਗਾ ਪ੍ਰਾਪਤ ਕਰਨ ਲਈ

ਜਿੱਥੇ ਆਪਣੇ ਹੀ ਭਰਾਵਾਂ ਨਾਲ ਲੜ ਕੇ ਮਰ ਰਿਹਾ ਹੈ, ਉੱਥੇ ਜਾਤੀ ਵੰਡ ਵਾਲੀ ਗੁਲਾਮੀ ਨੂੰ ਹੋਰ ਮਜਬੂਤ ਵੀ ਕਰ ਰਿਹਾ ਹੈ। ਬ੍ਰਾਹਮਣ ਦੀ ਜਾਤੀ ਵੰਡ ਵਾਲੀ ਗੁਲਾਮੀ ਤੋਂ ਅਜਾਦ ਹੋਣ ਲਈ ਸਾਨੂੰ ਜਾਤੀ ਅਧਾਰਿਤ ਰਾਖਵੇਂ ਕਰਣ ਨੂੰ ਤਿਆਗ ਕੇ ਇਸ ਦਾ ਡੱਟ ਕੇ ਵਿਰੋਧ ਵੀ ਕਰਨਾ ਪਵੇਗਾ, ਜੇ ਰਾਖਵੇਂ ਕਰਣ ਦੀ ਸਹਾਇਤਾ ਲੈਣੀ ਹੈ ਤਾਂ ਉਹ ਆਰਥਿਕ ਅਧਾਰ ਤੇ ਹੋਣੀ ਚਾਹੀਦੀ ਹੈ ਨਾ ਕਿ ਜਾਤੀ ਵੰਡ ਦੇ ਅਧਾਰ ਤੇ। ਸਾਡੀ ਲੜਾਈ ਜਾਤ ਅਧਾਰਤ ਦੀ ਥਾਂ ਜਾਤੀ ਪ੍ਰਬੰਧ ਦੇ ਵਿਰੁੱਧ ਹੋਣੀ ਚਾਹੀਦੀ ਹੈ। ਫਰਵਰੀ 2016 ਵਿੱਚ ਹਰਿਆਣੇ ਦੇ ਜਾਟਾਂ ਨੇ ਅਗਿਆਨਤਾ ਵੱਸ/ ਜਾਤੀ ਸਿਰਜਿਕ ਪ੍ਰਬੰਧ ਦੀ ਸਾਜਿਸ਼ ਦਾ ਸ਼ਿਕਾਰ ਹੋਇਆਂ ਨੇ ਜਾਟ ਰਾਖਵਾਂ ਕਰਨ ਦੇ ਨਾਮ ਤੇ ਗੁੰਡਾਗਰਦੀ ਕਰਦਿਆਂ ਆਪਣੇ ਹੀ ਭਰਾਵਾਂ ਦੀਆਂ ਜਾਇਦਾਦਾਂ ਨੂੰ ਸਾੜ ਕੇ ਅਤੇ ਆਪਣੀਆਂ ਹੀ ਧੀਆਂ ਭੈਣਾਂ ਦੀਆਂ ਇੱਜਤਾਂ ਲੁੱਟ ਕੇ ਇਨਸਾਨੀਅਤ ਦੇ ਮੁੱਖ 'ਤੇ ਕਾਲਖ ਪੋਚ ਦਿੱਤੀ ਸੀ। ਇਸ ਘਟਨਾ ਨਾਲ ਜਿੱਥੇ ਇਨਸਾਨੀਅਤ ਸ਼ਰਮਸਾਰ ਹੋਈ ਉਥੇ ਜਾਤੀ ਪ੍ਰਬੰਧ ਦੇ ਸਿਰਜਿਕਾਂ ਨੂੰ ਮਨੁੱਖਤਾ ਦੀਆਂ ਲਾਸ਼ਾਂ ਉੱਤੇ ਜਾਤੀਵਾਦ ਦੀਆਂ ਕੰਧਾਂ ਹੋਰ ਉੱਚੀਆਂ ਤੇ ਪੱਕੀਆਂ ਹੁੰਦੀਆਂ ਵੇਖ ਕੇ ਖੁਸ਼ੀ ਮਿਲੀ ਹੋਵੇਗੀ। ਜਾਤੀ ਵੰਡੀਆਂ ਦੇ ਅਜਿਹੇ ਮਾੜੇ ਨਤੀਜਿਆਂ ਬਾਰੇ ਸੁਚੇਤ ਕਰਦਿਆਂ ਅਤੇ ਜਾਤ ਦਾ ਹੰਕਾਰ ਕਰਨ ਵਾਲੇ ਬ੍ਰਾਹਮਣ ਨੂੰ ਮੂਰਖ ਕਹਿੰਦਿਆਂ ਗੁਰੂ ਸਾਹਿਬ ਜੀ ਨੇ ਸਦੀਆਂ ਪਹਿਲਾਂ ਕਿਹਾ ਸੀ ਕਿ :- **ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥1॥ ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥1॥ਰਹਾਉ ॥ ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥2॥ (1127)** ਹੇ ਭਾਈ ! ਕੋਈ ਭੀ ਧਿਰ ਉੱਚੀ ਜਾਤ ਦਾ ਮਾਣ ਨਾਹ ਕਰਿਓ। (ਜਾਤ ਦੇ ਆਸਰੇ ਬ੍ਰਾਹਮਣ ਨਹੀਂ ਬਣੀਂਦਾ) ਉਹ ਮਨੁੱਖ ਬ੍ਰਾਹਮਣ ਬਣ ਜਾਂਦਾ ਹੈ ਜਿਹੜਾ ਬ੍ਰਹਮ (ਪਰਮਾਤਮਾਂ) ਨਾਲ ਡੂੰਗੀ ਸਾਂਝ ਪਾ ਲੈਂਦਾ ਹੈ।1। ਹੇ ਮੂਰਖ! ਹੇ ਗੰਵਾਰ! (ਉਚੀ) ਜਾਤ ਦਾ ਮਾਣ ਨਾਹ ਕਰ। ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿੱਚ) ਕਈ ਵਿਗਾੜ ਚੱਲ ਪੈਂਦੇ ਹਨ।2। ਹੇ ਭਾਈ ! ਹਰੇਕ ਮਨੁੱਖ ਆਖਦਾ ਹੈ ਕਿ ਬ੍ਰਾਹਮਣ, ਖੱਤ੍ਰੀ, ਵੈਸ਼ ਅਤੇ ਸ਼ੂਦਰ ਚਾਰ ਵਰਨ ਹਨ। ਪਰ ਇਹ ਲੋਕ ਇਹ ਨਹੀਂ ਸਮਝਦੇ ਕਿ ਪਰਮਾਤਮਾਂ ਦੀ ਜੋਤਿ-ਰੂਪ ਅਸਲੇ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ। ਜਾਤੀਵਾਦ ਦੇ ਅਜਿਹੇ ਝਗੜਿਆਂ ਤੋਂ ਗੁਰੂ ਸਾਹਿਬ ਜੀ ਨੇ ਸਾਨੂੰ ਸਦੀਆਂ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ ਪਰ ਇਸ ਨੂੰ ਅਸੀਂ ਅੱਜ ਤੱਕ ਨਹੀਂ ਸਮਝ ਸਕੇ ਕਿਉਂਕਿ ਜਾਤੀ ਪ੍ਰਬੰਧ ਦੇ ਜਨਮ ਦਾਤੇ ਨੇ ਪ੍ਰਬੰਧ ਹੀ ਐਸਾ ਸਿਰਜਿਆ ਹੈ ਕਿ ਉਹ ਭਾਰਤ ਦੇ ਵੱਡੀ ਗਿਣਤੀ ਦੇ ਮੂਲ ਨਿਵਾਸੀਆਂ ਨੂੰ ਸਮਝ ਹੀ ਨਹੀਂ ਆ ਰਿਹਾ। ਇਸ ਜਾਤੀ ਪ੍ਰਬੰਧ ਦੇ ਸਿਰਜਿਕ ਨੇ ਜਿੱਥੇ ਮਨੁੱਖਤਾ ਨੂੰ ਉਚੀਆਂ ਨੀਵੀਆਂ ਜਾਤਾਂ ਵਿੱਚ ਵੰਡਿਆ ਉੱਥੇ ਇਕੱਲੇ ਮਨੁੱਖ ਨੂੰ ਵੀ ਅੱਗੇ ਦੋ ਜਾਤਾਂ ਵਿੱਚ ਵੰਡ ਦਿੱਤਾ ਹੈ, ਇਸਤਰੀ ਨੀਚ ਜਾਤ ਤੇ ਪੁਰਸ਼ ਉਤਮ। ਜਦ ਕਿ ਇਸਤਰੀ ਤੇ ਪੁਰਸ਼ ਦੋਨੋਂ ਰਲ ਕੇ ਹੀ ਇੱਕ ਸੰਪੂਰਨ ਮਨੁੱਖ ਬਣਦੇ ਹਨ, ਕਿਉਂਕਿ ਇਸਤਰੀ ਤੋਂ ਬਗੈਰ ਪੁਰਸ਼ ਅਧੂਰਾ ਹੈ ਅਤੇ ਪੁਰਸ਼ ਤੋਂ ਵਗੈਰ ਇਸਤਰੀ ਅਧੂਰੀ ਹੈ, ਪਰ ਬ੍ਰਾਹਮਣ ਨੇ ਇਸ ਕੁਦਰਤੀ ਰਿਸ਼ਤੇ ਵਿੱਚ ਵੀ ਫੁੱਟ ਪਾ ਦਿੱਤੀ ਹੈ। ਬ੍ਰਾਹਮਣ ਦੀ ਇਸ ਚਾਲ ਨੂੰ ਪਹਿਲਾਂ ਮਹਾਤਮਾ ਗੌਤਮ ਬੁੱਧ ਨੇ ਸਮਝਿਆ ਤਾਂ ਜਾਤੀ ਪ੍ਰਬੰਧ ਦੇ ਸਿਰਜਿਕ ਬ੍ਰਾਹਮਣ ਨੇ ਬੋਧੀ ਸੋਚ ਨੂੰ ਅਜਿਹਾ ਖਤਮ ਕੀਤਾ ਕਿ ਅੱਜ ਹਿੰਦੂ ਦੇਵਤਿਆਂ ਵਾਂਗ ਬੁੱਧ ਦੇ ਬੁਤਾਂ ਦੀ ਪੂਜਾ ਹੋ ਰਹੀ ਹੈ। ਬੁੱਧ ਤੋਂ ਬਾਅਦ ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨੇ ਬ੍ਰਾਹਮਣ ਦੇ ਇਸ ਜਾਤੀ ਪ੍ਰਬੰਧ ਦੇ ਵਿਰੁੱਧ ਬਰਾਬਰਤਾ ਵਾਲਾ ਸਮਾਜ ਸਿਰਜਿਣ ਲਈ ਸੰਘਰਸ਼ ਕੀਤਾ। ਬ੍ਰਾਹਮਣ ਦੇ ਵੱਲੋਂ ਮਨੁੱਖਤਾ ਨੂੰ ਵੰਡਣ ਵਾਲੀ ਪਾਈ ਜਾਤੀ ਵੰਡ ਨੂੰ ਨਕਾਰਦੇ ਹੋਏ ਚਣੌਤੀ ਦਿੰਦਿਆਂ ਭਗਤ ਕਬੀਰ ਜੀ ਕਹਿ ਰਹੇ ਹਨ ਕਿ :- **ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥ ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ਬਾਮਨ ਕਹਿ ਕਹਿ ਜਨਮੁ ਮਤ ਖੋਏ॥1॥ਰਹਾਉ॥ ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥2॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥3॥ (324)** ਸਾਰੇ ਜੀਵਾਂ ਦੀ ਉਤਪੱਤੀ ਪਰਮਾਤਮਾਂ ਦੀ ਅੰਸ਼ ਤੋਂ ਹੈ, ਮਾਂ ਦੇ ਪੇਟ ਵਿੱਚ ਤਾਂ ਕਿਸੇ ਨੂੰ ਇਹ ਸਮਝ ਨੀ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ। ਦੱਸ ਹੇ ਪੰਡਿਤ! ਤੁਸੀਂ ਬ੍ਰਾਹਮਣ ਕਦੋਂ ਦੇ ਬਣ ਗਏ ਹੋਂ ? ਇਹ ਆਖ ਆਖ ਕਿ ਮੈਂ ਬ੍ਰਾਹਮਣ ਹਾਂ, ਮੈਂ ਬ੍ਰਾਹਮਣ ਹਾਂ, ਮਨੁੱਖਾ ਜਨਮ ਨਾ ਗਵਾਓ।1। ਜੇ ਤੂੰ ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੈਂ, ਤਾਂ ਤੂੰ ਕਿਸੇ ਹੋਰ ਰਾਹੇ ਕਿਉਂ ਨੀ ਜੰਮ ਪਿਆ ? ।2। ਤੁਸੀਂ ਕਿਵੇਂ ਬ੍ਰਾਹਮਣ ? ਅਸੀਂ ਕਿਵੇਂ ਸ਼ੂਦਰ ? ਸਾਡੇ ਸਰੀਰ ਵਿੱਚ ਕਿਵੇਂ ਲਹੂ ਹੈ? ਤੁਹਾਡੇ ਸਰੀਰ ਵਿੱਚ ਕਿਵੇਂ (ਲਹੂ ਦੀ ਥਾਂ) ਦੁੱਧ ਹੈ?।3। ਬ੍ਰਾਹਮਣ ਵੱਲੋਂ ਇਸਤਰੀ ਜਾਤੀ ਨੂੰ ਨੀਚ ਕਹਿ ਕੇ ਮੰਦਾ ਕਹਿਣ ਵਾਲਿਆਂ ਨੂੰ ਸਮਝਾਉਂਦਿਆਂ ਬਾਬੇ ਨਾਨਕ ਜੀ ਨੇ ਔਰਤਾਂ ਦੇ ਹੱਕ ਵਿੱਚ ਅਵਾਜ ਉਠਾਉਦਿਆਂ ਕਿਹਾ ਸੀ ਕਿ :- **ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (473)** ਪ੍ਰੋ: ਸਾਹਿਬ ਸਿੰਘ ਨੇ ਇਸ ਸ਼ਬਦ ਦੇ ਅਰਥ ਕਰਦਿਆਂ ਲਿਖਿਆ ਹੈ ਕਿ ਇਸਤਰੀ ਤੋਂ ਜਨਮ ਲਈਂਦਾ ਹੈ, ਇਸਤਰੀ ਦੇ ਪੇਟ ਵਿੱਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ, ਇਸਤਰੀ ਰਾਹੀਂ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ, ਇਸਤਰੀ ਰਾਹੀਂ ਹੀ ਹੋਰ ਲੋਕਾਂ ਨਾਲ ਸਬੰਧ ਬਣਦਾ ਹੈ, ਇਸਤਰੀ ਤੋਂ ਹੀ ਜਗਤ ਦੀ ਉਤਪਤੀ ਦਾ ਰਸਤਾ ਚੱਲਦਾ ਹੈ, ਜੇ ਇਸਤਰੀ ਮਰ ਜਾਏ ਤਾਂ ਹੋਰ ਇਸਤਰੀ ਦੀ ਭਾਲ ਕਰੀਂਦੀ ਹੈ, ਇਸਤਰੀ ਤੋਂ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ, ਜਿਸ ਇਸਤਰੀ ਜਾਤੀ ਤੋਂ ਰਾਜੇ ਭੀ ਜੰਮਦੇ ਹਨ ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। (ਸ਼੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ ਪੰਨਾ ਨੰ: 680) ॥ ਜਾਤੀ ਭੇਦ ਭਾਵ ਤੋਂ ਦੁਖੀ ਹੋਏ ਭਗਤ ਨਾਮ ਦੇਵ ਜੀ ਬ੍ਰਾਹਮਣ ਵੱਲੋਂ ਨੀਚ ਢੇਡ ਕਹੇ ਜਾਣ ਤੇ ਪ੍ਰਮਾਤਮਾਂ ਅੱਗੇ ਕਿਵੇਂ ਫਰਿਆਦ ਕਰਦੇ ਹੋਏ ਕਹਿ ਰਹੇ ਹਨ ਕਿ :- **ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥2॥ (1292)।** ਜੇ ਤੂੰ ਮੈਨੂੰ ਮਰਨ ਪਿੱਛੋਂ ਮੁਕਤੀ ਦੇ ਦਿੱਤੀ, ਤੇਰੀ ਦਿੱਤੀ ਹੋਈ ਮੁਕਤੀ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ, ਇਹ ਪਾਂਡੇ ਮੈਨੂੰ ਨੀਚ ਆਖ ਰਹੇ ਹਨ, ਇਸ ਤਰ੍ਹਾਂ ਤਾਂ ਤੇਰੀ ਆਪਣੀ ਹੀ ਇੱਜ਼ਤ ਘੱਟ ਰਹੀ ਹੈ। ਇਸ ਸ਼ਬਦ ਤੋਂ ਸਿੱਧ ਹੁੰਦਾ ਹੈ ਕਿ ਭਗਤ ਨਾਮਦੇਵ ਜੀ ਦੇ ਸਮੇਂ ਵੀ ਜਾਤੀ ਪ੍ਰਬੰਧ ਦੇ ਸਿਰਜਿਕਾਂ ਵੱਲੋਂ ਜਾਤ ਦੇ ਅਧਾਰ ਤੇ ਮਨੁੱਖਤਾ ਨੂੰ ਕਿਵੇਂ ਅਪਮਾਨਿਤ ਕੀਤਾ ਜਾਂਦਾ ਸੀ। ਰੱਬ ਦੇ ਨਾਮ ਤੇ ਬ੍ਰਾਹਮਣ ਵੱਲੋਂ ਪਾਈ ਵਰਣ ਵੰਡ ਵਾਰੇ ਸਮਝਾਉਂਦਿਆਂ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ :- **ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ**

**ਦੇਊ॥3॥ (469)** ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ। ਬ੍ਰਾਹਮਣ ਦਾ ਧਰਮ ਵੇਦਾਂ ਦੀ ਵਿਚਾਰ ਹੈ। ਖਤ੍ਰੀਆਂ ਦਾ ਧਰਮ ਸੂਰਮਿਆਂ ਵਾਲੇ ਕੰਮ ਕਰਨਾ ਹੈ। ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨਾ ਹੈ। ਪਰ ਅਸਲ ਵਿੱਚ ਸਾਰਿਆਂ ਦਾ ਧਰਮ ਇੱਕ ਹੀ ਹੈ ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਪ੍ਰਭੂ ਦਾ ਰੂਪ ਹੈ। ਜਾਤੀ ਪ੍ਰਬੰਧ ਦੀ ਸੋਚ ਦੇ ਵਿਰੁੱਧ ਆਪਣੇ ਆਪ ਨੂੰ ਜਾਤਾਂ ਧਰਮਾਂ ਤੋਂ ਵੱਖਰਾ ਅਜਾਦ ਐਲਾਨਦਿਆਂ ਭਗਤ ਜਬੀਰ ਜੀ ਕਹਿ ਰਹੇ ਹਨ :- **ਉਲਟਿ ਜਾਤਿ ਕੁਲ ਦੋਊ ਬਿਸਾਰੀ॥ ਸੁੰਨ ਸਹਜ ਮਹਿ ਬੁਨਤ ਹਮਾਰੀ॥1॥ ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥1॥ਰਹਾਉ॥ ਬੁਨਿ ਬੁਨਿ ਆਪ ਆਪੁ ਪਹਿਰਾਵਉ॥ ਜਹ ਨਹੀ ਆਪੁ ਤਹਾ ਹੋਇ ਗਾਵਉ॥2॥ ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥3॥ (1158)** ਪ੍ਰਭੂ ਦੇ ਨਾਮ ਦੀ ਬਰਕਤਿ ਨਾਲ ਮਨ ਨੂੰ ਮਾਇਆ ਵੱਲੋਂ ਉਲਟਾ ਕੇ ਮੈਂ ਜਾਤ ਤੇ ਕੁਲ ਦੋਵੇਂ ਵਿਸਾਰ ਦਿੱਤੀਆਂ ਹਨ, ਜਿਉਂ ਜਿਉਂ ਮੈਂ ਨਾਮ ਸਿਮਰਨ ਦੀ ਤਾਣੀ ਉਣ ਰਿਹਾ ਹਾਂ, ਮੇਰੀ ਅਵਸਥਾ ਹੁਣ ਅਡੋਲ ਹੋ ਗਈ ਹੈ, ਮੈ ਪੰਡਿਤ ਅਤੇ ਮੁੱਲਾਂ ਦੋਹੇਂ ਹੀ ਛੱਡ ਦਿੱਤੇ ਹਨ।1। ਪ੍ਰਭੂ ਚਰਨਾ ਵਿੱਚ ਟਿਕੀ ਸੁਰਤ ਦੀ ਤਾਣੀ ਉਣ ਉਣ ਕੇ ਮੈਂ ਆਪਣੇ ਆਪ ਨੂੰ ਪਹਿਨਾ ਰਿਹਾ ਹਾਂ, ਮੈਂ ਉੱਥੇ ਪਹੁੰਚ ਕੇ ਪ੍ਰਭੂ ਦੀ ਸਿਫਤ ਸਲਾਹ ਕਰ ਰਿਹਾ ਹਾਂ ਜਿੱਥੇ ਆਪਾ-ਭਾਵ ਨਹੀਂ ਹੈ।2। ਕਰਮ ਕਾਂਢ ਤੇ ਸ਼ਰਹ ਬਾਰੇ ਪੰਡਿਤਾਂ ਅਤੇ ਮੌਲਵੀਆਂ ਨੇ ਜੋ ਕੁੱਝ ਲਿਖਿਆ ਹੈ, ਮੈਨੂੰ ਉਸ ਦੀ ਲੋੜ ਨਹੀਂ ਰਹੀ, ਮੈਂ ਇਹ ਸੱਭ ਕੁੱਝ ਛੱਡ ਦਿੱਤਾ ਹੈ।3। ਬ੍ਰਾਹਮਣ ਦੇ ਧਾਰਮਿਕ ਚਿੰਨ੍ਹ ਜਨੇਊ, ਬੇਦ ਗਾਇਤ੍ਰੀ ਪੜਨ੍ਹ, ਭਾਰਤੀਆਂ ਦੇ ਮਾਲਿਕ (ਧਰਮ ਗੁਰੂ) ਬਣਨ ਅਤੇ ਰਾਜਿਆਂ ਤੋਂ ਮੰਗ ਕੇ ਖਾਣ ਦੇ ਪਖੰਡ ਤੇ ਚੋਟ ਕਰਦਿਆਂ ਭਗਤ ਕਬੀਰ ਜੀ ਫੁਰਮਉਂਦੇ ਹਨ ਕਿ :- **ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥ ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥1॥ ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥ ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ॥1॥ ਰਹਾਉ ॥ ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥ ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥2॥ ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥ ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥3॥ (482)** ਹੇ ਝੱਲੇ ਬ੍ਰਾਹਮਣ! ਜੇ ਤੈਨੂੰ ਇਸ ਕਰਕੇ ਆਪਣੀ ਉਚੀ ਜਾਤ ਦਾ ਮਾਣ ਹੈ ਕਿ ਤੇਰੇ ਗਲ ਵਿੱਚ ਜਨੇਊ ਹੈ, ਜੋ ਸਾਡੇ ਗਲ ਵਿੱਚ ਨਹੀਂ ਹੈ, ਤਾਂ ਵੇਖ ਉਹੋ ਜਿਹਾ ਹੀ ਸਾਡੇ ਘਰ ਬਥੇਰਾ ਸੂਤਰ ਹੈ ਜਿਸ ਨਾਲ ਨਿੱਤ ਤਾਣਾ ਤਣਦੇ ਹਾਂ। ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਭੀ ਕੂੜਾ ਹੈ ਕਿਉਂਕਿ ਤੁਸੀ ਤਾਂ ਵੇਦ ਤੇ ਗਾਇਤ੍ਰੀ-ਮੰਤਰ ਨਿਰੇ ਜੀਭ ਨਾਲ ਹੀ ਉਚਾਰ ਦੇ ਹੋਂ, ਪਰ ਪਰਮਾਤਮਾ ਤਾਂ ਮੇਰੇ ਹਿਰਦੇ ਵਿੱਚ ਵੱਸਦਾ ਹੈ।1। ਹੇ ਕਮਲੇ ਬ੍ਰਾਹਮਣ! ਪ੍ਰਭੂ ਜੀ ਤਾਂ ਮੇਰੀ ਜੀਭ ਉਤੇ, ਮੇਰੀਆਂ ਅੱਖਾਂ ਵਿੱਚ ਤੇ ਦਿਲ ਵਿੱਚ ਵਸਦੇ ਹਨ। ਪਰ ਜਦੋਂ ਤੈਨੂੰ ਧਰਮਰਾਜ ਦੀ ਹਜੂਰੀ ਵਿੱਚ (ਇਨਸਾਫ ਦੀ ਕਚਹਿਰੀ ਵਿੱਚ ਵਿਚਾਰਿਆ ਜਾਏ ਤਾਂ ਤੇਰੇ ਪਾਸ ਕੀ ਉਤਰ ਹੈ) ਪ੍ਰਭੂ ਵੱਲੋਂ ਪੁੱਛ ਹੋਵੇਗੀ ਤਾਂ ਕੀ ਉੱਤਰ ਦੇਵੇਗਾ, ਹੇ ਬ੍ਰਾਹਮਣ ਤੁਸੀਂ ਕਈ ਜਨਮਾਂ ਤੋਂ ਸਾਡੇ ਰਾਖੇ (ਮਾਲਕ ਗੁਆਲੇ) ਬਣੇ ਆ ਰਹੇ ਹੋਂ, ਅਸੀਂ ਤੁਹਾਡੀਆਂ ਗਾਈਆਂ ਬਣੇ ਰਹੇ, ਪਰ ਤੁਸੀਂ ਹੁਣ ਤੱਕ ਨਕਾਰਾ ਹੀ ਸਾਬਤ ਹੋਏ, ਤੁਸਾਂ ਕਦੇ ਭੀ ਸਾਨੂੰ (ਨਦੀਓਂ) ਪਾਰ ਲੰਘਾ ਕੇ ਨਾਹ ਚਾਰਿਆ, ਭਾਵ ਕਿ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਲੀ ਕੋਈ ਮੱਤ ਨਾ ਦਿੱਤੀ।2। ਇਹ ਠੀਕ ਹੈ ਕਿ ਤੂੰ ਕਾਂਸ਼ੀ ਦਾ ਬ੍ਰਾਹਮਣ ਹੈਂ, ਤੈਨੂੰ ਕਾਂਸ਼ੀ ਵਿੱਚ ਪ੍ਰਾਪਤ ਕੀਤੀ ਆਪਣੀ ਵਿੱਦਿਆ ਦਾ ਮਾਣ ਹੈ ਤੇ ਮੈਂ ਜਾਤ ਦਾ ਜੁਲਾਹਾ ਹਾਂ ਜਿਸ ਨੂੰ ਤੁਹਾਡੀ ਵਿੱਦਿਆ ਪੜ੍ਹਨ ਦਾ ਹੱਕ ਨਹੀਂ ਹੈ, ਪਰ ਮੇਰੀ ਵਿਚਾਰ ਦੀ ਇੱਕ ਗੱਲ ਸੋਚ ਕਿ ਵਿੱਦਿਆ ਪੜ੍ਹ ਕੇ ਤੁਸੀਂ ਆਖਰ ਕਰਦੇ ਕੀਹ ਹੋਂ, ਤੁਸੀਂ ਤਾਂ ਰਾਜੇ ਰਾਣਿਆਂ ਦੇ ਦਰ ਤੇ ਮੰਗਦੇ ਫਿਰਦੇ ਹੋਂ ਤੇ ਮੇਰੀ ਸੁਰਤਿ ਪ੍ਰਭੂ ਨਾਲ ਜੁੜੀ ਹੋਈ ਹੈ।3। ਜਾਤੀ ਪ੍ਰਬੰਧ ਦੇ ਸਿਰਜਿਕਾਂ ਨੇ ਬੁੱਧ ਮੱਤ ਵੱਲੋਂ ਜਾਤ ਧਰਮ ਤੇ ਕੀਤੀ ਗਈ ਚੋਟ ਦੇ ਜਖਮਾਂ ਨੂੰ ਭਰ ਕੇ ਇਸ ਨੂੰ ਦੁਬਾਰਾ ਮਜਬੂਤੀ ਨਾਲ ਲਾਗੂ ਕਰਨ ਵਾਸਤੇ ਆਪਣਾ ਨਵਾਂ ਵਿਧਾਨ ਕਾਨੂੰਨ ਤਿਆਰ ਕਰਕੇ ਇਸ ਨੂੰ ਮੰਨੂ ਸਿੰਮ੍ਰਿਤੀ ਦਾ ਨਾਮ ਦਿੱਤਾ, ਇਸ ਮੰਨੂ ਸਿੰਮ੍ਰਿਤੀ ਨੂੰ ਅਧਾਰ ਬਣਾਕੇ ਜਾਤੀ ਵੰਡ ਨੂੰ ਪੱਕਿਆਂ ਕਰਦਿਆਂ ਭਾਰਤੀਆਂ ਉਪਰ ਫਿਰ ਜੁਰਮ ਸੁਰੂ ਕਰ ਦਿੱਤੇ ਸਨ। ਬ੍ਰਾਹਮਣ ਦੇ ਮੰਨੂ ਵਿਧਾਨ (ਮੰਨੂ ਸਿੰਮ੍ਰਿਤੀ) ਦੀ ਸੱਪਣੀ (ਨਾਗਨ) ਨਾਲ ਤੁਲਨਾ ਕਰਦਿਆਂ ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ :- **ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥1॥ ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥1॥ਰਹਾਉ॥ ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥2॥ ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥3॥ (329)** ਹੇ ਵੀਰ! ਇਹ ਸਿੰਮ੍ਰਿਤੀ ਜੋ ਬੇਦਾਂ ਦੇ ਅਧਾਰ ਤੇ ਬਣੀ ਹੈ ਇਹ ਆਪਣੇ ਸ਼ਰਧਾਲੂਆਂ (ਮੰਨਣ ਵਾਲਿਆਂ) ਵਾਸਤੇ ਵਰਨ ਆਸ਼ਰਮ ਦੇ ਮਾਨੋ ਸੰਗਲ ਤੇ ਕਰਮ-ਕਾਂਢ ਦੀਆਂ ਰੱਸੀਆਂ ਲੈ ਕੇ ਆਈ ਹੋਈ ਹੈ।1। ਇਸ ਸਿੰਮ੍ਰਿਤੀ ਨੇ ਆਪਣੇ ਸਾਰੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ, ਇਹਨਾ ਨੂੰ ਨਰਕ ਸੁਰਗ ਆਦਿਕ ਦੇ ਮੋਹ ਦੀ ਫਾਹੀ ਵਿੱਚ ਫਸਾ ਕੇ, ਇਹਨਾ ਦੇ ਸਿਰ ਤੇ ਮੌਤ ਦੇ ਸਹਿਮ ਦਾ ਤੀਰ ਖਿੱਚਿਆ ਹੋਇਆ ਹੈ।1। ਇਹ ਸਿੰਮ੍ਰਿਤੀ-ਰੂਪ ਫਾਹੀ ਸ਼ਰਧਾਲੂਆਂ ਪਾਸੋਂ ਵੱਢਿਆਂ ਵੱਢੀ ਨਹੀਂ ਜਾ ਸਕਦੀ ਅਤੇ ਨਾ ਹੀ ਇਹ ਆਪਣੇ ਆਪ ਟੁੱਟਦੀ ਹੈ। ਇਹ ਸੱਪਣੀ ਬਣ ਕੇ ਸਾਰੇ ਜਗਤ ਨੂੰ ਖਾ ਰਹੀ ਹੈ।2। ਮੇਰੇ ਦੇਖਦਿਆਂ ਦੇਖਦਿਆਂ ਜਿਸ ਨੇ ਸਾਰੇ ਸੰਸਾਰ ਨੂੰ ਠੱਗ ਲਿਆ ਹੈ, ਮੈਂ ਪ੍ਰਭੂ ਦਾ ਸਿਮਰਨ ਕਰਕੇ ਉਸ ਤੋਂ ਬਚ ਗਿਆ ਹਾਂ।3। ਗੁਰਬਾਣੀ ਵਿੱਚ ਬ੍ਰਾਹਮਣ ਦੇ ਜਾਤੀ ਪ੍ਰਬੰਧ, ਊਚ-ਨੀਚ, ਬਹੁ ਦੇਵੀ-ਦੇਵਤਾ ਵਾਦ, ਬੁੱਤ ਪੂਜਾ, ਕਰਮ-ਕਾਂਢ, ਪੁੰਨ-ਦਾਨ, ਵਰਤ ਆਦਿ ਦਾ ਖੰਡਨ ਕਰਦੇ ਅਨੇਕਾਂ ਸਬਦ ਹਨ, ਜਿੰਨਾ ਨੂੰ ਅਸੀਂ ਪੜ ਸੁਣ ਕੇ ਵਿਚਾਰਨ ਦੀ ਥਾਂ ਸਿਰਫ ਮੱਥੇ ਟੇਕਣ ਤੱਕ ਹੀ ਸੀਮਤ ਹੋ ਕੇ ਰਹਿ ਗਏ। ਸਾਡੇ ਕੋਲ ਸਾਡੇ ਭਗਤਾਂ ਤੇ ਗੁਰੂਆਂ ਦੀ ਸੋਚ ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਹੈ ਜੋ ਇੱਕ ਪਿਤਾ ਦੇ ਪੁੱਤਰ ਜਾਣ ਕੇ ਸਾਂਝੀਵਾਲਤਾ ਦਾ ਸਬਕ ਸਿੱਖਾ ਕੇ ਜਾਤੀ ਬੰਧਨਾਂ ਤੋਂ ਮੁਕਤ ਕਰਦੀ ਹੈ, ਸਾਨੂੰ ਗੁਰਬਾਣੀ ਤੋਂ ਸੇਧ ਲੈ ਕੈ ਜਾਤੀਵਾਦ ਨੂੰ ਖਤਮ ਕਰਕੇ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਬ੍ਰਾਹਮਣਵਾਦ ਦਾ ਜੇ ਕੋਈ ਸੱਭ ਤੋਂ ਵੱਡਾ ਦੁਸ਼ਮਣ ਹੈ ਉਹ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ, ਜੋ ਬ੍ਰਾਹਮਣ ਦੇ ਪਾਖੰਡ, ਬੁੱਤ ਪੂਜਾ, ਤੀਰਥ ਯਾਤਰਾ, ਜਾਤ-ਪਾਤ, ਊਚ-ਨੀਚ, ਭਾਵ ਕਿ ਮਨੁੱਖਤਾ ਵਿਰੋਧੀ ਹਰ ਕਰਮ ਕਾਂਢ ਦਾ ਡੱਟ ਕੇ ਖੰਡਨ ਕਰਦਾ ਹੈ ਅਤੇ ਸਮੁੱਚੀ ਮਨੁੱਖਤਾ ਨੂੰ ਇੱਕ ਪਿਤਾ ਦੀ ਸੰਤਾਨ ਮੰਨਕੇ ਬਰਾਬਰਤਾ ਦਿੰਦਾ ਹੈ। ਪਰ ਅਫਸੋਸ ਕਿ ਸਾਨੂੰ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੇ ਬ੍ਰਾਹਮਣ ਦੇ ਦੁਸ਼ਮਣ ਅਤੇ ਸਾਡੇ ਮਿੱਤਰ (ਗੁਰੂ) ਬਾਰੇ ਵੀ ਜਾਣਕਾਰੀ ਨਹੀਂ ਹੈ। ਜੇ ਅਸੀਂ ਇਸੇ ਤਰਾਂ ਅਵੇਸਲੇ ਰਹੇ ਤਾਂ ਬ੍ਰਾਹਮਣ ਨੇ ਕੁੱਝ ਸਮੇਂ ਬਾਅਦ ਜਲਦੀ ਹੀ ਗੁਰਬਾਣੀ ਨੂੰ ਵੀ ਖਤਮ ਕਰ ਦੇਣਾ ਹੈ, ਫਿਰ ਇਹ ਭਾਰਤੀਆਂ ਨੂੰ ਹਿੰਦੂ ਬਣਨ

ਦੀ ਥਾਂ ਸਿੱਖ ਬਣਨ ਲਈ ਪ੍ਰੇਰਨ ਲੱਗ ਜਾਣਗੇ, ਕਿਉਂਕਿ ਉਦੋਂ ਤੱਕ ਸਿੱਖੀ ਦਾ ਹਿੰਦੂਕਰਨ ਹੋ ਚੁੱਕਿਆ ਹੋਵੇਗਾ ਜੋ ਕੁੱਝ ਹੱਦ ਤੱਕ ਤਾਂ ਹੋ ਵੀ ਚੁੱਕਿਆ ਹੈ, ਸਿਰਫ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਸੇ ਕਰਨ ਦੀ ਹੀ ਲੋੜ ਬਾਕੀ ਹੈ। ਅਸਲ ਵਿੱਚ ਜਾਤੀ ਪ੍ਰਬੰਧ ਦੇ ਸਿਰਜਿਕਾਂ ਦਾ ਇੱਕੋ ਮਕਸਦ ਹੈ ਕਿ ਮਨੁੱਖਤਾ ਵਿੱਚ ਜਾਤਾਂ-ਧਰਮਾਂ ਦੇ ਨਾਮ ਤੇ ਵੰਡੀਆਂ ਪਾ ਕੇ ਰੱਖਣੀਆਂ ਹਨ, ਇੱਕ ਰੱਬ ਦੀ ਥਾਂ ਅਨੇਕਾਂ ਦੇਵੀ-ਦੇਵਤਿਆਂ, ਭਗਵਾਨਾ ਦੀ ਪੂਜਾ ਕਰਵਾਉਣੀ (ਇਸ ਵੱਲੋਂ ਸਿਰਜੇ ਉਹ ਭਗਵਾਨ ਚਾਹੇ ਸ਼ੂਦਰ ਜਾਤੀ ਦੇ ਵੀ ਕਿਉਂ ਨਾ ਹੋਣ), ਕਿਰਤ ਦੀ ਥਾਂ ਕਿਸਮਤ ਅਤੇ ਮੰਤ੍ਰਾਂ ਵਿੱਚ ਵਿਸਵਾਸ਼ ਪੈਦਾ ਕਰਨਾ ਹੈ। ਬ੍ਰਾਹਮਣ ਦੀ ਇਸ ਚਾਲ ਨੂੰ ਪਹਿਚਾਣਦਿਆਂ ਭਗਤਾਂ ਤੇ ਗੁਰੂਆਂ ਦੇ ਜੀਵਨ ਸਮੇਂ ਤੋਂ ਬਾਅਦ, ਭਗਤਾਂ/ਗੁਰੂਆਂ ਦੀ ਇਸ ਇਨਕਲਾਬੀ ਅਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਉੱਤੇ ਪਹਿਰਾ ਦਿੰਦਿਆਂ ਭਾਈ ਗੁਰਬਖਸ ਸਿੰਘ (ਬੰਦਾ ਸਿੰਘ ਬਹਾਦਰ) ਨੇ ਇਸ ਜਾਤੀ ਪ੍ਰਬੰਧ ਨਾਲ ਟੱਕਰ ਲਈ ਸੀ, (ਇਸ ਤੋਂ ਬਾਅਦ ਸੰਘਰਸ਼ ਤਾਂ ਹੁੰਦੇ ਰਹੇ ਪਰ ਬ੍ਰਾਹਮਣ ਦੀ ਸੋਚ ਭਾਰੂ ਹੁੰਦੀ ਗਈ) ਸਿੱਖ ਮਿਸਲਾਂ ਨੇ ਵਿਦੇਸ਼ੀ ਹਮਲਾਵਰਾਂ ਦੇ ਦੰਦ ਖੱਟੇ ਕੀਤੇ, ਮੁਗਲਾਂ ਨਾਲ ਲੜਾਈਆਂ ਲੜੀਆਂ, ਵਿਦੇਸ਼ੀ ਜਰਵਾਣਿਆਂ ਤੋਂ ਇਸ ਦੇਸ਼ ਦੀਆਂ ਧੀਆਂ ਭੈਣਾਂ ਦੀਆਂ ਇੱਜਤਾਂ ਬਚਾਈਆਂ, ਪਰ ਜਾਤੀ ਪ੍ਰਬੰਧ ਦੇ ਸਿਰਜਿਕ ਨੇ ਸੋਚਿਆ ਕਿ ਜੇਕਰ ਜਾਤੀ ਪ੍ਰਬੰਧ ਨੂੰ ਖਤਮ ਕਰਨ ਵਾਲਾ ਸਿੱਖ ਪ੍ਰਬੰਧ ਲਾਗੂ ਹੋ ਗਿਆ ਤਾਂ ਭਾਰਤੀ ਅਜਾਦ ਹੋ ਜਾਣਗੇ ਅਤੇ ਮੇਰਾ ਹਜਾਰਾਂ ਸਾਲਾਂ ਦਾ ਸਥਾਪਤ ਕੀਤਾ ਰਾਜ ਖਤਮ ਹੋ ਜਾਵੇਗਾ। ਤਾਂ ਉਸ ਨੇ ਆਪਣੀਆਂ ਧੀਆਂ ਭੈਣਾ ਦੀ ਰਾਖੀ ਕਰਨ ਵਾਲਿਆਂ ਭਾਰਤੀ ਸਿੱਖਾਂ ਦੀ ਥਾਂ ਆਪਣੀਆਂ ਧੀਆਂ ਭੈਣਾ ਦੀਆਂ ਇੱਜਤਾਂ ਲੁੱਟਣ ਵਾਲਿਆਂ ਦਾ ਸਾਥ ਦੇ ਕੇ ਸਿੱਖਾਂ ਨੂੰ ਖਤਮ ਕਰਵਾਇਆ, ਫਿਰ ਸਿੱਖ ਰਾਜ ਨੂੰ ਖਤਮ ਕਰਵਾਇਆ, ਤੇ ਹੌਲੀ ਹੌਲੀ ਜਾਤ ਪਾਤ ਵਿਰੋਧੀ ਭਗਤਾਂ/ਗੁਰੂਆਂ ਦੀ ਇਨਕਲਾਬੀ ਅਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਗੁਰਬਾਣੀ ਨੂੰ ਸਤਿਕਾਰ ਦੇ ਨਾਮ ਤੇ ਪੂਜਣ ਯੋਗ ਬੁੱਤ ਬਣਾ ਕੇ ਰੱਖ ਦਿੱਤਾ ਹੈ। ਸਿੱਖੀ ਇਸ ਦੇਸ਼ ਵਿੱਚ ਪਹਿਲਾਂ ਤੋਂ ਚੱਲ ਰਹੇ ਧਰਮਾਂ ਜਾਂ ਜਾਤਾਂ ਦੇ ਮੁਕਾਬਲੇ ਇੱਕ ਹੋਰ ਨਵਾਂ ਧਰਮ ਜਾਂ ਜਾਤ ਨਹੀਂ ਸੀ, ਇਹ ਤਾਂ ਪਹਿਲਾਂ ਤੋਂ ਪ੍ਰਚੱਲਤ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੇ ਧਰਮਾਂ ਅਤੇ ਜਾਤਾਂ ਦੇ ਵਿਰੁੱਧ ਇੱਕ ਸਹੀ ਸੋਚ ਸੀ। ਸੋਚੋ ਭਗਤ ਕਬੀਰ ਜੀ, ਭਗਤ ਫਰੀਦ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਆਦਿ ਜਿੰਨਾ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਉਹਨਾ ਦਾ ਕੀ ਧਰਮ ਜਾਂ ਜਾਤ ਸੀ ? ਉਹ ਕਿਸ ਧਰਮ ਜਾਂ ਜਾਤ ਦੇ ਪ੍ਰਚਾਰਕ ਸਨ? ਫਿਰ ਇਹਨਾਂ ਸਾਰੇ ਭਗਤਾਂ ਦੀ ਵਿਚਾਰਧਾਰਾ, ਗੁਰਬਾਣੀ ਨੂੰ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੀ ਵਿਚਾਰਧਾਰਾ ਗੁਰਬਾਣੀ ਨਾਲ ਦਰਜ ਕਰਨ ਵਾਲੇ ਗੁਰੂਆਂ ਦਾ ਕੀ ਕੋਈ ਵੱਖਰਾ ਜਾਤ, ਵਰਨ ਜਾਂ ਧਰਮ ਹੋਵੇਗਾ? ਨਹੀਂ। ਬ੍ਰਾਹਮਣ ਨੇ ਜਾਤੀ ਪ੍ਰਬੰਧ ਦੇ ਵਿਰੋਧ ਵਿੱਚ ਉਠੀ ਸਿੱਖੀ ਲਹਿਰ ਨੂੰ ਐਸਾ ਮੋੜ ਦਿੱਤਾ ਕਿ ਸਿੱਖਾਂ ਰਾਹੀਂ ਹੀ ਗੁਰਬਾਣੀ ਨੂੰ ਪੜ ਸੁਣ ਕੇ ਵਿਚਾਰਨ ਦੀ ਥਾਂ ਇੱਕ ਮੰਤ੍ਰ ਬਣਾ ਕੇ ਉਸ ਦੇ ਅਖੰਡ ਪਾਠ, ਸੰਪਟ ਪਾਠ, ਮੋਨ ਪਾਠ ਆਦਿ ਬਣਾ ਕੇ ਮੰਤਰਾਂ ਵਾਂਗ ਤੋਤਾ ਰੱਟਣੀਆਂ ਕਰਨੀਆਂ ਸ਼ੁਰੂ ਕਰਵਾ ਦਿੱਤੀਆਂ ਹਨ। ਜਾਤ, ਕੁਲ ਵਿਰੋਧੀ ਇੱਕ ਗ੍ਰੰਥ ਤੇ ਸਾਂਝੀਵਾਲਤਾ ਦੇ ਇੱਕ ਪੰਥ ਨੂੰ ਮੰਨਣ ਵਾਲੇ ਸਿੱਖਾਂ ਨੂੰ ਹੀ ਜਾਤੀ ਪ੍ਰਬੰਧ ਦੇ ਸਿਰਜਿਕਾਂ ਨੇ ਗਹਿਰੀ ਸਾਜਿਸ ਦੇ ਅਧੀਨ ਜਾਤਾਂ, ਵੰਸ਼ਾਂ, ਡੇਰਿਆਂ, ਟਕਸਾਲਾਂ ਠਾਠਾਂ ਆਦਿ ਵਿੱਚ ਵੰਡ ਦਿੱਤਾ ਹੈ। ਭਗਤਾਂ ਤੇ ਗੁਰੂਆਂ ਦੀ ਇਨਕਲਾਬੀ ਅਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਸਿੱਖਾਂ ਨੇ ਅਣਗਿਣਤ ਗ੍ਰੰਥਾਂ ਨੂੰ ਆਪਣੇ ਮਾਰਗ ਦਰਸ਼ਕ ਬਣਾ ਲਿਆ ਹੈ, ਇੱਥੋਂ ਤੱਕ ਕਿ ਇਸਤਰੀ ਜਾਤੀ ਦੇ ਵਿਰੋਧੀ, ਜਾਤਾਂ, ਵੰਸ਼ਾਂ, ਵਰਨਾ, ਦੇਵੀ ਦੇਵਤਿਆਂ, ਨਸ਼ਿਆਂ ਅਤੇ ਲੱਚਰਤਾ ਨੂੰ ਉਤਸਾਹਤ ਕਰਨ ਵਾਲੇ ਮਿਥਿਹਾਸ ਨਾਲ ਭਰਭੂਰ, ਬਚਿਤ੍ਰ ਨਾਟਕ ਨੂੰ ਦਸਮ ਗ੍ਰੰਥ ਦਾ ਨਾਮ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਸਥਾਪਿਤ ਕਰਨ ਦੀਆਂ ਕੋਝੀਆਂ ਚਾਲਾ ਚੱਲੀਆਂ ਜਾ ਰਹੀਆਂ ਹਨ, ਤਾਂ ਕਿ ਜਾਤਾਂ, ਵੰਸ਼ਾਂ, ਊਚ-ਨੀਚ, ਵਰਨ-ਵੰਡ, ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ, ਨਸ਼ਿਆਂ ਦੇ ਸੇਵਨ ਤੋਂ ਰੋਕਣ ਅਤੇ ਮਨੁੱਖਤਾ ਨੂੰ ਬਰਾਬਰਤਾ ਦਾ ਸੁਨੇਹਾ ਦੇਣ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਖਤਮ ਕੀਤਾ ਜਾ ਸਕੇ। ਜਾਤੀ ਪ੍ਰਬੰਧ ਦੇ ਸਿਰਜਿਕਾਂ ਨੇ ਸਰਕਾਰੀ ਸਰਪ੍ਰਸਤੀ ਹੇਠ ਪੂਰੇ ਭਾਰਤ ਨੂੰ ਡੇਰਿਆਂ ਦੇ ਜਾਲ ਵਿੱਚ ਫਸਾ ਦਿੱਤਾ ਹੈ। ਬੁੱਤ ਪੂਜਾ ਅਤੇ ਜਾਤ-ਵਰਨ ਦੇ ਵਿਰੋਧੀ ਭਗਤਾਂ ਦੀਆਂ ਅਖੌਤੀ ਜਾਤਾਂ ਦੇ ਨਾਵਾਂ ਉੱਤੇ ਮੰਦਰ ਉਸਾਰ ਕੇ ਉਹਨਾ ਦੇ ਹੀ ਬੁੱਤ ਬਣਾ ਕੇ ਪੂਜਾ ਸ਼ੁਰੂ ਕਰਵਾ ਦਿੱਤੀ ਹੈ। ਭਗਤਾਂ ਤੇ ਗੁਰੂਆਂ ਦੀ ਇਨਕਲਾਬੀ ਅਤੇ ਸਾਂਝੀਵਾਲਤਾ ਦੀ ਸੋਚ ਦਾ ਮਨੁੱਖ ਸੀ, ਇੱਕ ਰੱਬ ਨੂੰ ਮੰਨਣ ਵਾਲਾ ਅਜ਼ਾਦ ਮਨੁੱਖ, ਸਿੱਖ, ਸਿੰਘ, ਖਾਲਸਾ ਜੋ ਕਿਸੇ ਦਾ ਗੁਲਾਮ ਨਹੀਂ ਹੋਵੇਗਾ, ਜਿਸ ਦੀ ਕੋਈ ਜਾਤ ਨਹੀਂ ਹੋਵੇਗੀ, ਜਿਸ ਦੀ ਕੋਈ ਕੁਲ਼ ਨਹੀਂ ਹੋਵੇਗੀ, ਜਿਸ ਦਾ ਕੋਈ ਵੱਖਰਾ ਧਰਮ ਨਹੀਂ ਹੋਵੇਗਾ, (ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਗੁਰੂ ਗ੍ਰੰਥ ਸਾਹਿਬ ਪੰਨਾ 266, ਹੇ ਮਨ ! ਪ੍ਰਭੂ ਦਾ ਨਾਮ ਜਪ ਅਤੇ ਪਵਿਤ੍ਰ ਆਚਰਣ ਬਣਾ ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ।) ਜਿਸ ਦਾ ਕੋਈ ਵਿਸੇਸ ਕੰਮ ਨਹੀਂ ਹੋਵੇਗਾ, ਉਸ ਦੀ ਆਪਣੀ ਮਰਜੀ ਹੋਵੇਗੀ ਕਿ ਉਸ ਨੇ ਕਿਹੜਾ ਕੰਮ ਕਰਨਾ ਹੈ ਜਾਂ ਨਹੀਂ ਕਰਨਾ। ਪਰ ਜਾਤੀ ਪ੍ਰਬੰਧ ਦੇ ਸਿਰਜਿਕ ਨੇ ਇਸ ਸੋਚ (ਸਿੱਖਿਆ) ਨੂੰ ਜਲਦੀ ਹੀ ਆਪਣੇ ਕਲਾਵੇ ਵਿੱਚ ਲੈ ਕੇ ਆਪਣੇ ਰੰਗ ਵਿੱਚ ਰੰਗ ਕੇ ਜਾਤੀ ਵੰਡ ਵਿੱਚ ਵੰਡ ਦਿੱਤਾ। ਹੁਣ ਜਾਤੀ ਪ੍ਰਬੰਧ ਦੇ ਰੰਗ ਵਿੱਚ ਰੰਗਿਆ ਹੋਇਆ ਸਿੱਖ ਆਪਣੇ ਆਪ ਨੂੰ ਜੱਟ ਸਿੱਖ, ਮਜ਼੍ਹਬੀ ਸਿੱਖ, ਰਵਿਦਾਸੀਆ ਸਿੱਖ, ਰੰਘਰੇਟਾ ਸਿੱਖ, ਰਾਮਗੜੀਆ ਸਿੱਖ, ਮਹਿਰਾ ਸਿੱਖ, ਸੋਢੀ ਸਿੱਖ, ਬੇਦੀ ਸਿੱਖ, ਲੁਬਾਣੇ ਸਿੱਖ, ਰੋੜੇ ਸਿੱਖ, ਇਸ ਤੋਂ ਵੀ ਅੱਗੇ ਵੱਧ ਕੇ ਟਕਸਾਲੀ ਸਿੱਖ, ਜੱਥੇ ਵਾਲੇ ਸਿੱਖ, ਨਾਨਕਸਰੀਏ ਸਿੱਖ, ਰਾੜੇ ਵਾਲੇ ਸਿੱਖ, ਆਦਿ ਸਿੱਖ, ਹੁਣ ਜਾਤਾਂ, ਗੋਤਾਂ, ਵੰਸ਼ਾਂ, ਸੰਪ੍ਰਦਾਵਾਂ, ਜੱਥੇਬੰਦੀਆਂ ਦੇ ਇੰਨੇ ਭਾਂਤ ਦੇ ਸਿੱਖ ਬਣ ਚੁੱਕੇ ਹਨ ਕਿ ਉਹਨਾਂ ਦਾ ਜ਼ਿਕਰ ਕਰਨਾ ਵੀ ਬਹੁਤ ਔਖਾ ਹੈ। ਜਦ ਕਿ ਸੱਚ ਇਹ ਹੈ ਕਿ ਜੋ ਸਿੱਖ ਹੈ ਉਸ ਦੀ ਜਾਤ ਨਹੀਂ ਹੈ, ਜਿਸ ਦੀ ਜਾਤ ਹੈ ਉਹ ਸਿੱਖ ਨਹੀਂ ਹੈ ਕਿਉਂਕਿ ਜਾਤੀ ਪ੍ਰਬੰਧ ਵਿੱਚ ਸਿਰਫ ਬ੍ਰਾਹਮਣ ਜਾਤ ਹੀ ਉਚੀ ਤੇ ਅਜ਼ਾਦ ਹੈ, ਬਾਕੀ ਦੀਆਂ ਸਾਰੀਆਂ ਜਾਤੀਆਂ ਨੀਚ ਅਤੇ ਬ੍ਰਾਹਮਣ ਦੇ ਅਧੀਨ ਹਨ। ਅਜੋਕੇ ਹਾਲਾਤਾਂ ਅਨੁਸਾਰ ਜੇ ਇਉਂ ਕਹਿ ਲਈਏ ਕਿ ਤਿਲਕ, ਬੋਦੀ, ਧੋਤੀ ਵਾਲੇ ਬ੍ਰਾਹਮਣ ਦੀ ਥਾਂ ਭੇਸ ਬਦਲ ਕੇ ਪੱਗ, ਕੇਸ, ਦਾੜੀ ਤੇ ਗਾਤਰੇ ਵਾਲਾ, ਓਹੀ ਬ੍ਰਾਹਮਣ ਬੈਠ ਗਿਆ ਹੈ ਤਾਂ ਇਸ ਵਿੱਚ ਵੀ ਕੋਈ ਅੱਤ ਕਥਨੀ ਨਹੀਂ ਹੋਵੇਗੀ। ਗੁਰਬਾਣੀ ਦਾ ਸੁਨੇਹਾ ਸਮੁੱਚੀ ਮਨੁੱਖਤਾ ਲਈ ਹੈ ਨਾ ਕਿ ਸਿਰਫ ਜਾਤੀ ਪ੍ਰਬੰਧ ਦੇ ਰੰਗ ਵਿੱਚ ਰੰਗੇ ਹੋਏ ਸਿੱਖਾਂ ਲਈ। ਮੁਆਫ ਕਰਨਾ ਜੇ ਕਿਸੇ ਨੂੰ ਮੇਰੇ ਇਹਨਾਂ ਵਿਚਾਰਾਂ ਰਾਹੀਂ ਠੇਸ ਪਹੁੰਚੀ ਹੋਵੇ, ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਭਗਤਾਂ ਤੇ ਗੁਰੂਆਂ ਦੀ ਇਨਕਲਾਬੀ ਅਤੇ ਸਾਂਝੀਵਾਲਤਾ ਦੀ ਸੋਚ (ਗੁਰਬਾਣੀ) ਜਿਸ ਨੇ ਜਾਤੀ ਪ੍ਰਬੰਧ ਦੇ ਸਿਰਜਿਕ ਤੋਂ ਪੂਰੀ ਮਨੁੱਖਤਾ ਨੂੰ ਅਜ਼ਾਦ ਕਰਵਾਉਣਾ ਸੀ, ਉਸ ਨੂੰ ਸਾਰੀ ਮਨੁੱਖਤਾ ਦੇ ਭਲੇ ਲਈ ਅੱਜ ਜਾਤੀ ਪ੍ਰਬੰਧ ਦੇ ਰੰਗ ਵਿੱਚ ਰੰਗੇ ਹੋਏ ਸਿੱਖਾਂ ਤੋਂ ਅਜ਼ਾਦ ਕਰਵਾਉਣ ਦੀ ਲੋੜ ਹੈ! -0-

# ਐਸੇ ਜਨ ਵਿਰਲੇ ਸੰਸਾਰੇ

**ਡਾ. ਸਰਬਜੀਤ ਕੌਰ**

ਸੰਸਾਰ ਪ੍ਰਸਿੱਧ ਲੇਖਕ ਹੈਵਲਾਕ ਐਲਸ ਨੇ ਕਿਹਾ ਹੈ ਕਿ ਮੈਨੂੰ ਕਿਸੇ ਆਦਮੀ ਦੇ ਜੀਵਨ ਦੇ ਪਹਿਲੇ ਪੰਜਾਂ ਸਾਲਾਂ ਉਤੇ ਨਜ਼ਰ ਮਾਰ ਲੈਣ ਦਿਉ ਮੈਂ ਦੱਸ ਦਿਆਂਗਾ ਕਿ ਉਹ ਜੀਵਨ ਵਿਚ ਕੀ ਬਣੇਗਾ। ਇਹ ਕਥਨ ਨਿਰਸੰਦੇਹ ਇਹ ਸਿੱਧ ਕਰਦਾ ਹੈ ਕਿ ਹਰ ਮਨੁੱਖ ਦਾ ਆਰੰਭਕ ਜੀਵਨ ਉਸ ਦੇ ਆਉਣ ਵਾਲੇ ਜੀਵਨ ਉੱਤੇ ਇਕ ਡੂੰਘੀ ਮੋਹਰ ਲਾਉਂਦਾ ਹੈ। ਇਸ ਸਦੀਵੀ ਤੇ ਅਟੱਲ ਸੱਚਾਈ ਦੇ ਅਧਾਰ ’ਤੇ ਅਸੀਂ ਉਸ ਮਹਾਨ ਸ਼ਖ਼ਸੀਅਤ ਦੇ ਜੀਵਨ ਤੇ ਝਾਤ ਮਾਰਨੀ ਹੈ ਜਿਸ ਨੇ ਵੱਡੇ ਹੋ ਕੇ ਗੁਰਸਿੱਖੀ ਜੀਵਨ ਜੀਉਂਦਿਆਂ ਸਿੱਖਿਆ, ਮੈਡੀਕਲ, ਸਮਾਜ ਸੇਵਾ ਦੇ ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ।



ਡਾ. ਦਲੀਪ ਸਿੰਘ


14 ਮਈ 1948 ਤੋਂ 12 ਫਰਵਰੀ 2026

ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਦਾ ਜਨਮ ਸੰਨ 1948 ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਤੇ ਪਿਤਾ ਸ੍ਰ. ਅਜੀਤ ਸਿੰਘ ਜੀ ਅਤੇ ਮਾਤਾ ਬੀਬੀ ਰਾਮ ਕੌਰ ਜੀ ਦੀ ਕੁੱਖੋਂ ਹੋਇਆ। ਗੁਰਮਤਿ ਦੀ ਗੁੜ੍ਹਤੀ ਆਪ ਨੂੰ ਆਪਣੇ ਘਰ ਵਿੱਚੋਂ ਹੀ ਪ੍ਰਾਪਤ ਹੋਈ। ਪਿਤਾ ਜੀ ਅੰਦਰ ਹਰ ਰੋਜ਼ ਦਰਬਾਰ ਸਾਹਿਬ ਜਾਣ ਦੀ ਲਾਲਸਾ ਹੋਣ ਕਾਰਨ ਉਨ੍ਹਾਂ ਨੇ ਬਾਬਾ ਅਟੱਲ ਜੀ ਦੇ ਗੁਰਦੁਆਰੇ ਨੇੜੇ ਅੰਮ੍ਰਿਤਸਰ ਵਿਖੇ ਕਿਰਾਏ ’ਤੇ ਘਰ ਲੈ ਲਿਆ। ਘਰ ਦੇ ਗੁਰਸਿੱਖੀ ਮਾਹੌਲ ਅਤੇ ਹਰ ਸਮੇਂ ਆਲੇ-ਦੁਆਲੇ ਦੀਆਂ ਅਧਿਆਤਮਿਕ ਤਰੰਗਾਂ ਨੇ ਆਪ ਨੂੰ ਬਚਪਨ ਵਿੱਚ ਹੀ ਬਾਣੀ ਨਾਲ ਜੋੜ ਦਿੱਤਾ। ਅਜਿਹਾ ਜੁੜੇ ਕਿ ਜੀਵਨ ਭਰ ਗੁਰਮਤਿ ਦੇ ਪ੍ਰਚਾਰ ਲਈ ਯਤਨਸ਼ੀਲ ਰਹੇ। ਆਪ ਦਾ ਜੀਵਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸੰਸਕਾਰ, ਗੁਣ, ਸੁਭਾਅ ਅਤੇ ਬਿਰਤੀਆਂ ਦਾ ਸੰਚਾਰ ਕਿਵੇਂ ਹੁੰਦਾ ਹੈ ਅਤੇ ਸਮਕਾਲੀ ਵਰਤਾਰਿਆਂ ਨਾਲ ਦ੍ਰਿਸ਼ਟੀਕੋਣ ਕਿਵੇਂ ਘੜੇ ਜਾਂਦੇ ਹਨ। ਆਪ ਜੀ ਦੇ ਮਾਤਾ ਪਿਤਾ ਜੀ ਬਾਬਾ ਫ਼ਰੀਦ ਜੀ ਦੇ ਮਾਤਾ ਜੀ ਵਾਂਗ ਮਨ ਭਾਉਂਦੀ ਵਸਤੂ ਪ੍ਰਾਪਤ ਕਰਨ ਲਈ ਪਾਠ ਕਰਨ ਲਈ ਪ੍ਰੇਰਦੇ। ਜੇ ਕਿਸੇ ਬੱਚੇ ਨੂੰ ਲੱਡੂ ਚੰਗੇ ਲਗਦੇ ਤਾਂ ਉਨ੍ਹਾਂ ਨੇ ਕਹਿਣਾ ਪਾਠ ਕਰ ਤੈਨੂੰ ਵਾਹਿਗੁਰੂ ਜੀ ਲੱਡੂ ਦੇਣਗੇ। ਸੋ ਬਚਪਨ ਵਿੱਚ ਮਿਲੇ ਘਰ ਪਰਿਵਾਰ ਦੇ ਗੁਰਸਿੱਖੀ ਮਾਹੌਲ ਨੇ ਆਪ ਦੀ ਅਜਿਹੀ ਘਾੜਤ ਘੜੀ ਕਿ ਉਨ੍ਹਾਂ ਦੀ ਸ਼ਖ਼ਸ਼ੀਅਤ ਹੋਰਨਾਂ ਵਾਸਤੇ ਪ੍ਰੇਰਨਾ ਸਰੋਤ ਬਣ ਗਈ।

ਰੋਜ਼ੀ ਰੋਟੀ ਦੇ ਵਸੀਲੇ ਲਈ ਆਪ ਨੇ ਫ਼ਾਰਮੇਸੀ ਦੀ ਪੜ੍ਹਾਈ ਨੂੰ ਚੁਣਿਆ ਅਤੇ ਆਪਣੀ ਮਿਹਨਤ ਤੇ ਲਗਨ ਸਦਕਾ ਉਸ ਵੇਲੇ ਦੇ ਸਾਂਝੇ ਪੰਜਾਬ, ਜਿਸ ਵਿੱਚ ਇਸ ਵੇਲੇ ਦੇ ਪੰਜਾਬ, ਹਰਿਆਣਾ ਅਤੇ ਹਿਮਾਚਲ ਸ਼ਾਮਲ ਸਨ, ਵਿੱਚੋਂ ਪ੍ਰਥਮ ਸਥਾਨ ਹਾਸਲ ਕੀਤਾ। ਪੜ੍ਹਾਈ ਮੁਕੰਮਲ ਕਰਨ ਉਪਰੰਤ ਆਪ ਦੀ ਕਰਮ ਭੂਮੀ ਨਕੋਦਰ ਦਾ ਇਲਾਕਾ ਬਣਿਆ। ਆਪ ਨੇ ਇਥੇ ਫਾਰਮਾਸਿਸਟ ਦੇ ਤੌਰ ’ਤੇ ਨੌਕਰੀ ਕਰਨੀ

**ਡਾ. ਭਾਈ ਦਲੀਪ ਸਿੰਘ ਜੀ ਸਾਹਿਤ ਅਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿਤ ਦੇ ਵੱਡੇ ਪ੍ਰੇਮੀ ਸਨ। ਆਪ ਵੀ ਪੜ੍ਹਦੇ ਤੇ ਦੂਜਿਆਂ ਨੂੰ ਵੀ ਪੜ੍ਹਨ ਲਈ ਪ੍ਰੇਰਦੇ। ਆਪ ਨੂੰ ਜੋ ਵੀ ਮਿਲਣ ਆਉਂਦਾ ਉਸ ਨੂੰ ਕੋਈ ਨਾ ਕੋਈ ਕਿਤਾਬ ਪੜ੍ਹਨ ਲਈ ਕਹਿੰਦੇ ਰਹਿੰਦੇ। ਕੇਵਲ ਸਲਾਹ ਹੀ ਨਾ ਦੇਂਦੇ ਸਗੋਂ ਵੱਖ ਵੱਖ ਥਾਵਾਂ ਤੇ ਕਿਤਾਬਾਂ ਵੰਡਦੇ ਵੀ। ਇਕ ਪਿੰਡ ਵਿੱਚ ਜਾ ਕੇ ਕੁੱਝ ਬੰਦਿਆਂ ਨੂੰ ਕਿਤਾਬਾਂ ਦੇ ਆਉਂਦੇ। 15 ਕੁ ਦਿਨਾਂ ਬਾਅਦ ਉਥੇ ਹੋਰ ਕਿਤਾਬਾਂ ਦੇ ਕੇ ਉਹ ਕਿਤਾਬਾਂ ਕਿਸੇ ਦੂਸਰੇ ਪਿੰਡ ਵਿੱਚ ਦੇ ਆਉਂਦੇ। ਇਸ ਤਰ੍ਹਾਂ ਉਨ੍ਹਾਂ ਕਈ ਪੁਸਤਕ ਪ੍ਰੇਮੀ ਪੈਦਾ ਕੀਤੇ। ਆਪ ਦਾ ਵਿਚਾਰ ਸੀ ਲਾਇਬਰੇਰੀ ਕਿਤਾਬਾਂ ਨਾਲ ਭਰੀਆਂ ਅਲਮਾਰੀਆਂ ਦਾ ਨਾਂ ਨਹੀਂ ਸਗੋਂ ਲਾਇਬਰੇਰੀ ਤਾਂ ਕਿਤਾਬਾਂ ਨਾਲ ਭਰੇ ਹੱਥ ਹੁੰਦੇ ਹਨ। ਕਿਸੇ ਕਿਤਾਬ ਨੂੰ ਪੜ੍ਹਨ ਤੇ ਚਾਹੇ ਜਿਤਨਾ ਮਰਜ਼ੀ ਸਮਾਂ ਲੱਗ ਜਾਏ ਪਰ ਹਰ ਮਨੁੱਖ ਕੋਈ ਨਾ ਕੋਈ ਕਿਤਾਬ ਸ਼ੁਰੂ ਕਰੀ ਰੱਖੇ। ਕਿਤਾਬਾਂ ਪੜ੍ਹਨ ਕਰਕੇ ਹੀ ਆਪ ਇਤਨੇ ਵਿਸ਼ਾਲ ਗਿਆਨ ਦੇ ਮਾਲਕ ਸਨ ਕਿ ਆਪ ਨਾਲ ਕਿਸੇ ਵੀ ਵਿਸ਼ੇ ਤੇ ਗੱਲ ਕੀਤੀ ਜਾ ਸਕਦੀ ਸੀ।**

ਆਰੰਭ ਕੀਤੀ। ਕਿੱਤੇ ਨੂੰ ਆਪ ਨੇ ਕਦੀ ਵੀ ਕੇਵਲ ਰੋਟੀ ਰੋਜ਼ੀ ਦਾ ਸਾਧਨ ਨਹੀਂ ਮੰਨਿਆ। ਆਪ ਦਾ ਪੇਸ਼ਾ 'ਸੇਵਾ' ਸੀ। ਪਤਾ ਨਹੀਂ ਕਿੰਨਿਆਂ ਕੁ ਨੂੰ ਆਪ ਨੇ ਮੁਫ਼ਤ ਦਵਾਈਆਂ ਦਿੱਤੀਆਂ ਤੇ ਕਿੰਨਿਆਂ ਕੁ ਦਾ ਇੱਕ ਡਾਕਟਰ ਦੀ ਤਰ੍ਹਾਂ ਇਲਾਜ ਵੀ ਕੀਤਾ। ਕੋਵਿਡ ਦੇ ਦਿਨਾਂ ਵਿੱਚ ਆਪ ਟੈਲੀਫੋਨ 'ਤੇ ਹੀ ਕਈਆਂ ਨੂੰ ਦਵਾਈਆਂ ਦਸ ਕੇ ਇਲਾਜ ਕਰਦੇ ਰਹੇ। ਭਾਵੇਂ ਆਪ ਡਾਕਟਰ ਨਹੀਂ ਸਨ ਪਰ ਆਪ ਦਾ ਗਿਆਨ ਇਤਨਾ ਜ਼ਿਆਦਾ ਸੀ ਕਿ ਇੱਕ ਵਾਰ ਆਪ ਦੇ ਮੁਖੀ ਡਾਕਟਰ ਵੀ ਆਪ ਕੋਲੋਂ ਦਵਾਈ ਲੈਣ ਆਏ। ਇਥੋਂ ਤੱਕ ਕਿ ਆਪ ਕੋਲ ਇੱਕ ਕੈਂਸਰ ਦਾ ਮਰੀਜ਼ ਆਇਆ। ਆਪ ਇਸ ਬਿਮਾਰੀ ਦੇ ਮਾਹਿਰ ਨਹੀਂ ਸਨ ਪਰ ਉਸ ਮਰੀਜ਼ ਦੀ ਬਿਮਾਰੀ ਨੂੰ ਸਮਝਣ ਲਈ ਆਪ ਨੇ ਵੱਡੀਆਂ ਵੱਡੀਆਂ ਪੁਸਤਕਾਂ ਪੜ੍ਹ ਕੇ ਉਸ ਨੂੰ ਗਾਈਡ ਕੀਤਾ। ਭਾਵੇਂ ਉਸ ਦਾ ਇਲਾਜ ਕਿਸੇ ਵੱਡੇ ਹਸਪਤਾਲ ਵਿੱਚ ਚਲ ਰਿਹਾ ਸੀ ਪਰ ਉਹ ਹਰ ਰੋਜ਼ ਭਾਈ ਸਾਹਿਬ ਜੀ ਨਾਲ ਗੱਲ ਕਰਕੇ ਆਪਣੀ ਤਸੱਲੀ ਜ਼ਰੂਰ ਕਰਦਾ। ਐਸਾ ਵਿਸ਼ਵਾਸ਼ ਬਣਿਆ ਹੋਇਆ ਸੀ ਇਲਾਕੇ ਦੇ ਲੋਕਾਂ ਦੇ ਮਨਾਂ ਵਿੱਚ ਇਸ ਗੁਰਮੁਖ ਪਿਆਰੇ ਲਈ। ਬਹੁਤ ਸਾਰੇ ਮਰੀਜ਼ ਤਾਂ ਆਪ ਦੇ ਮਿੱਠੇ ਬੋਲਾਂ ਅਤੇ ਅਰਦਾਸ ਨਾਲ ਹੀ ਠੀਕ ਹੋ ਜਾਂਦੇ। ਆਪ ਮਰੀਜ਼ ਨੂੰ ਇਹ ਵੀ ਜ਼ਰੂਰ ਪੁੱਛਦੇ ਕਿ ਬਾਣੀ ਪੜ੍ਹਦਾ ਹੁੰਦਾ ਏਂ? ਜੇ ਉਸ ਦਾ ਜੁਆਬ ਨਾਂਹ ਵਿੱਚ ਹੁੰਦਾ ਤਾਂ ਉਸ ਨੂੰ ਇਸ ਪਾਸੇ ਲੱਗਣ ਲਈ ਪ੍ਰੇਰਦੇ। ਮਨ ਵਿੱਚ ਉਠਦੇ ਫੁਰਨਿਆਂ ਨੂੰ ਰੋਕਣ ਲਈ ਹਮੇਸ਼ਾ ਇਹ ਅਰਦਾਸ ਕਰਨ ਲਈ ਕਹਿੰਦੇ:



**ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ॥**


ਕੇਵਲ ਮੈਡੀਕਲ ਦੇ ਖੇਤਰ ਵਿੱਚ ਹੀ ਨਹੀਂ, ਸਿੱਖਿਆ ਦੇ ਹਰ ਖੇਤਰ ਵਿੱਚ ਆਪ ਸਭ ਦੀ ਅਗਵਾਈ ਵੀ ਕਰਦੇ ਸਨ ਅਤੇ ਸਹਾਇਤਾ ਵੀ। ਲੋੜਵੰਦ ਬੱਚਿਆਂ ਦੀਆਂ ਫ਼ੀਸਾਂ ਅਤੇ ਕਿਤਾਬਾਂ ਦਾ ਖਰਚਾ ਆਪਣੇ ਕੋਲੋਂ ਕਰਦੇ। ਕਈਆਂ ਨੂੰ ਆਪ ਨੇ ਬੀ.ਐੱਡ ਕਰਵਾਈ ਤੇ ਕਈਆਂ ਨੂੰ ਯੂ.ਪੀ.ਐੱਸ. ਦੀ ਤਿਆਰੀ ਕਰਵਾਈ। ਆਪ ਕੋਲੋਂ ਅਗਵਾਈ ਲੈ ਕੇ ਕਈਆਂ ਨੇ ਇਮਤਿਹਾਨ ਪਾਸ ਕਰਕੇ I.A.S. ਵਰਗੀਆਂ ਪਦਵੀਆਂ ਵੀ ਪ੍ਰਾਪਤ ਕੀਤੀਆਂ ਤੇ ਕਈ ਡਾਕਟਰ ਵੀ ਬਣੇ।

ਗੁਰਬਾਣੀ ਨੇ ਵਿਦਿਆ ਨੂੰ ਪਰਉਪਕਾਰੀ ਕਿਹਾ ਹੈ। ਵਿਦਿਆ ਦਾ ਅੰਤਮ ਉਦੇਸ਼ ਚਰਿੱਤਰ ਨਿਰਮਾਣ ਹੈ। ਇਸੇ ਪਰਉਪਕਾਰ ਦੀ ਭਾਵਨਾ ਨੇ ਆਪ ਅੰਦਰ ਇੱਕ ਐਸਾ ਸਕੂਲ ਖੋਲ੍ਹਣ ਦੀ ਲਾਲਸਾ ਪੈਦਾ ਕੀਤੀ ਜਿੱਥੇ ਹਰ ਬੱਚਾ ਇੱਕ ਵੱਡਾ ਅਫ਼ਸਰ ਬਣਨ ਤੋਂ ਪਹਿਲਾਂ ਇੱਕ ਚੰਗਾ ਇਨਸਾਨ ਬਣੇ। ਗੁਰੂ ਸਾਹਿਬ ਦੁਆਰਾ ਦਰਸਾਏ ਆਦਰਸ਼ਾਂ ਵਿੱਚ ਪਰਪੱਕ ਹੋਵੇ। ਆਪ ਦਾ ਵਿਸ਼ਵਾਸ਼ ਸੀ ਕਿ ਇੱਕ ਗੁਰਸਿੱਖ ਨੂੰ ਦੁਨਿਆਵੀ ਤੌਰ ਤੇ ਵੀ ਤਰੱਕੀਆਂ ਕਰਨ ਤੋਂ ਕੋਈ ਰੋਕ ਨਹੀਂ ਸਕਦਾ। ਉਹ ਬੱਚਿਆਂ ਨੂੰ ਕਹਿੰਦੇ ਹੁੰਦੇ ਸਨ ਕਿ ਗੁਰੂ ਦੇ ਲੜ ਲੱਗ ਕੇ ਮਿਹਨਤ ਕਰਦੇ ਰਹੋ ਤੇ ਨਿਸਚਿੰਤ ਹੋ ਜਾਓ। ਵੱਡ ਸਮਰੱਥ ਗੁਰੂ ਭਲੀ ਕਰੇਗਾ। ਇਸੇ ਪਿਆਰ ਅਤੇ ਵਿਸ਼ਵਾਸ਼ ਦੀ ਭਾਵਨਾ ਨਾਲ ਆਪ ਨੇ ਕੁੱਝ ਗੁਰਸਿੱਖਾਂ ਨਾਲ ਰਲ ਕੇ 'ਸੇਵਕ ਚੈਰੀਟੇਬਲ ਟਰੱਸਟ' ਦੀ ਸਥਾਪਨਾ ਕੀਤੀ ਅਤੇ ਸੰਨ 1989 ਵਿੱਚ ਨਕੋਦਰ ਵਿਖੇ ਇਕ ਸਕੂਲ ਖੋਲ੍ਹਿਆ ਜਿਸ ਦਾ ਨਾਮ ਰੱਖਿਆ 'ਸੇਵਕ ਪਬਲਿਕ ਸਕੂਲ'। ਦੋ ਕਮਰਿਆਂ ਦੇ ਇਸ ਸਕੂਲ ਦੀ ਆਰੰਭਤਾ ਵਾਹਿਗੁਰੂ ਜੀ ਅੱਗੇ ਅਰਦਾਸ ਕਰ ਕੇ ਰੈਣ ਸਬਾਈ ਕੀਰਤਨ ਨਾਲ ਕੀਤੀ ਗਈ। ਕੀਰਤਨ ਦੇ ਆਪ ਬਹੁਤ ਪ੍ਰੇਮੀ ਸਨ। ਆਪਣੇ ਕੋਲ ਹਰ ਵੇਲੇ ਕੀਰਤਨ ਲਈ ਰੱਖਦੇ, ਖਾਸ ਕਰ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਦੀਆਂ ਰਿਕਾਰਡਿੰਗਜ਼।

ਹਰ ਕਾਰਜ ਲਈ ਮਾਇਆ ਪਹਿਲੀ ਲੋੜ ਹੁੰਦੀ ਹੈ ਜੋ ਉਨ੍ਹਾਂ ਨੇ ਸੰਗਤਾਂ ਨਾਲ ਮਿਲ ਕੇ ਘਰੋਂ-ਘਰੀਂ ਕੀਰਤਨ ਕਰਕੇ ਇਕੱਠੀ ਕੀਤੀ। ਸਕੂਲ ਵਿੱਚ ਅਧਿਆਪਕਾਂ ਦੀ ਨਿਯੁਕਤੀ ਵੇਲੇ ਉਨ੍ਹਾਂ ਦੀ ਸਖ਼ਤੀ ਨਾਲ ਪਰਖ ਕੀਤੀ ਜਾਂਦੀ। ਸਧਾਰਨ ਗਿਆਨ ਵਾਲੇ ਵਿਅਕਤੀ ਲਈ ਉਨ੍ਹਾਂ ਵੱਲੋਂ ਲਈ ਇੰਟਰਵਿਊ ਵਿੱਚੋਂ ਪਾਸ ਹੋਣਾ ਮੁਸ਼ਕਲ ਹੁੰਦਾ ਸੀ। ਇੰਟਰਵਿਊ ਵਿੱਚ ਦਿੱਤੇ ਗਏ ਜੁਆਬਾਂ ਦੇ ਪੱਧਰ ਅਨੁਸਾਰ ਉਸ ਨੂੰ ਜਮਾਤ ਦਿੱਤੀ ਜਾਂਦੀ ਸੀ ਤੇ ਹਦਾਇਤ ਇਹ ਹੁੰਦੀ ਸੀ ਕਿ ਜੇ ਉਸ ਨੇ ਵੱਡੀਆਂ ਜਮਾਤਾਂ ਲੈਣੀਆਂ ਹਨ ਤਾਂ ਉਸ ਨੂੰ ਆਪਣੇ ਗਿਆਨ ਵਿੱਚ ਵਾਧਾ ਦਿਖਾਉਣਾ ਪਏਗਾ। ਸਿਫ਼ਾਰਸ਼ ਦੀ ਕੋਈ ਥਾਂ ਨਹੀਂ ਸੀ। ਵਿਦਿਆਰਥੀਆਂ ਵਿੱਚ ਈਮਾਨਦਾਰੀ ਇਤਨੀ ਪੈਦਾ ਕੀਤੀ ਕਿ ਕੋਈ ਵਿਦਿਆਰਥੀ ਨਕਲ ਨਹੀਂ ਸੀ ਮਾਰਦਾ। ਇਸ ਪੱਖੋਂ ਸਕੂਲ ਦੀ ਇਸ ਹੱਦ ਤੱਕ ਪ੍ਰਸਿੱਧੀ ਸੀ ਕਿ ਇਮਤਿਹਾਨਾਂ ਦੇ ਦਿਨਾਂ ਵਿੱਚ ਫਲਾਇੰਗ ਸੁਕਐਡ ਨੂੰ ਵੀ ਸਕੂਲ ਵਿੱਚ ਆਉਣ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਹੁੰਦੀ। ਇਸੇ ਲਈ ਇਸ ਸਕੂਲ ਵਿੱਚ ਦਿੱਤੀ ਜਾਂਦੀ ਸਿੱਖਿਆ ਦਾ ਮਿਆਰ ਉੱਚਾ ਉਠਦਾ ਗਿਆ। ਦੋ ਕਮਰਿਆਂ ਤੋਂ ਵੱਧ ਕੇ ਹੁਣ ਇਸ ਸਕੂਲ ਦੀ ਸੋਹਣੀ ਇਮਾਰਤ ਬਣ ਚੁੱਕੀ ਹੈ। ਸਕੂਲ ਵਿੱਚ 1000 ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ। ਦੋ ਵਿਦਿਆਰਥੀ UPSE ਦਾ ਇਮਿਤਿਹਾਨ ਪਾਸ ਕਰ ਚੁੱਕੇ ਹਨ। ਇੱਕ ਇਸ ਵੇਲੇ IPS ਅਫ਼ਸਰ ਅਤੇ ਦੂਸਰਾ IAS ਹੈ। ਜੇ ਕੋਈ ਆਪ ਨੂੰ ਕਹਿੰਦਾ ਕਿ ਸਕੂਲ ਦੀ ਮਸ਼ਹੂਰੀ ਲਈ ਕੁੱਝ ਕਰੀਏ ਤਾਂ ਆਪ ਦਾ ਇੱਕੋ ਹੀ ਜੁਆਬ ਹੁੰਦਾ- ਸਾਡੇ ਨਤੀਜੇ ਸਾਡੀ ਮਸ਼ਹੂਰੀ ਹਨ। ਮਿਹਨਤ ਕਰੀ ਜਾਉ। ਆਪ ਦੀ ਸੋਚ ਦਾ ਨਤੀਜਾ ਹੀ ਹੈ ਕਿ ਇਸ ਸਕੂਲ ਤੋਂ ਪੜ੍ਹੇ ਅੱਜ ਹਜ਼ਾਰਾਂ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ ਵਿੱਚ ਸਾਦਗੀ ਅਤੇ ਉੱਚੀਆਂ ਕਦਰਾਂ ਕੀਮਤਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਭਾਈ ਸਾਹਿਬ ਲਈ ਉਨ੍ਹਾਂ ਦੇ ਦਿਲਾਂ ਵਿੱਚ ਸਤਿਕਾਰ ਅੱਜ ਵੀ ਕਾਇਮ ਹੈ। ਇਸ ਦਾ ਪ੍ਰਤੱਖ ਪ੍ਰਮਾਣ ਉਨ੍ਹਾਂ ਦੇ ਅੰਤਮ ਸਸਕਾਰ ਵੇਲੇ ਵੱਡੀ ਗਿਣਤੀ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਪ੍ਰੇਮੀਆਂ ਦਾ ਸ਼ਾਮਲ ਹੋਣਾ ਹੈ।

ਪੰਥਕ ਹਲਕਿਆਂ ਵਿੱਚ ਵਿਚਰਦਿਆਂ ਜਦੋਂ

ਆਪ ਨੂੰ ਪਤਾ ਲੱਗਾ ਕਿ ਕੁੱਝ ਦੁਕਾਨਦਾਰਾਂ ਅਤੇ ਪ੍ਰਕਾਸ਼ਕਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਛਾਪਣਾ ਕੇਵਲ ਮੁਨਾਫ਼ੇ ਅਤੇ ਵਪਾਰ ਦਾ ਜ਼ਰੀਆ ਬਣਾਇਆ ਹੋਇਆ ਹੈ ਅਤੇ ਛਪਾਈ ਵਿੱਚ ਕਈ ਤਰ੍ਹਾਂ ਦੀ ਅਣਗਹਿਲੀ ਵੀ ਵਰਤੀ ਜਾ ਰਹੀ ਹੈ ਤਾਂ ਜਾਗਤ ਜੋਤ ਗੁਰੂ ਦੀ ਬੇਅਦਬੀ ਆਪ ਕੋਲੋਂ ਸਹਿਣ ਨਹੀਂ ਹੋਈ। ਪਰੰਤੂ ਆਪ ਨੇ ਨਾ ਤਾਂ ਕਿਸੇ ਨੂੰ ਦੋਸ਼ ਦਿੱਤਾ ਅਤੇ ਨਾ ਹੀ ਕੋਈ ਗਿਲ੍ਹਾ ਕੀਤਾ। ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਕੰਮ ਆਸਾਨ ਨਹੀਂ ਸੀ। ਪਰ ਵਾਹਿਗੁਰੂ ਜੀ ਉੱਤੇ ਭਰੋਸਾ ਰੱਖ ਕੇ ਕੰਮ ਆਰੰਭ ਕਰ ਦਿੱਤਾ ਗਿਆ। ਇਸ ਪਵਿੱਤਰ ਕਾਰਜ ਲਈ ਆਪ ਨੇ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮਾਲੜੀ ਸਾਹਿਬ ਨੂੰ ਚੁਣਿਆ। ਉਥੇ ਉਸ ਵੇਲੇ ਦੀ ਅਤਿ ਆਧੁਨਿਕ ਪ੍ਰੈੱਸ ਲਗਾਈ ਗਈ ਜਿਥੇ ਛਪਾਈ ਦਾ ਕੰਮ ਪੂਰਨ ਮਰਯਾਦਾ ਅਨੁਸਾਰ ਚਲਦਾ ਰਿਹਾ। ਛਪਾਈ ਵੇਲੇ ਇਹ ਗੱਲ ਯਕੀਨੀ ਬਣਾਈ ਜਾਂਦੀ ਸੀ ਕਿ ਸੁੱਚਮਤਾ ਦਾ ਪੂਰਾ ਧਿਆਨ ਰੱਖਿਆ ਜਾਏ। ਜਿਤਨੀ ਦੇਰ ਕੰਮ ਚਲਦਾ ਕਿਸੇ ਨੂੰ ਨਾਮ ਜਾਪ ਤੋਂ ਬਿਨਾਂ ਹੋਰ ਕੋਈ ਗੱਲ ਕਰਨ ਦੀ ਇਜਾਜ਼ਤ ਨਹੀਂ ਸੀ। ਕੁੱਝ ਸਮਾਂ ਇਹ ਕਾਰਜ ਸਫ਼ਲਤਾ ਪੂਰਵਕ ਚਲਦਾ ਰਿਹਾ ਅਤੇ ਕਈ ਥਾਵਾਂ ਤੇ ਪੂਰਨ ਮਰਯਾਦਾ ਅਨੁਸਾਰ ਸਰੂਪ ਪਹੁੰਚਾਏ ਵੀ ਗਏ। ਪਰ ਫਿਰ ਜਦੋਂ ਅਕਾਲ ਤਖ਼ਤ ਸਾਹਿਬ ਤੋਂ ਸਭ ਥਾਵਾਂ ਤੇ ਛਪਾਈ ਬੰਦ ਕਰਨ ਦਾ ਹੁਕਮ ਆਇਆ ਤਾਂ ਇਹ ਕਾਰਜ ਉਥੇ ਹੀ ਬੰਦ ਕਰ ਦਿੱਤਾ ਗਿਆ। ਆਪ ਜੀ ਦੇ ਜੀਵਨ ਦੀ ਇਹ ਘਟਨਾ ਸਾਡੇ ਸਾਰਿਆਂ ਲਈ ਇੱਕ ਸਬਕ ਹੈ ਕਿ ਜਦੋਂ ਵੀ ਕਿਧਰੇ ਕੋਈ ਕਮੀ ਨਜ਼ਰ ਆਏ ਤਾਂ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਉਸ ਵਿੱਚ ਸੁਧਾਰ ਦਾ ਕੰਮ ਆਪ ਆਰੰਭ ਕਰ ਦਿੱਤਾ ਜਾਏ।



ਡਾ. ਭਾਈ ਦਲੀਪ ਸਿੰਘ ਜੀ ਸਾਹਿਤ ਅਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿਤ ਦੇ ਵੱਡੇ ਪ੍ਰੇਮੀ ਸਨ। ਆਪ ਵੀ ਪੜ੍ਹਦੇ ਤੇ ਦੂਜਿਆਂ ਨੂੰ ਵੀ ਪੜ੍ਹਨ ਲਈ ਪ੍ਰੇਰਦੇ। ਆਪ ਨੂੰ ਜੋ ਵੀ ਮਿਲਣ ਆਉਂਦਾ ਉਸ ਨੂੰ ਕੋਈ ਨਾ ਕੋਈ ਕਿਤਾਬ ਪੜ੍ਹਨ ਲਈ ਕਹਿੰਦੇ ਰਹਿੰਦੇ। ਕੇਵਲ ਸਲਾਹ ਹੀ ਨਾ ਦੇਂਦੇ ਸਗੋਂ ਵੱਖ ਵੱਖ ਥਾਵਾਂ ਤੇ ਕਿਤਾਬਾਂ ਵੰਡਦੇ ਵੀ। ਇਕ ਪਿੰਡ ਵਿੱਚ ਜਾ ਕੇ ਕੁੱਝ ਬੰਦਿਆਂ ਨੂੰ ਕਿਤਾਬਾਂ ਦੇ ਆਉਂਦੇ। 15 ਕੁ ਦਿਨਾਂ ਬਾਅਦ ਉਥੇ ਹੋਰ ਕਿਤਾਬਾਂ ਦੇ ਕੇ ਉਹ ਕਿਤਾਬਾਂ ਕਿਸੇ ਦੂਸਰੇ ਪਿੰਡ ਵਿੱਚ ਦੇ ਆਉਂਦੇ। ਇਸ ਤਰ੍ਹਾਂ ਉਨ੍ਹਾਂ ਕਈ ਪੁਸਤਕ ਪ੍ਰੇਮੀ ਪੈਦਾ ਕੀਤੇ। ਆਪ ਦਾ ਵਿਚਾਰ ਸੀ **ਲਾਇਬਰੇਰੀ ਕਿਤਾਬਾਂ ਨਾਲ ਭਰੀਆਂ ਅਲਮਾਰੀਆਂ ਦਾ ਨਾਂ ਨਹੀਂ ਸਗੋਂ ਲਾਇਬਰੇਰੀ ਤਾਂ ਕਿਤਾਬਾਂ ਨਾਲ ਭਰੇ ਹੱਥ ਹੁੰਦੇ ਹਨ।** ਕਿਸੇ ਕਿਤਾਬ ਨੂੰ ਪੜ੍ਹਨ ਤੇ ਚਾਹੇ ਜਿਤਨਾ ਮਰਜ਼ੀ ਸਮਾਂ ਲੱਗ ਜਾਏ ਪਰ ਹਰ ਮਨੁੱਖ ਕੋਈ ਨਾ ਕੋਈ ਕਿਤਾਬ ਸ਼ੁਰੂ ਕਰੀ ਰੱਖੇ। ਕਿਤਾਬਾਂ ਪੜ੍ਹਨ ਕਰਕੇ ਹੀ ਆਪ ਇਤਨੇ ਵਿਸ਼ਾਲ ਗਿਆਨ ਦੇ ਮਾਲਕ ਸਨ ਕਿ ਆਪ ਨਾਲ ਕਿਸੇ ਵੀ ਵਿਸ਼ੇ ਤੇ ਗੱਲ ਕੀਤੀ ਜਾ ਸਕਦੀ ਸੀ। ਆਪ ਪੁਸਤਕਾਂ ਪੜ੍ਹਨ ਦੇ ਨਾਲ ਨਾਲ ਪੁਸਤਕਾਂ ਲਿਖਦੇ ਵੀ ਰਹੇ ਪਰ ਡਾ. ਭਾਈ ਵੀਰ ਸਿੰਘ ਜੀ ਵਾਂਗ ਛਿਪੇ ਰਹਿਣ ਦੀ ਚਾਹ ਰੱਖਣ ਵਾਲੇ ਭਾਈ ਸਾਹਿਬ ਨੇ ਕਿਸੇ ਵੀ ਪੁਸਤਕ ਉੱਤੇ ਆਪਣਾ ਨਾਂ ਨਹੀਂ ਲਿਖਵਾਇਆ। ਉਨ੍ਹਾਂ ਦਾ ਮੰਨਣਾ ਸੀ ਕਿ 'ਲਿਖਣਾ' ਪ੍ਰਭੂ ਦੀ ਦਾਤ ਹੈ ਫਿਰ ਉਸ ਦਾਤ ਨੂੰ ਆਪਣਾ ਨਾਂ ਕਿਉਂ ਦਿੱਤਾ ਜਾਏ? ਦੂਸਰਾ ਇਹ ਕਿ ਪਾਠਕ ਨੂੰ ਲੇਖਕ ਨਾਲ ਨਹੀਂ, ਲਿਖਤ ਨਾਲ ਜੁੜਨਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੇ ਕਿਸੇ ਪੁਸਤਕ ਉੱਤੇ ਆਪਣਾ ਨਾਮ ਨਹੀਂ ਲਿਖਿਆ। ਅੱਜ ਦੇ ਲੇਖਕਾਂ ਨੂੰ ਇਸ ਤੋਂ ਸੇਧ ਲੈਣ ਦੀ ਲੋੜ ਹੈ। ਨਿਸ਼ਕਾਮ ਸੇਵਾ ਆਪ ਦਾ ਆਦਰਸ਼ ਸੀ ਅਤੇ ਇਹ ਸੇਵਾ ਆਪ ਨੇ ਸਮੁੱਚਾ ਜੀਵਨ ਨਿਭਾਈ। ਇਹੀ ਕਾਰਨ ਹੈ ਕਿ ਆਪ ਸਮਾਜਿਕ, ਰਾਜਨੀਤਕ, ਧਾਰਮਿਕ ਖੇਤਰਾਂ ਵਿੱਚ ਇੱਕ ਸਨਮਾਨਯੋਗ ਹਸਤੀ ਰਹੇ। ਆਪ ਦੀ ਉੱਚ ਆਤਮਿਕ ਅਵਸਥਾ ਨੂੰ ਦੇਖਦਿਆਂ ਬਹੁਤ ਸਾਰੀਆਂ ਸਨਮਾਨਯੋਗ ਹਸਤੀਆਂ, ਇਥੋਂ ਤੱਕ ਕਿ ਤਖ਼ਤ ਸਾਹਿਬਾਨ ਦੇ ਜਥੇਦਾਰ ਵੀ ਆਪ ਨਾਲ ਸਲਾਹ ਮਸ਼ਵਰਾ ਕਰਨ ਆਉਂਦੇ ਰਹਿੰਦੇ। ਇੱਕ ਵਾਰ ਆਪ ਨੂੰ 'ਸੰਤ' ਦੀ ਉਪਾਧੀ ਦੇਣ ਦੀ ਪੇਸ਼ਕਸ਼ ਵੀ ਹੋਈ ਪਰ ਆਪ ਨੇ ਇਹ ਕਹਿ ਕੇ 'ਮੈਨੂੰ ਸਿੱਖ ਤੇ ਸੇਵਕ ਹੀ ਰਹਿਣ ਦਿੱਤਾ ਜਾਏ' ਉਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

ਆਪ ਪੰਥ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਸਨ। ਸੰਨ 1978 ਦੀ ਵਿਸਾਖੀ ਦੇ ਨਿਰੰਕਾਰੀ ਕਾਂਡ ਵੇਲੇ ਜਦੋਂ 13 ਸਿੰਘਾਂ ਦੇ ਪਹਿਲੇ ਜੱਥੇ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ, ਦੂਸਰੇ ਜੱਥੇ ਵਿੱਚ ਆਪ ਵੀ ਸ਼ਾਮਲ ਸਨ ਪਰ ਉਸ ਜੱਥੇ ਨੂੰ ਅੱਗੇ ਜਾਣ ਦੀ ਆਗਿਆ ਨਹੀਂ ਮਿਲੀ। ਇਸ ਲਈ ਆਪ ਉੱਥੇ ਨਹੀਂ ਪਹੁੰਚ ਸਕੇ। ਇਸੇ ਤਰ੍ਹਾਂ 1984 ਦੇ ਸਾਕੇ ਤੋਂ ਬਾਅਦ ਦੂਜੇ ਸੂਬਿਆਂ 'ਚੋਂ ਆਇਆਂ ਨੂੰ ਸਥਾਪਤ ਕਰਨ ਵਿੱਚ ਆਪ ਨੇ ਹਰ ਤਰ੍ਹਾਂ ਦੀ ਮਦਦ ਕੀਤੀ। ਬਹੁਤ ਸਾਰੇ ਬੱਚਿਆਂ ਦੀ ਵਿਦਿਆ ਪ੍ਰਾਪਤੀ ਵਿੱਚ ਵੀ ਸਹਾਇਤਾ ਕੀਤੀ। ਅੰਗਹੀਣਾਂ ਨੂੰ ਨਕਲੀ ਅੰਗ ਲਗਵਾਉਣ ਲਈ ਆਪ ਕੈਂਪ ਲਗਾ ਕੇ ਬਿਨਾਂ ਕਿਸੇ ਕੀਮਤ ਦੇ ਬਾਹਵਾਂ, ਲੱਤਾਂ, ਹੱਥ ਆਦਿ ਮੁਹੱਈਆ ਕਰਾਉਂਦੇ ਰਹੇ। ਬਹੁਤ ਸਾਰੇ ਲੋੜਵੰਦਾਂ ਨੂੰ ਤਿੰਨ ਪਹੀਏ ਸਾਈਕਲ ਦਿਵਾਉਣ ਦਾ ਇੰਤਜ਼ਾਮ ਵੀ ਕੀਤਾ। ਅਜਿਹੇ ਕਾਰਜ ਕਰਨ ਵਾਲਾ ਮਨੁੱਖ ਕਦੀ ਆਮ ਮਨੁੱਖ ਨਹੀਂ ਹੁੰਦਾ। ਸਰਬੱਤ ਦੇ ਭਲੇ ਦੀ ਇੱਛਾ ਬਿਨਾਂ ਇਹ ਸਾਰੇ ਕਾਰਜ ਸੰਭਵ ਨਹੀਂ। ਵੱਡੀ ਗੱਲ ਇਹ ਕਿ ਉਨ੍ਹਾਂ ਨੇ ਕਦੇ ਕਿਸੇ ਕੋਲੋਂ ਕੁੱਝ ਮੰਗਿਆ ਨਹੀਂ। ਉਨ੍ਹਾਂ ਨੂੰ ਪ੍ਰੇਮ ਕਰਨ ਵਾਲੇ ਇੱਕ ਸੱਜਣ ਨੇ ਦਸਿਆ ਕਿ ਜੇ ਉਨ੍ਹਾਂ ਨੇ ਕੁੱਝ ਮੰਗਿਆ ਤਾਂ ਉਹ ਹੈ ਮਾਫ਼ੀ। ਬਿਨਾਂ ਗਲਤੀ ਦੇ ਵੀ ਉਹ ਮਾਫ਼ੀ ਮੰਗ ਲਿਆ ਕਰਦੇ ਸਨ। ਕਦੀ ਕਿਸੇ ਨੂੰ ਕੁੱਝ ਕਹਿੰਦੇ ਨਹੀਂ ਸਨ। ਇਥੋਂ ਤੱਕ ਕਿ ਕੇਸਾਂ ਦੀ ਬੇਅਦਬੀ ਕਰਨ ਵਾਲੇ ਨੂੰ ਵੀ ਕੁੱਝ ਨਹੀਂ ਸੀ ਕਹਿੰਦੇ। ਉਨ੍ਹਾਂ ਨਾਲ ਪਿਆਰ ਹੀ ਐਨਾ ਕਰਦੇ ਸਨ ਕਿ ਸਿੱਖੀ ਦੇ ਨੇੜੇ ਆ ਜਾਏ। ਆਪ ਦਾ ਵਿਸ਼ਵਾਸ਼ ਸੀ ਜਿਸ ਦਿਨ ਮਨ ਨੇ ਦਾੜ੍ਹੀ ਰੱਖ ਲਈ ਕੇਸ ਉਸੇ ਦਿਨ ਉੱਗ ਆਉਣਗੇ। ਲੋੜ ਮਨ ਬਦਲਣ ਦੀ ਹੈ। ਇਹੀ ਕਾਰਨ ਹੈ ਕਿ ਹਰ ਬੰਦਾ ਆਪਣੇ ਦੁੱਖ ਸੁੱਖ ਆਪ ਨਾਲ ਕਰ ਲੈਂਦਾ ਸੀ। ਖਾਸ ਗੱਲ ਇਹ ਹੈ ਕਿ ਉਨ੍ਹਾਂ ਨਾਲ ਹਰ ਉਮਰ ਦੇ ਵਿਅਕਤੀ (ਬਜ਼ੁਰਗ, ਬੱਚੇ ਅਤੇ ਨੌਜਵਾਨ) ਬੈਠਣਾ ਪਸੰਦ ਕਰਦੇ ਸਨ ਅਤੇ ਉਨ੍ਹਾਂ ਨਾਲ ਸਮਾਂ ਬਿਤਾਉਣਾ ਚਾਹੁੰਦੇ ਸਨ। ਲੋਕ ਚਿੰਤਾਵਾਂ ਦੀ ਪੰਡ ਚੁੱਕ ਕੇ ਆਪ ਪਾਸ ਆਉਂਦੇ ਤੇ ਹਲਕੇ ਹੋ ਕੇ ਚਲੇ ਜਾਂਦੇ। ਹਰੇਕ ਨੂੰ ਭਾਈ ਸਾਹਿਬ ਆਪਣੇ ਲਗਦੇ ਸਨ।

12 ਫਰਵਰੀ 2026 ਨੂੰ ਆਪ ਇਸ ਪੰਜ ਭੂਤਕ ਸਰੀਰ ਨੂੰ ਛੱਡ ਗਏ। ਆਪ ਜੀ ਦੀ ਸੇਵਾ ਕਰ ਰਹੇ ਇਕ ਬੀਬੀ ਜੀ ਨੇ ਦਸਿਆ ਕਿ 15 ਕੁ ਦਿਨ

ਪਹਿਲਾਂ ਉਹ ਕੁਰਸੀ ਤੇ ਬੈਠੇ ਸਨ। ਉਨ੍ਹਾਂ ਦੇ ਪੀਣ ਲਈ ਪਾਣੀ ਦਾ ਗਿਲਾਸ ਲਿਆਉਂਦਾ ਗਿਆ। ਉਨ੍ਹਾਂ ਕੋਲੋਂ ਫੜਿਆ ਨਹੀਂ ਗਿਆ, ਹੇਠਾਂ ਡਿੱਗ ਗਿਆ। ਕੁੱਝ ਦੇਰ ਬਾਅਦ ਕਹਿਣ ਲੱਗੇ ਸ਼ਬਦ ਕੱਢੋ:

**ਏਕ ਨ ਭਰੀਆ ਗੁਣ ਕਰਿ ਧੋਵਾ ॥**
**ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥੧॥**
**ਇਉ ਕਿਉ ਕੰਤ ਪਿਆਰੀ ਹੋਵਾ॥**
**ਸਹੁ ਜਾਗੈ ਹਉ ਨਿਸ ਭਰਿ ਸੋਵਾ॥੧॥ ਰਹਾਉ॥**
**ਆਸ ਪਿਆਸੀ ਸੇਜੈ ਆਵਾ ॥**
**ਆਗੈ ਸਹ ਭਾਵਾ ਕਿ ਨ ਭਾਵਾ॥੨॥**
**ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥**
**ਹਰਿ ਦਰਸਨ ਬਿਨੁ ਰਹਨੁ ਨ ਜਾਈ॥੧॥ ਰਹਾਉ ॥**
**ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ॥**
**ਗਇਆ ਸੁ ਜੋਬਨੁ ਧਨ ਪਛੁਤਾਨੀ॥੩॥**
**ਅਜੈ ਸੁ ਜਾਗਉ ਆਸ ਪਿਆਸੀ ॥**
**ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ॥**
**ਹਉਮੈ ਖੋਇ ਕਰੇ ਸੀਗਾਰੁ ॥**
**ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥**
**ਤਉ ਨਾਨਕ ਕੰਤੈ ਮਨਿ ਭਾਵੈ ॥**
**ਛੋਡਿ ਵਡਾਈ ਅਪਣੇ ਖਸਮ ਸਮਾਵੈ॥੧॥ ਰਹਾਉ॥੨੬॥**

**(ਪੰਨਾ ੩੫੭)**

ਅਸੀਂ ਮੋਬਾਈਲ ਵਿੱਚੋਂ ਸ਼ਬਦ ਕੱਢਿਆ ਤੇ ਉਨ੍ਹਾਂ ਨੇ ਸਾਨੂੰ ਇਸ ਸ਼ਬਦ ਦੇ ਅਰਥ ਸਮਝਾਏ। ਬਸ, ਉਸ ਤੋਂ ਬਾਅਦ ਉਹ ਬਹੁਤਾ ਕੁੱਝ ਨਹੀਂ ਬੋਲੇ। ਇਹ ਉਨ੍ਹਾਂ ਦੀ ਸਾਨੂੰ ਆਖਰੀ ਨਸੀਹਤ ਸੀ।

ਤੇ ਹੁਣ ਗੱਲ ਕਰੀਏ ਫਰਵਰੀ 12, 2026 ਦਿਨ ਵੀਰਵਾਰ ਦੀ। ਆਪ ਲੁਧਿਆਣੇ ਦੇ ਦਇਆਨੰਦ ਹਸਪਤਾਲ ਵਿੱਚ ਕੈਂਸਰ ਦੀ ਬੀਮਾਰੀ ਨਾਲ ਜੂਝ ਰਹੇ ਸਨ। ਕਾਫ਼ੀ ਤਕਲੀਫ਼ ਵਿੱਚ ਸਨ। ਸਰੀਰ ਵਿੱਚ ਟਿਕਾਅ ਨਹੀਂ ਸੀ। ਕੁੱਝ ਸਮੇਂ ਬਾਅਦ ਇੱਕ ਗੁਰਸਿੱਖ ਭੈਣ ਜੀ ਆਏ ਤੇ ਉਨ੍ਹਾਂ ਨੇ ਰਾਮਕਲੀ ਦੀ ਵਾਰ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਪਾਠ ਆਰੰਭ ਹੁੰਦਿਆਂ ਹੀ ਆਪ ਜੀ ਟਿਕਾਅ ਵਿੱਚ ਆ ਗਏ। ਡਾਕਟਰ ਸਾਹਿਬ ਉਸ ਵੇਲੇ ਉਨ੍ਹਾਂ ਦੇ ਕੋਲ ਹੀ ਸਨ। ਹੁਣ ਭਾਈ ਸਾਹਿਬ ਪੂਰੇ ਟਿਕਾਅ ਵਿੱਚ ਸਨ। ਡਿਊਟੀ 'ਤੇ ਖੜ੍ਹੇ ਡਾਕਟਰ ਸਾਹਿਬ ਦੇ ਦੱਸਣ ਮੁਤਾਬਕ ਕੁੱਝ ਸਮੇਂ ਬਾਅਦ ਆਪ ਨੇ ਇਕ ਦਮ ਬਾਹਵਾਂ ਅਤੇ ਥੋੜ੍ਹਾ ਜਿਹਾ ਸਿਰ ਉਪਰ ਚੁੱਕਿਆ, ਬਿਲਕੁਲ ਉਸੇ ਤਰ੍ਹਾਂ ਜਿਵੇਂ ਮਾਂ ਆਪਣੇ ਬੱਚੇ ਨੂੰ ਚੁੱਕਣ ਲੱਗੇ ਤੇ ਬੱਚਾ ਬਾਹਵਾਂ ਉਪਰ ਕਰਦਾ ਹੈ। ਮੂੰਹ 'ਚੋਂ ਦੋ ਤਿੰਨ ਵਾਰ ਵਾਹਿਗੁਰੂ ਵਾਹਿਗੁਰੂ ਉਚਾਰਿਆ ਤੇ ਸ਼ਾਂਤ ਹੋ ਗਏ। ਭਾਵੇਂ ਡਾਕਟਰਾਂ ਦੀਆਂ ਮਸ਼ੀਨਾਂ ਕੁੱਝ ਦੇਰ ਬਾਅਦ ਤੱਕ ਵੀ ਚਲਦੀਆਂ ਰਹੀਆਂ ਤੇ ਭਾਈ ਸਾਹਿਬ ਜੀ ਨੇ ਵੀ ਉਸ ਗੁਰਸਿੱਖ ਬੀਬੀ ਦਾ ਹੱਥ ਘੁੱਟ ਕੇ ਫੜੀ ਰੱਖਿਆ ਪਰ ਡਿਊਟੀ ਤੇ ਤਾਇਨਾਤ ਡਾਕਟਰ ਸਾਹਿਬ ਦਾ ਵਿਸ਼ਵਾਸ਼ ਹੈ ਕਿ ਉਸ ਸਮੇਂ ਕੋਈ ਕਲਾ ਜ਼ਰੂਰ ਵਰਤੀ ਸੀ ਜਿਸ ਨੂੰ ਸਾਡੇ ਵਰਗੇ ਅਲਪ ਬੁੱਧੀ ਜੀਵ ਨਹੀਂ ਸਮਝ ਸਕਦੇ। ਹੰਸ ਉਡਾਰੀ ਮਾਰ ਗਿਆ। ਪਿਛੇ ਪੰਜ ਭੂਤਕ ਸਰੀਰ ਰਹਿ ਗਿਆ।

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥**
**ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ ॥**
**ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ ॥**
**ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ ॥**
**ਗੁਰਮੁਖਿ ਸਦੇ ਜਾਨਿ ਆਵਨਿ ਘਲਿਆ ॥**

**ਆਪ ਪੰਥ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਸਨ। ਸੰਨ 1978 ਦੀ ਵਿਸਾਖੀ ਦੇ ਨਿਰੰਕਾਰੀ ਕਾਂਡ ਵੇਲੇ ਜਦੋਂ 13 ਸਿੰਘਾਂ ਦੇ ਪਹਿਲੇ ਜੱਥੇ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ, ਦੂਸਰੇ ਜੱਥੇ ਵਿੱਚ ਆਪ ਵੀ ਸ਼ਾਮਲ ਸਨ ਪਰ ਉਸ ਜੱਥੇ ਨੂੰ ਅੱਗੇ ਜਾਣ ਦੀ ਆਗਿਆ ਨਹੀਂ ਮਿਲੀ। ਇਸ ਲਈ ਆਪ ਉੱਥੇ ਨਹੀਂ ਪਹੁੰਚ ਸਕੇ। ਇਸੇ ਤਰ੍ਹਾਂ 1984 ਦੇ ਸਾਕੇ ਤੋਂ ਬਾਅਦ ਦੂਜੇ ਸੂਬਿਆਂ 'ਚੋਂ ਆਇਆਂ ਨੂੰ ਸਥਾਪਤ ਕਰਨ ਵਿੱਚ ਆਪ ਨੇ ਹਰ ਤਰ੍ਹਾਂ ਦੀ ਮਦਦ ਕੀਤੀ। ਬਹੁਤ ਸਾਰੇ ਬੱਚਿਆਂ ਦੀ ਵਿਦਿਆ ਪ੍ਰਾਪਤੀ ਵਿੱਚ ਵੀ ਸਹਾਇਤਾ ਕੀਤੀ। ਅੰਗਹੀਣਾਂ ਨੂੰ ਨਕਲੀ ਅੰਗ ਲਗਵਾਉਣ ਲਈ ਆਪ ਕੈਂਪ ਲਗਾ ਕੇ ਬਿਨਾਂ ਕਿਸੇ ਕੀਮਤ ਦੇ ਬਾਹਵਾਂ, ਲੱਤਾਂ, ਹੱਥ ਆਦਿ ਮੁਹੱਈਆ ਕਰਾਉਂਦੇ ਰਹੇ। ਬਹੁਤ ਸਾਰੇ ਲੋੜਵੰਦਾਂ ਨੂੰ ਤਿੰਨ ਪਹੀਏ ਸਾਈਕਲ ਦਿਵਾਉਣ ਦਾ ਇੰਤਜ਼ਾਮ ਵੀ ਕੀਤਾ। ਅਜਿਹੇ ਕਾਰਜ ਕਰਨ ਵਾਲਾ ਮਨੁੱਖ ਕਦੀ ਆਮ ਮਨੁੱਖ ਨਹੀਂ ਹੁੰਦਾ।**

ਪਰ ਭਾਈ ਸਾਹਿਬ ਜੀ ਕਿਧਰੇ ਗਏ ਨਹੀਂ। ਅੱਖਾਂ ਤੋਂ ਓਹਲੇ ਜ਼ਰੂਰ ਹੋਏ ਹਨ। ਉਹ ਅੱਜ ਵੀ ਉਨ੍ਹਾਂ ਸਾਰਿਆਂ ਵਿੱਚੋਂ ਦੇਖੇ ਜਾ ਸਕਣਗੇ ਜੋ ਉਨ੍ਹਾਂ ਦੇ ਸੁਝਾਵਾਂ ਅਤੇ ਉਨ੍ਹਾਂ ਦੇ ਜੀਵਨ ਉਦੇਸ਼ ਤੇ ਉਪਦੇਸ਼ ਤੇ ਚੱਲਣ ਦਾ ਯਤਨ ਕਰਨਗੇ। ਆਪ ਦੇ ਆਦਰਸ਼ ਗੁਰਮਤਿ ਦੇ ਆਦਰਸ਼ ਸਨ। ਆਪ ਦੀਆਂ ਇਛਾਵਾਂ ਗੁਰਮਤਿ ਦੀਆਂ ਇੱਛਾਵਾਂ ਸਨ। ਆਪ ਦੀਆਂ ਤਾਂਘਾਂ ਗੁਰਮਤਿ ਦੀਆਂ ਤਾਂਘਾਂ ਸਨ। ਆਪ ਦੇ ਸਾਰੇ ਕਾਰਜ ਗੁਰਮਤਿ ਨੂੰ ਸਮਰਪਿਤ ਸਨ। ਆਪ ਜੀ ਦਾ ਜੀਵਨ ਬਹੁ ਪੱਖੀ ਸੀ। ਆਪ ਇੱਕੋ ਸਮੇਂ ਅਤੁੱਟ ਨਾਮ ਅਭਿਆਸੀ, ਗੁਰਬਾਣੀ ਰਸੀਏ, ਕਥਨੀ ਕਰਨੀ ਦੇ ਸੂਰੇ, ਰਹਿਤ ਰਹਿਣੀ ਦੇ ਪੂਰੇ, ਹੋਰਨਾਂ ਲਈ ਪ੍ਰੇਰਨਾ ਸਰੋਤ, ਸੁਸਿੱਖਿਅਤ ਸਿੱਖਿਆ ਸ਼ਾਸ਼ਤਰੀ ਅਤੇ ਗੁਰਮਤਿ ਗੁਹਜ ਰਮਜ਼ਾਂ ਤੋਂ ਜਾਣੂ ਗੁਰਸਿੱਖ ਸਨ। ਆਤਮ ਵਿਗਾਸ ਦੀ ਉੱਚਤਮ ਅਵਸਥਾ ਤੇ ਪਹੁੰਚ ਕੇ ਵੀ ਆਪ ਨੇ 'ਸੰਤ' ਅਖਵਾਉਣ ਨਾਲੋਂ 'ਸੇਵਕ' ਅਖਵਾਉਣਾ ਜ਼ਿਆਦਾ ਪਸੰਦ ਕੀਤਾ। ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੁਆਰਾ ਆਰੰਭੇ ਕਾਰਜ ਗੁਰਮਤਿ ਸੋਚ ਅਨੁਸਾਰ ਪੂਰੇ ਕਰਨ ਦਾ ਬਲ ਬਖਸ਼ੇ। ਇਹ ਸਾਡੀ ਅਰਦਾਸ ਵੀ ਹੈ ਤੇ ਸਾਡਾ ਫ਼ਰਜ਼ ਵੀ।

**ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ।**
**ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।**
**ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।**
**ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।**
**ਹਉ ਤਿਸੁ ਵਿਟਹੁ ਵਾਰਿਆ ਗੁਰਮੁਖ ਮਾਰਗੁ ਦੇਖਿ ਲੁਭਾਣਾ।**
**ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ।**
**ਦੀਨ ਦੁਨੀ ਦਰਗਹ ਪਰਵਾਣਾ॥**

–0–

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 7**


# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

**ਨਾਵਾਂ ਮਸਲਾ ਹੈ ਬੇਲੋੜੀਆਂ ਸਿਰਲੇਖਕ, ਸੰਪਾਦਕੀ ਤੇ ਅੰਤਕੀ ਸੇਧਾਂ ਦਾ:** ਛਾਪੇ ਦੀ ਪਾਵਨ ਬੀੜ ਵਿਖੇ 'ਆਸਾ ਕਬੀਰ ਕਬੀਰ ਜੀਉ ਕੇ ਪਦੇ ੯ ਦੁਤੁਕੇ' {ਪੰ. ੪੭੯}; ਵਾਰਾਂ ਦੀਆਂ ਸੰਪਾਦਕੀ ਸੂਚਨਾਵਾਂ 'ਸੁਧੁ' ਤੇ 'ਸੁਧੁ ਕੀਚੈ' {ਪੰ. ੯੧, ੩੧੭, ੩੨੩, ੪੭੫, ੫੫੬, ੮੫੫, ੯੫੬, ੯੬੬, ੧੦੯੪, ੧੨੫੧ ਤੇ ੧੩੧੮ } ਅਤੇ 'ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ' {ਪੰ. ੨੨੮} ਆਦਿ,ਐਸੀਆਂ ਸਿਰਲੇਖਕ, ਸੰਪਾਦਕੀ ਤੇ ਅੰਤਕੀ ਸੇਧਾਂ ਹਨ, ਜਿਨ੍ਹਾਂ ਨੂੰ ਪਾਠ-ਭੇਦ ਸੂਚੀ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨ ਬੇਲੋੜੀਆਂ ਸਮਝਦੇ ਹਨ । 'ਸੁਧ' ਤੇ 'ਸੁਧੁ ਕੀਚੈ' ਸੂਚਨਾਵਾਂ ਬਾਰੇ 'ਪਾਠ-ਭੇਦ ਸੂਚੀ' ਦੇ ਵਿਸ਼ੇਸ਼ ਨੋਟ ਵੀਚਾਰਨਯੋਗ ਹਨ । ਜਿਵੇਂ :

'ਸੁਧੁ' ॥ ਇਹ ਪਾਠ ਕਿਸੇ ਲਿਖਤੀ ਗ੍ਰੰਥ ਸਾਹਿਬ ਵਿੱਚ, ਕਿਸੇ ਵੀ ਵਾਰ ਨਾਲ ਨਹੀਂ ਲੱਭਦਾ ॥ ਕਰਤਾਰਪੁਰੀ ਬੀੜ 'ਚ ਲਿਖਾਰੀ ਦੇ ਹੀ ਹੱਥ-ਕਲਮ ਨਾਲ ਲਿਖਿਆ ਵੇਖਦੇ ਹਾਂ । ਜਿਥੋਂ ਛਾਪੇਖਾਨੇ ਵਾਲਿਆਂ ਮੱਖੀ ਤੇ ਮੱਖੀ ਮਾਰਨੀ ਅਰੰਭੀ ਹੈ ॥ ਸੋ, ਇਹ ਗ਼ਲਤ ਤੇ ਗੈਰ ਜ਼ਰੂਰੀ ਰੀਸ ਛੱਡ ਦੇਣੀ ਚਾਹੀਦੀ ਹੈ । {ਸੂਚੀ ਪੰ. ੩੫}




'ਸੁਧੁ ਕੀਚੈ' ॥ ਦੀ ਹਦਾਇਤ ਸਬੰਧੀ ਹੇਠ ਲਿਖਿਆ ਨੋਟ ਲਿਖਣ ਮੌਕੇ ਸੂਚੀ ਦੇ ਖੋਜੀ ਲੇਖਕਾਂ ਨੇ ੧੨ ਉਨ੍ਹਾਂ ਪੁਰਾਤਨ ਬੀੜਾਂ ਦਾ ਹਵਾਲਾ ਦਿੱਤਾ ਹੈ, ਜਿਨ੍ਹਾਂ ਵਿੱਚ ਅਜਿਹੀ ਕੋਈ ਹਦਾਇਤ ਨਹੀਂ ਮਿਲਦੀ । ਜਿਵੇਂ ਬੀੜ ਨੰ.੧, ੪/੩, ੫, ੮/੮, ੨੧/੩੪, ੨੯/੭੯, ੩੨/੬੨੮੧, ੩੫/੧੧੬, ੩੯/੧੮੨, ੪੪, ੪੭ ਤੇ ੫੪ । ਵਿਸ਼ੇਸ਼ ਨੋਟ ਇਸ ਪ੍ਰਕਾਰ ਹੈ :

'ਸੁਧੁ ਕੀਚੈ' ਕੀ ਹਦਾਇਤ, ਪੰਚਮ ਪਾਤਸ਼ਾਹ ਨੇ ਆਪਣੇ ਲਿਖਾਰੀ ਨੂੰ ਅਸ਼ੁਧੀਆਂ ਦਰੁਸਤ ਕਰਨ ਵਾਸਤੇ, ਕਰ ਕਮਲਾਂ ਨਾਲ ਲਿਖੀ ਸੀ । ਹੁਕਮ 'ਤੇ ਅਮਲ ਕਰਕੇ, ਲਿਖਾਰੀ ਨੇ ਲਿਖ ਦਿੱਤਾ ਸੀ : "ਸੁਧੁ ਕੀਤਾ ।" ਇਹ ਦੋਵੇਂ ਪਾਠ 'ਆਦਿ ਬੀੜ' ਦੀ ਪੱਕੀ ਇਤਿਹਾਸਕ ਪਛਾਣ ਹਨ । ਐਪਰ ਇਨ੍ਹਾਂ ਨੂੰ ਅਗਾਂਹ ਚਲਾਈ ਰੱਖਣਾ, ਦਾਨਾਈ ਨਹੀਂ । ਮੱਖੀ ਤੇ ਮੱਖੀ ਮਾਰਨ ਵਾਲੇ ਲਿਖਾਰੀਆਂ ਤੋਂ ਬਿਨ੍ਹਾਂ ਹੋਰ ਕਿਸੇ ਨੇ ਇਹ ਨਕਲ ਮਾਰੀ ਵੀ ਨਹੀਂ । ਗੁ. ਦੂਖ ਨਿਵਾਰਨ-ਪਟਿਆਲਾ ਦੇ ਤੋਸ਼ੇਖ਼ਾਨੇ ਵਿਰਾਜਮਾਨ ਇੱਕ ਲਿਖਤੀ ਗ੍ਰੰਥ ਸਾਹਿਬ ਵਿੱਚ "ਸ਼ੁਧ ਕੀਤਾ" ਪਾਠ ਵੀ ਅਸਾਂ ਪੜ੍ਹਿਆ ਹੈ । ਪਰ ਇਹ ਵੀ ਗੈਰ ਜ਼ਰੂਰੀ ਨਕਲ ਹੀ ਹੈ ।{ਸੂਚੀ ਪੰ. ੯੨, ੯੩}ਸਪਸ਼ਟ ਹੈ ਕਿ ਸੂਚੀ ਦੇ ਵਿਦਵਾਨਾਂ ਮੁਤਾਬਕ ਕਰਤਾਰਪੁਰੀ ਬੀੜ ਮੁੱਢਲੀ ਤੇ ਇਤਿਹਾਸਕ ਬੀੜ ਹੋਣ ਦੀ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ ।

**ਦਸਵਾਂ ਹੈ ਸਿਰਲੇਖਾਂ ਅੰਦਰਲੇ ਲਟਕਵੇਂ ਅੰਕਾਂ ਦਾ** : ਰਾਗੁ ਗਉੜੀ {ਪੰ. ੨੦੪ ਤੋਂ ੨੪੯ ਤੇ ਪੰ. ੩੨੬ ਤੋਂ ੩੩੮} ਅਤੇ ਰਾਗੁ ਆਸਾ {ਪੰ.੩੫੪ ਤੋਂ ੩੯੩} ਦੇ ਸਿਰਲੇਖਾਂ ਵਿਖੇ ਲਟਕਦੇ ਅੰਕਾਂ ਦੀ ਸਾਰਥਿਕਤਾ ਦਾ, ਜੋ ਰਾਗਾਂ ਦੇ ਘਰਾਂ; ਦੁਪਦੇ ਤਿਪਦੇ ਸ਼ਬਦਾਂ ਤੇ ਤੁਕਾਂ ਦੀ ਗਿਣਤੀ ਨੂੰ ਪ੍ਰਗਟਾਉਂਦੇ ਮੰਨੇ ਜਾਂਦੇ ਹਨ । ਇਨ੍ਹਾਂ ਦੀ ਗਿਣਤੀ ੩੭ ਦੇ ਲਗਪਗ ਹੈ । ਹੱਥ ਲਿਖਤੀ ਬੀੜਾਂ ਮੁਤਾਬਿਕ ਕੇਵਲ ਇੱਕ ੩੮ਵਾਂ 'ਪ੍ਰਭਾਤੀ੫ ਮਹਲਾ ੩ ॥ ਜੋ ਤੇਰੀ ਸਰਣਾਈ ਹਰਿ ਜੀਉ… ॥ {ਪੰਨਾ ੧੩੩੩} ਸਿਰਲੇਖ ਹੇਠ ਹੈ, ਜਿਸ ਦਾ ਲਟਕਵਾਂ ਅੰਕ ੫. ਹੁਣ ਛਾਪੇ ਦੀ ਪ੍ਰਚਲਿਤ ਬੀੜ ਵਿੱਚ ਨਹੀਂ ਮਿਲਦਾ । ਐਸਾ ਵੀ ਮੰਨਿਆ ਜਾਂਦਾ ਹੈ ਕਿ ਜਿਥੇ ਲਿਖਾਰੀ ਸਿਰਲੇਖ ਵਿਖੇ ਰਾਗ ਦੇ ਘਰੁ ਜਾਂ ਦੁਪਦੇ, ਤਿਪਦੇ ਆਦਿਕ ਸ਼ਬਦਾਂ ਦੀ ਗਿਣਤੀ ਖੜਵੇਂ ਅਖਰਾਂ ਵਿੱਚ ਲਿਖਣੀ ਭੁੱਲ ਗਿਆ, ਉਥੇ ਫਿਰ ਬਰੀਕ ਕਲਮ ਨਾਲ ਉਪਰੋਕਤ ਕਿਸਮ ਦੇ ਲਟਕਵੇਂ ਅੰਕ ਪਾ ਕੇ ਸਾਰਿਆ ਹੈ । ਪਰ, ਇਨ੍ਹਾਂ ਚੋਂ ਵੀ ਕੁਝ ਅੰਕ ਐਸੇ ਵੀ ਹਨ, ਜਿਹੜੇ ਸਾਰਥਿਕ ਨਹੀਂ ਹੁੰਦੇ । ਰਾਗ ਗਉੜੀ ਵਿੱਚ ਘਰਾਂ ਦਾ ਵੇਰਵਾ ਨਹੀਂ ਮਿਲਦਾ । ਇਸ ਲਈ ਮੰਨਿਆ ਜਾ ਰਿਹਾ ਹੈ ਕਿ ਉਥੇ ਲਟਕਵੇਂ ਅੰਕ 'ਘਰੁ' ਦਾ ਪ੍ਰਤੀਕ ਹਨ । ਪਰ ਜੇ ਐਸਾ ਮੰਨ ਲਿਆ ਜਾਏ ਤਾਂ ਫਿਰ ਅਜਿਹੇ ਸੰਗ੍ਰਹਿ ਤੋਂ ਪਹਿਲਾਂ ਸੰਖੇਪ ਮੰਗਲਾਚਰਨ ਵੀ ਲੋੜੀਂਦਾ ਹੈ । ਇਸ ਲਈ ਵਿਚਾਰਨ ਦੀ ਲੋੜ ਹੈ ਕਿ ਐਸੇ ਅੰਕਾਂ ਦੀ ਲੋੜ ਵੀ ਹੈ ਜਾਂ ਨਹੀਂ ?

ਜਥੇਦਾਰ ਵੇਦਾਂਤੀ ਜੀ ਵਾਲੀ ਟੀਮ ਇਨ੍ਹਾਂ ਅੰਕਾਂ ਨੂੰ ਬੇਲੋੜੇ ਸਮਝਦੀ ਸੀ, ਜੋ ਕੇਵਲ ਸ੍ਰੀ ਕਰਤਾਰਪੁਰ ਵਾਲੀ ਮਜੂਦਾ ਬੀੜ ਅਤੇ ਉਸ ਦੀਆਂ ਨਕਲਾਂ ਦੇ ਦੋ ਰਾਗਾਂ (ਗਉੜੀ ਤੇ ਆਸਾ) ਵਿੱਚ ਮਃ ੫ ਤੇ ਸ੍ਰੀ ਕਬੀਰ ਜੀ ਦੇ ਸ਼ਬਦਾਂ ਨਾਲ ਹੀ ਅੰਕਿਤ ਹੋਏ ਮਿਲਦੇ ਹਨ

**ਗਿਆਰਵਾਂ ਹੈ ਦੋਮਾਤ੍ਰੇ ਲਫ਼ਜ਼ਾਂ ਨੂੰ ਪਿੰਗਲਕ ਦ੍ਰਿਸ਼ਟੀ ਤੋਂ ਲੋੜੀਂਦੀ ਵਰਤੋਂ ਪੱਖੋਂ ਵਿਚਾਰਨ ਦਾ** ।ਗੁਰਬਾਣੀ ਵੀਚਾਰ ਲਈ 'ਗੁਰਪ੍ਰਸਾਦਿ.ਵੈਬਸਾਈਟ ਦੇ ਸੰਚਾਲਕ ਗਿ. ਅਵਤਾਰ ਸਿੰਘ ਜਲੰਧਰ ਵਾਲਿਆਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਜਿਹੇ ਲਫ਼ਜ਼ਾਂ ਦੀ ਗਿਣਤੀ ੧੪੭ ਦੇ ਲਗਭਗ ਹੈ । ਕੁਝ ਵਿਦਵਾਨ ੧੭੬ ਦੇ ਲਗਭਗ ਵੀ ਗਿਣਦੇ ਹਨ, ਕਿਉਂਕਿ ਕਈ ਦੋਮਾਤ੍ਰੇ ਇੱਕ ਤੋਂ ਵਧ ਵਾਰ ਵੀ ਵਰਤੇ ਮਿਲਦੇ ਹਨ । ਜਿਵੇਂ 'ਉਮਾਹਾ' ੧੩ ਵਾਰ ਲਿਖਿਆ ਮਿਲਦਾ ਹੈ । ਇਹ ਚਾਰ ਪ੍ਰਕਾਰ ਦੇ ਹਨ । ਇੱਕ ਉਹ ਹਨ, ਜਿਨ੍ਹਾਂ ਦੇ ਅਰੰਭਕ ਅੱਖਰ ਨੂੰ ਦੋ ਮਾਤ੍ਰਾ ਹਨ । ਜਿਵੇਂ 'ਗ੍ਹੋਪਾਲੁ' । ਦੂਜੇ ਉਹ ਹਨ, ਜਿਨ੍ਹਾਂ ਦਾ ਅਖੀਰਲਾ ਅੱਖਰ ਦੋਮਾਤ੍ਰਾ ਹੈ । ਜਿਵੇਂ 'ਅਨਦਿਨੋੁ' । ਤੀਜੇ ਹਨ ਇੱਕ ਅਖਰੀ ਦੋਮਾਤ੍ਰੇ, ਜਿਵੇਂ 'ਸੋੁ' ਅਤੇ ਚੌਥੇ ਹਨ, ਜਿਨ੍ਹਾਂ ਪਦਾਂ ਦਾ ਕੋਈ ਵਿਚਕਾਰਲਾ ਅੱਖਰ ਦੋਮਾਤ੍ਰਾ ਹੁੰਦਾ ਹੈ । ਜਿਵੇਂ 'ਜਗਦੀਸੋੁਰਾ' ਆਦਿ । ਪਰ ਜਥੇਦਾਰ ਵੇਦਾਂਤੀ ਜੀ ਮੁਤਾਬਿਕ ਇਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਹਨ ਜਿਹੜੇ ਆਪਣੀਆਂ ਮੂਲਿਕ ਲਗਾਂ ਸਦਕਾ ਹੀ ਛੰਦ ਦੇ ਕਾਵਿਕ-ਤੋਲ ਵਿੱਚ ਪੂਰੇ ਉਤਰਦੇ ਹਨ । ਭਾਵ, ਤੁਕ ਦੇ ਮਾਤ੍ਰਿਕ ਤੋਲ ਦੀ ਪੂਰਤੀ ਲਈ ਉਨ੍ਹਾਂ ਵਿੱਚੋਂ ਕਿਸੇ ਅਖਰ ਦੇ 'ਔਂਕੜ' ਨੂੰ 'ਹੋੜੇ' ਵਿੱਚ ਬਦਲ ਕੇ ਮਾਤ੍ਰਾ ਵਧਾਉਣ ਅਤੇ 'ਹੋੜੇ' ਨੂੰ 'ਔਂਕੜ' ਵਿੱਚ ਬਦਲ ਕੇ ਮਾਤ੍ਰਾ ਘਟਾਉਣ ਦੀ ਲੋੜ ਨਹੀਂ ਜਾਪਦੀ । ਇਸ ਪੱਖੋਂ ਵੇਦਾਂਤੀ ਜੀ ਵਾਲੇ ਖਰੜੇ ਵਿੱਚ ਭਾਵੇਂ ਕੋਈ ਸੋਧ-ਸੁਧਾਈ ਨਹੀਂ ਦਿਸਦੀ, ਪਰ ਫਿਰ ਵੀ ਉਨ੍ਹਾਂ

ਦੇ ਕਥਨ ਮੁਤਾਬਿਕ ਵਿਚਾਰਨਾ ਲਾਭਦਾਇਕ ਹੈ।

**੧੨ਵਾਂ ਹੈ ਗੁਰਬਾਣੀ ਦੀ ਛਪਾਈ ਲਈ ਗੁਰਮੁਖੀ ਦਾ ਕੋਈ ਅਜਿਹਾ ਵਿਸ਼ੇਸ਼ ਫੌਂਟ ਤਿਆਰ ਕਰਨ ਦਾ**, ਜਿਸ ਦੀਆਂ ਲਗਾਂ ਮਾਤ੍ਰਾਂ ਅੱਖਰਾਂ ਨਾਲ ਜੁੜਦੀਆਂ ਹੋਣ। ਕੰਪਿਊਟਰੀ ਯੁਗ ਦੀ ਛਪਾਈ ਵਿੱਚ ਸਿਹਾਰੀ ( ਿ), ਬਿਹਾਰੀ ( ੀ), ਹੋੜਾ ( ੋ ) ਕਨੌੜਾ ( ੌ ) ਅਤੇ ਟਿੱਪੀ ( ੰ ) ਸਬੰਧਤ ਅਖਰਾਂ ਨਾਲੋਂ ਵੱਖਰੇ ਦਿਸਦੇ ਹਨ। ਅਧਕ ( ੱ ) ਵੀ ਥਾਂ ਸਿਰ ਨਹੀਂ ਟਿਕਦਾ। ਅਜਿਹਾ ਹੋਣਾ ਗੁਰਮੁਖੀ ਦੀ ਮੁਢਲੀ ਲਿਖਣਸ਼ੈਲੀ ਦੇ ਅਨੁਕੂਲ ਨਹੀਂ ਜਾਪਦਾ। ਲਿਖਾਰੀਆਂ ਅੰਦਰਲੇ ਭਾਸ਼ਾਈ ਪ੍ਰਭਾਵ ਤੇ ਪ੍ਰੈਸ ਦੀਆਂ ਮਜ਼ਬੂਰੀਆਂ ਕਾਰਨ ਖੜਵਾਂ ਅੱਧਾ 'ਜ' ਤੇ ਪੈਰਾਂ ਵਿੱਚਲਾ ਅੱਧਾ ( ੵ ) ਉਲਟੇ ਜਿਹੇ ਪੈਰ ਵਾਲੇ ਅੱਧੇ 'ਹ' ਵਿੱਚ ਬਦਲ ਗਿਆ ਹੈ। ਇਸੇ ਤਰ੍ਹਾਂ ਅੱਧਾ 'ਹ' ( ੍ਹ ) ਉਲਟੇ ਜਿਹੇ ਕੌਮੇ ਵਰਗੀ ਲਕੀਰ ਵਿੱਚ ਬਦਲ ਗਿਆ ਹੈ, ਜਿਸ ਨੂੰ ਗੁਰਬਾਣੀ ਦੇ ਪਾਠਕਾਂ ਵੱਲੋਂ ਹਲੰਤ ਆਖਿਆ ਜਾ ਰਿਹਾ ਹੈ। ਜਿਵੇਂ : **ਧ੍ਯਾਨੰ, ਗ੍ਯਾਨੰ ਅਤੇ ਤਿਨ੍ ਤੇ ਜਿਨ੍** ਆਦਿਕ। ਪ੍ਰਾਚੀਨ ਬੀੜਾਂ ਵਿੱਚ ਉਪਰੋਕਤ ਲਫ਼ਜ਼ ਇਉਂ ਮਿਲਦੇ ਹਨ। ਜਿਵੇਂ '**ਧ੍ਯਾਨ**' '**ਕਲ੍ਯਾਨ**' ਅਤੇ '**ਤਿਨ੍ਹ**' ਤੇ '**ਜਿਨ੍ਹ**' ਆਦਿ। ਬ੍ਰਾਹਮੀ ਲਿਪੀ ਤੋਂ ਉਤਪੰਨ ਹੋਇਆ ਵਿਰਾਮ ਚਿੰਨ ( ੍ ) ਦੇਵਨਾਗਰੀ ਤੇ ਹਿੰਦੀ ਲਿਪੀ ਵਿੱਚ ਸੰਗਿਆ ਵਜੋਂ 'ਹਲ' ਚਿੰਨ, ਸੰਸਕ੍ਰਿਤ ਵਿੱਚ 'ਹਲੰਤ' (ਹਲ+ਅੰਤ) ਅਤੇ ਮਲਿਆਲਮ ਲਿਪੀ ਵਿੱਚ 'ਚੰਦ੍ਰਕਲਾ' ਅਖਵਾਉਂਦਾ ਹੈ। ਸੰਸਕ੍ਰਿਤ ਵਿੱਚ ਇਹ ਕਿਸੇ ਪਦ ਦੇ ਅੰਤਕ ਅੱਖਰ (ਵਰਣ) ਦੇ ਪੈਰ ਪੈਂਦਾ ਹੈ ਅਤੇ ਉਸ ਨੂੰ ਸ੍ਵਰ ਰਹਿਤ ਵਿਅੰਜਨ ਬਣਾ ਦਿੰਦਾ ਹੈ। ਜਿਵੇਂ 'ਕ' (ਕਾ = ਕ+ਅ) ਦੇ ਉਚਾਰਣ ਵਿੱਚ 'ਕ' ਵਿਅੰਜਨ ਹੈ ਅਤੇ 'ਅ' ਸ੍ਵਰ। ਪ੍ਰੰਤੂ, ਜਦੋਂ 'ਕ' ਦੇ ਹੇਠਾਂ ਹਾਲੰਤ ( ੍ ) ਲਗਾ ਕੇ ਇਉਂ 'ਕ੍' ਲਿਖਿਆ ਜਾਂਦਾ ਹੈ ਤਾਂ ਉਹਦੇ ਉਚਾਰਣ 'ਚੋਂ 'ਅ' ਸ੍ਵਰ ਉੱਡ ਜਾਂਦਾ ਹੈ ਅਤੇ ਉਹਦੀ ਧੁਨੀ ਦਾ ਸਮਾਂ ਅੱਧਾ ਰਹਿ ਜਾਂਦਾ ਹੈ। ਜਿਵੇਂ 'ਭਗਵਤ੍', 'ਰਾਜਨ੍', 'ਵਾਚ੍', 'ਦਿਸ਼੍', 'ਤਪਸ੍' ਅਤੇ 'ਉਪਾਨਹ੍' ਆਦਿਕ। ਇਹੀ ਕਾਰਣ ਹੈ ਕਿ ਸੰਸਕ੍ਰਿਤ ਵਿੱਚ ਇਸ ਨੂੰ ਹਲੰਤ (ਹਲ+ਅੰਤ) ਆਖਦਿਆਂ ਇਉਂ ਪ੍ਰੀਭਾਸ਼ਤ ਕੀਤਾ ਜਾਂਦਾ ਹੈ : ਸ਼ੁਧ ਵਿਅੰਜਨ, ਜਿਸ ਦੇ ਉਚਾਰਣ ਵਿੱਚ ਸ੍ਵਰ ਨਾ ਮਿਲਿਆ ਹੋਵੇ।

ਹਿੰਦੀ ਵਿੱਚ 'ਹਲ' ਚਿੰਨ ( ੍ ) ਕਿਸੇ ਅੱਖਰ ਦੇ ਅੱਧੇ ਹੋਣ ਦਾ ਸੂਚਕ ਹੈ। ਇਸ ਲਈ ਇਹ ਕਿਸੇ ਵੀ ਵਿਅੰਜਨ ਅਖਰ ਦੇ ਹੇਠ ਲਗ ਕੇ ਉਹਨੂੰ 'ਦੁੱਤ' ਅਖਰ ਵਿੱਚ ਬਦਲ ਦਿੰਦਾ ਹੈ।ਪਰ, 'ਹਲ' ਚਿੰਨ ਆਮ ਕਰਕੇ ਹਿੰਦੀ ਦੇ ਉਨ੍ਹਾਂ ਅੱਖਰਾਂ ਹੇਠ ਲਾਇਆ ਜਾਂਦਾ ਹੈ, ਜਿਨ੍ਹਾਂ ਦੀਆਂ ਧੁਨੀਆਂ ਦੇ ਅੱਧੇ ਰੂਪ ਮਜੂਦ ਨਹੀਂ ਹਨ। ਜਿਵੇਂ 'ਦਾ' 'ਟਾ', 'ਠਾ', 'ਢਾ' 'ਹਾ' ਤੇ 'ਰਾ' ਆਦਿਕ ਧੁਨੀਆਂ ਦੇ ਅੱਧੇ ਰੂਪ ਬਣਨੇ ਔਖੇ ਹਨ ਜੇ ਬਣਾਇਆ ਜਾਏ ਤਾਂ ਦੁੱਤ ਬਣਨ 'ਤੇ ਉਨ੍ਹਾਂ ਦੀ ਲੰਬਾਈ ਵਧ ਜਾਂਦੀ ਹੈ। ਇਸ ਲਈ ਅਜਿਹੇ ਅੱਖਰਾਂ ਹੇਠ 'ਹਲ' ਚਿੰਨ ਲਗਾ ਕੇ ਹੀ ਸਾਰ ਲਿਆ ਜਾਂਦਾ ਹੈ। 'ਕਾ' ਤੇ 'ਖਾ' 'ਗਾ' 'ਚਾ' ਤੇ 'ਜਾ' ਅਜਿਹੀਆਂ ਧੁਨੀਆਂ ਹਨ, ਜਿਨ੍ਹਾਂ ਦੇ ਅੱਧੇ ਰੂਪ ਸੁਖਾਲੇ ਹੀ ਬਣ ਜਾਂਦੇ ਹਨ, ਜਿਨ੍ਹਾਂ ਨੂੰ ਸਯੁੰਕਤ ਰੂਪ ਵਰਤਿਆ ਜਾ ਸਕਦਾ ਹੈ। ਇਸ ਲਈ ਅਜਿਹੇ ਅੱਖਰਾਂ ਹੇਠ 'ਹਲ' ਲਗਾਉਣ ਦੀ ਲੋੜ ਨਹੀਂ ਪੈਂਦੀ।

ਗੁਰਬਾਣੀ ਵਿੱਚ ਇਹ ਚਿੰਨ ਲਫ਼ਜ਼ਾਂ ਦੇ ਦਰਮਿਆਨ ਵੀ ਮਿਲਦੇ ਹਨ ਅਤੇ ਅੰਤਕ ਵਿਅੰਜਨਾਂ ਨੂੰ ਵੀ ਅਤੇ ਲਾਂਵ ਤੇ ਕੰਨੇ ਦੀ ਧੁਨੀ ਵਾਲੇ ਸ੍ਵਰ ਅਖਰਾਂ ਨੂੰ ਵੀ। ਜਿਵੇਂ **ਸੰਮ੍ਹਾਰਾ, ਸੰਮ੍ਹਲਾ, ਦੀਨ੍ਹ, ਚੀਨ੍ਹ, ਦੀਨ੍ਹੇ**, ਤੇ **ਤਿਨ੍ਹਾ** ਆਦਿ। ਪ੍ਰੰਤੂ ਵਧੇਰੇ ਕਰਕੇ ਹਲੰਤ ਚਿੰਨ ਅੱਧੇ ਹ ( ੍ਹ ) ਵਜੋਂ ਭਾਰ ਚਿੰਨ ਲਈ ਵਰਤਿਆ ਜਾਪਦਾ ਹੈ, ਕਿਉਂਕਿ ਪ੍ਰਾਚੀਨ ਹੱਥ ਲਿਖਤੀ ਬੀੜਾਂ ਵਿੱਚ ਹਾਲੰਤ ਦੀ ਥਾਂ ਅੱਧਾ ਹ ( ੍ਹ ) ਲਿਖਿਆ ਮਿਲਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਤੇ ਡਾ. ਗੁਰਮੇਲ ਸਿੰਘ ਮੁਤਾਬਿਕ ਇਹ ਸੰਸਕ੍ਰਿਤ ਭਾਸ਼ਾ ਦਾ 'ਉਦਾਤ' ਚਿੰਨ ਹੈ, ਜਿਹੜਾ ਉੱਚੇ ਸ੍ਵਰ ਦਾ ਪ੍ਰਤੀਕ ਹੈ। ਰਿਸ਼ੀ ਪਾਣਿਨੀ ਦੇ ਅਸ਼ਟਾਧਿਆਇ ਅੰਦਰ ਪਹਿਲੇ ਅਧਿਆਇ ਦੇ ਸ੍ਵਰ ਸੰਗਿਆ ਵਾਲੇ ਦੂਜੇ ਪਾਦ ਦਾ ੨੯ਵਾਂ ਸੂਤਰ ਹੈ :- ਉੱਚੈਃ ਉਦਾਤਃ ॥(੧.੨.੨੯) ਭਾਵ, ਤਾਲੂ ਆਦਿਕ ਸਮਾਨ ਭਾਗ ਵਾਲੇ ਸਥਾਨਾਂ ਤੋਂ ਨਿਕਲਣ ਵਾਲੇ ਉੱਚੇ ਸ੍ਵਰਾਂ ਨੂੰ 'ਉਦਾਤ' ਸੰਗਿਆ ਦਾ ਨਾਂ ਦਿੱਤਾ ਜਾਂਦਾ ਹੈ। ਸਪੱਸ਼ਟ ਹੈ ਕਿ 'ਉਦਾਤ' ਸੰਗਿਆ 'ਹਲੰਤ' ਵਰਗਾ ਕੋਈ ਪ੍ਰਤੀਕਾਤਮਿਕ ਚਿੰਨ੍ਹ ਨਹੀਂ।

ਇਸ ਪ੍ਰਕਾਰ ਗੁਰਬਾਣੀ ਵਿੱਚਲੇ ਹਲੰਤ ਚਿੰਨ ( ੍ ) ਦੀ ਵਰਤੋਂ ਨਾ ਤਾਂ ਸੰਸਕ੍ਰਿਤ ਅਤੇ ਹਿੰਦੀ ਲਿਪੀ ਨਾਲ ਮਿਲਦੀ ਅਤੇ ਨਾ ਹੀ ਉਸ ਨੂੰ ਸੰਸਕ੍ਰਿਤ ਦੀ ਸ੍ਵਰ ਸੰਗਿਆ 'ਉਦਾਤ' ਨਾਲ ਜੋੜ ਕੇ ਵਿਚਾਰਿਆ ਜਾ ਸਕਦਾ। ਸ਼ਾਇਦ ਇਹੀ ਕਾਰਣ ਸੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਵਾਲੇ ਪੁਰਾਤਨ ਬੀੜਾਂ ਦੇ ਖੋਜੀ ਵਿਦਵਾਨ ਗੁਰਬਾਣੀ ਦੀ ਛਪਾਈ ਵਿੱਚ ਹਾਲੰਤ ਚਿੰਨ ( ੍ ) ਦੀ ਥਾਂ ਅੱਧੇ ( ੍ਹ ) ਨੂੰ ਵਰਤਣਾ ਵਧੇਰੇ ਸਹੀ ਮੰਨਦੇ ਸਨ। ਇਸੇ ਲਈ ਉਸ ਟੀਮ ਦੇ ਚੇਅਰਮੈਨ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿੱਚ ਇਹੀ ਚਿੰਨਾਤਮਿਕ ਨੀਤੀ ਅਪਨਾਈ ਹੈ। ਭਾਵ, ਗੁਰਮੁਖੀ ਦੇ ਅੱਧੇ 'ਯ' ਲਈ ਪੈਰ ਚਿੰਨ ( ੵ ) ਅਤੇ ਹਲੰਤ ਦੀ ਲੋੜੀਂਦੀ ਥਾਂ ਭਾਰ ਚਿੰਨ ( ੍ਹ ) ਦੀ ਵਰਤੋਂ ਕੀਤੀ ਗਈ ਹੈ।

ਪਰ ਅਜਿਹੀਆਂ ਪੰਥ ਹਿਤਕਾਰੀ ਬੇਨਤੀਆਂ ਦੇ ਨਾਲ ਅੰਤ ਵਿੱਚ ਪਾਠਕਾਂ ਨਾਲ ਐਸੀ ਜਾਣਕਾਰੀ ਸਾਂਝੀ ਕਰਨੀ ਵੀ ਕੁਥਾਇੰ ਨਹੀਂ ਹੋਵੇਗੀ ਕਿ 'ਟਕਸਾਲ ਭਿੰਡਰਾਂ' ਵੱਲੋਂ ਪ੍ਰਕਾਸ਼ਤ ਪਾਵਨ ਬੀੜਾਂ, ਗੁਰਬਾਣੀ ਦੇ ਟੀਕਿਆਂ, ਪੋਥੀਆਂ ਤੇ ਗੁਟਕਿਆਂ ਆਦਿਕ ਵਿੱਚ ਉਪਰੋਕਤ ਕਿਸਮ ਦੇ ਉਹ ਪਾਠ-ਭੇਦ ਮਿਟਾਉਣ ਦਾ ਚੁਪ-ਚਪੀਤਾ ਯਤਨ ਲਗਭਗ ੧੯੫੦ ਤੋਂ ਨਿਰੰਤਰ ਹੋ ਰਿਹਾ ਹੈ, ਜਿਹੜੇ 'ਗੁਰਬਾਣੀ ਪਾਠ-ਦਰਸ਼ਨ' ਪੁਸਤਕ ਅਤੇ ਉਨ੍ਹਾਂ ਦੀ ਸੰਪਰਦਾ ਦੇ ਮੁਖੀ ਵਿਦਵਾਨਾਂ ਨੇ ਸ਼ੁਧ ਮੰਨੇ ਹਨ। ਜਿਵੇਂ ਸ਼੍ਰੋਮਣੀ ਕਮੇਟੀ ਦੀਆਂ ਸੰਨ ੧੯੫੨ ਤੋਂ ਲੈ ਕੇ ਸਾਰੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਵਿਖੇ ਜਪੁ-ਜੀ ਸਾਹਿਬ ਦੇ '੧ੴ ਤੋਂ ਗੁਰਪ੍ਰਸਾਦਿ ॥' ਤਕ ਦੇ ਆਦਿ ਮੰਗਲਾਚਰਣ (ਮੂਲ-ਮੰਤ੍ਰ) ਅਤੇ ਬਾਣੀ ਦੇ ਨਾਮ ਰੂਪ ਸਿਰਲੇਖ 'ਜਪੁ' ਨੂੰ ਵੱਖਰਾ ਦਰਸਾਉਣ ਲਈ ਦੋ ਵਾਰ ਦੂਹਰੀਆਂ ਡੰਡੀਆਂ ਛਪ ਰਹੀਆਂ ਹਨ। ਕਾਰਣ ਹੈ ਕਿ ਸ੍ਰੀ ਕਰਤਾਰਪੁਰੀ ਬੀੜ ਵਿੱਚ ਵੀ ਇਸ ਵਖਰੇਵੇਂ ਲਈ ਦੂਹਰੀਆਂ ਡੰਡੀਆਂ ( ॥-ਫੁੱਲ-ਸਟਾਪ) ਵਿੱਥ ਸਹਿਤ ਦੋ ਵਾਰ ਹਨ। 'ਜਪੁ' ਸਿਰਲੇਖ ਤੋਂ ਪਿਛੋਂ ਦੂਹਰੀਆਂ ਡੰਡੀਆਂ ਵਿੱਥ ਸਹਿਤ ਤਿੰਨ ਵਾਰ ਹਨ, ਤਾਂ ਕਿ ਸਿਰਲੇਖ ਨੂੰ ਪਹਿਲੇ ਸਲੋਕ ਨਾਲੋਂ ਵੀ ਵੱਖਰਾ ਪ੍ਰਗਟਾਇਆ ਜਾ ਸਕੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਹੇਠ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਾਲੀ ਸੁਨਿਹਰੀ ਬੀੜ, ਜਿਹੜੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਿਖਤ ਮੰਨੀ ਜਾਂਦੀ ਹੈ, ਉਸ ਵਿੱਚ 'ਜਪੁ' ਸਿਰਲੇਖ ਤੋਂ ਪਹਿਲਾਂ ਦੂਹਰੀਆਂ ਡੰਡੀਆਂ ਦੇ ਤਿੰਨ ਜੋੜੇ ਅਤੇ ਪਿਛੋਂ ਵਿੱਥ ਸਹਿਤ ਦੋ ਜੋੜੇ ਅੰਕਿਤ ਹਨ। ਇਸ ਪਾਵਨ ਬੀੜ ਵਿੱਚ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੀਨਾ ਮੰਨੇ ਜਾਂਦੇ ਭਾਈ ਬਿਧੀਚੰਦ ਜੀ ਵਾਲੀ ਸੁਰਸਿੰਘੀ ਬੀੜ ਵਿੱਚ 'ਚੁਪੈ ਚੁਪ ਨ ਹੋਵਈ..' ਤੁਕ ਵਿਚਲਾ 'ਚੁਪ' ਲਫ਼ਜ਼ ਅੰਤਕ ਮੁਕਤਾ ਹੈ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਦਿੱਲੀ ਵਾਲੀ ਸੰਨ ੧੭੧੩ ਦੀ ਬੀੜ (ਜੋ ਸ੍ਰ. ਗੁਲਾਬ ਸਿੰਘ ਸੇਠੀ ਦੀ ਕੋਠੀ ੨੫੧, ਨੇੜੇ ਗੁਰਦੁਆਰਾ ਬੰਗਲਾ ਸਾਹਿਬ ਤੇ ਹਨੂੰਮਾਨ ਮੰਦਰ) ਵਿੱਚ ਆਦਿ ਮੰਗਲਾਚਰਣ ਤੇ 'ਆਦਿ ਸਚੁ... ॥' ਵਾਲੇ ਸਲੋਕ ਨੂੰ ਨਿਖੇੜਣ ਅਤੇ 'ਜਪੁ' ਸਿਰਲੇਖ ਨੂੰ ਉਭਾਰਨ ਲਈ ਉਸ ਦੇ ਅੱਗੇ ਪਿੱਛੇ ਨੀਲੇ ਰੰਗ ਦੀਆਂ ਵਿਸ਼ੇਸ਼ ਡੱਬੀਆਂ ਬਣਾ ਕੇ ਵਿੱਥ ਸਥਾਪਤ ਕੀਤੀ ਗਈ ਹੈ। ਇਹ ਡੱਬੀਆਂ ਉਸੇ ਰੰਗ ਦੀਆਂ ਹਨ, ਜਿਸ ਰੰਗ ਨਾਲ ਬੀੜ ਦੇ ਪਹਿਲੇ ਪੰਨੇ ਨੂੰ ਸਜਾਉਂਦਿਆਂ ਪੰਕਤੀਆਂ ਨੂੰ ਵੱਖ ਵੱਖ ਦਰਸਾਉਣ ਦਾ ਸਜਾਵਟੀ ਯਤਨ ਕੀਤਾ ਗਿਆ ਹੈ।

(...ਚੱਲਦਾ)

## ਕਾਂਵਿ ਕਿਆਰੀ

# ਸੁਰਗਾਂ ਵਿਚ ਪੰਜਾਬ ਨੀ ਹੋਣਾ

**ਕਰਤਾਰ ਸਿੰਘ ਬਲੱਗਣ**

ਓਹ ਕਿਹੜੀ ਵੱਸੋਂ ਏ, ਜਿੱਥੇ ਕੁਦਰਤ ਰਹਿੰਦੀ ਏ?
ਚੰਦਰਮਾਂ, ਚਾਂਦੀ ਦਾ ਜਿਥੇ ਮੀਂਹ ਵਸਾਂਦਾ ਏ।
ਰਾਹੀਆਂ ਦੇ ਪੈਰਾਂ ਵਿਚ, ਜਿਥੇ ਮੋਤੀ ਰੁਲਦੇ ਨੇ।
ਜਿਥੇ ਬੁਲੇ ਪੱਛੋਂ ਦੇ, ਪੈ ਪੱਖੇ ਝਲਦੇ ਨੇ।
ਜਿਥੇ ਲੈਂਪ ਟਟਹਿਣੇ ਪੈ, ਬੰਨਿਆਂ ਤੇ ਜਗਦੇ ਨੇ।
ਜਿਥੇ ਹਰ ਬੰਦੇ ਨੂੰ,
ਜਿਥੇ ਹਰ ਬੂਟੇ ਨੂੰ,
ਜਿਥੇ ਹਰ ਜ਼ੱਰੇ ਨੂੰ,
ਕੁਦਰਤ ਦੀ ਗੋਦ ਅੰਦਰ, ਬੈਠਣ ਦੀਆਂ ਖੁਲ੍ਹਾਂ ਨੇ।

ਓਹ ਕਿਹੜੀ ਧਰਤੀ ਏ, ਜਿਥੇ ਬੇ-ਪਰਵਾਹੀਆਂ ਨੇ?
ਦੁੱਖਾਂ ਵਿਚ, ਭੁੱਖਾਂ ਵਿਚ,
ਲੋੜਾਂ ਵਿਚ, ਥੋੜਾਂ ਵਿਚ,
ਸਰਦੀ ਵਿਚ, ਗਰਮੀ ਵਿਚ,
ਸਖਤੀ ਵਿਚ, ਨਰਮੀ ਵਿਚ,
ਇਕੋ ਬੇਫਿਕਰੀ ਏ।
ਇਕੋ ਖੁਸ਼ਹਾਲੀ ਏ।
ਜਿੰਨਾਂ ਕੁ ਦੁਖ ਹੋਵੇ, ਉਨਾਂ ਹੀ ਹਸਦੇ ਨੇ।
ਜਿੰਨਾਂ ਕੁ ਉਜੜਦੇ, ਉਨਾਂ ਹੀ ਵਸਦੇ ਨੇ।

ਓਹ ਕਿਹੜੀ ਮਿੱਟੀ ਏ, ਜਿਥੋਂ ਮਸਤੀ ਫੁਟਦੀ ਏ?
ਜਿਥੇ ਦਿਲ ਦਰਿਆਵਾਂ ਵਿਚ, ਯਮੁਨਾ ਦੀਆਂ ਕਾਂਗਾਂ ਨੇ।
ਜਿਥੇ ਹਸਦੇ ਮੂੰਹਾਂ ਤੇ, ਜੋਬਨ ਦੀਆਂ ਠਾਠਾਂ ਨੇ।
ਅਣ-ਬਣਿਆ ਹੁਸਨਾਂ ਤੇ, ਜਿਥੇ ਪੰਛੀ ਡਿਗਦੇ ਨੇ।
ਅਣ-ਪੜ੍ਹਿਆਂ ਇਸ਼ਕਾਂ ਨੇ, ਜਿਥੇ ਧੁਮਾਂ ਪਾਈਆਂ ਨੇ।
ਜਿਥੇ ਕਿਲ੍ਹੇ ਪ੍ਰੀਤਾਂ ਦੇ, ਝੁਗੀਆਂ ਵਿਚ ਉਸਰਨ ਪੈ।
ਧੂਏਂ ਤੇ ਬਹਿ ਬਹਿ ਕੇ, ਜਿਥੇ ਸਾੜੇ ਵਿਸਰਨ ਪੈ।
ਜਿਥੋਂ ਦੀਆਂ ਬਦੀਆਂ ਵੀ ਵਲ_ਛਲ ਤੋਂ ਖਾਲੀ ਨੇ।
ਜਿਥੋਂ ਦੇ ਐਬਾਂ ਵਿਚ ਨੇਕੀ ਦੇ ਧੱਬੇ ਨੇ।
ਜਿਥੋਂ ਦੇ ਬੁਢੇਪੇ ਵਿਚ, ਨੇ ਕਟਕ ਜਵਾਨੀ ਦੇ।
ਜਿਥੋਂ ਦੀ ਮੌਤ ਅੰਦਰ, ਜ਼ਿੰਦਗੀ ਦੀਆਂ ਲਹਿਰਾਂ ਨੇ।

ਹਾਲੀ ਦਿਆਂ ਟੱਪਿਆਂ ਵਿਚ, ਤਿੰਵਣਾਂ ਦੇ ਗੀਤਾਂ ਵਿਚ,
ਖੂਹਾਂ ਦੀ ਰੀਂ ਰੀਂ ਵਿਚ,
ਬੀਂਡੇਂ ਦੀ ਪੀਂ ਪੀਂ ਵਿਚ,
ਮਸਤੀ ਦੀਆਂ ਕਾਂਗਾਂ ਨੇ।
ਜੋਬਨ ਦੀਆਂ ਠਾਠਾਂ ਨੇ।

ਓਹ ਕਿਹੜੀ ਦੁਨੀਆਂ ਏ ਜਿਥੇ ਦੁਨੀਆ ਪਲਦੀ ਏ।
ਜਿਥੋਂ ਦੇ ਭੁੱਖੇ ਵੀ, ਦੁਨੀਆਂ ਦੇ ਰਾਜ਼ਕ ਨੇ।
ਜਿਥੋਂ ਦੇ ਰੱਜੇ ਹੋਏ ਦੁਨੀਆਂ ਦੇ ਭੁਖੇ ਨੇ।
ਜਿਥੋਂ ਦੇ ਨੰਗੇ ਵੀ ਨੇ ਨੰਗ ਖਜ਼ਾਨੇ ਦਾ।
ਦੁੱਧਾਂ ਦੀਆਂ ਨਦੀਆਂ ਵਿਚ ਤਰਿਹਾਏ ਰਹਿੰਦੇ ਨੇ।
ਤਖਤਾਂ ਦੇ ਪਾਵੇ ਨੇ ਪਰ ਭੁੰਜੇ ਬਹਿੰਦੇ ਨੇ।
ਜਿਥੋਂ ਦਾ ਮਾਲਕ ਵੀ ਦੁਨੀਆਂ ਦਾ ਬਰਦਾ ਏ।
ਅਪਣੇ ਲਈ ਜਿਊਂਦਾ ਨਹੀਂ ਲੋਕਾਂ ਲਈ ਮਰਦਾ ਏ।
ਦੁਨੀਆਂ ਦੀਆਂ ਮੰਡੀਆਂ ਵਿਚ ਜਿਦ੍ਹੀ ਧਾਰਨ ਭਾਰੀ ਏ।
ਪੁਤ ਜਿਸ ਦੇ ਭੁੱਖੇ ਨੇ ਪਰ ਆਪ ਭੰਡਾਰੀ ਏ।

# ਗੁਰੂ ਪੰਥ ਦਾ ਗੁਰੂ- ਗੁਰਬਾਣੀ

**ਗਿ: ਕੇਵਲ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ) 95920-93472**

ਗੁਰਬਾਣੀ ਗੁਰੂ ਹੈ ਗੁਰੂ ਦੇ ਪੰਥ ਦੀ ਹੋਰ ਕੋਈ ਨਹੀਂ ਸਿੱਖ ਭਰਮਾ ਸਕਦਾ।
ਮੱਥਾ ਕੇਵਲ ਗੁਰੂ ਗ੍ਰੰਥ ਜੀ ਨੂੰ ਟੇਕਣਾ ਹੈ ਸਿੱਖ ਦੂਜੇ ਥਾਂ ਨਹੀਂ ਸਿਰ ਝੁਕਾਅ ਸਕਦਾ।
ਵਿਸ਼ਵਾਸ ਕੇਵਲ ਗੁਰੂ ਗ੍ਰੰਥ ਸਾਹਿਬ ਉੱਤੇ ਹੋਰ ਵਿਸ਼ਵਾਸ ਸਿੱਖ ਨਹੀਂ ਭਾ ਸਕਦਾ।
ਸਿੱਖ ਵੱਢਿਆ ਟੁੱਕਿਆ ਤਾਂ ਬੇਸ਼ੱਕ ਜਾਵੇ ਗੁਰੂ ਕਿਸੇ ਨੂੰ ਨ ਕਦੀ ਬਣਾ ਸਕਦਾ।
ਲੜੀਆਂ ਅਖੰਡ ਪਾਠਾਂ ਗੁਰਮਤਿ ਰੀਤ ਹੈ ਨਹੀਂ ਪੈਸੇ ਲੁੱਟਣ ਵਾਲਿਆਂ ਚਲਾ ਰੱਖੀਆਂ।
ਗੁਰਬਾਣੀ ਪੜ੍ਹਨ ਨਾਲ ਹੀ ਸਮਝ ਪੈਣੀ ਬਾਕੀ ਰੀਤਾਂ ਲੋਭੀਆਂ ਬਣਾ ਰੱਖੀਆਂ।
ਭੋਲੇ ਸਿੱਖ ਨੂੰ ਭਰਮਾਉਣ ਵਾਲੇ ਬਹੁਤ ਸਾਰੇ ਗੱਲਾਂ ਵੰਨ ਸੁਵੰਨੀਆਂ ਚਲਾ ਰੱਖੀਆਂ।
ਅੰਧਵਿਸ਼ਵਾਸਾਂ ਦੇ ਵੱਡੇ ਵੱਡੇ ਸੁਦਾਗਰਾਂ ਨੇ ਸੁਰਤਾਂ ਸਿੱਖਾਂ ਦੀਆਂ ਖੂਬ ਘੁਮਾਂ ਰੱਖੀਆਂ।
ਡੇਰੇਦਾਰਾਂ ਦੀਆਂ ਵਨ ਸੁਵੰਨੀਆਂ। ਘੁਣਤਰਾਂ ਨੇ ਗੁਰਬਾਣੀ ਪਾਠਾਂ ਦੇ ਕਈ ਨਾਮ ਧਰ ਤੇ।
ਸਹਜ, ਸਪਤਾਹ, ਸੰਪਟ ਤੇ ਅਖੰਡ ਪਾਠ, ਵਿਧੀ ਸਹਿਤ ਆਦਿ ਹੋਰ ਖਿਆਲ ਭਰ ਤੇ।
ਧੁਪੀਏ, ਪੰਜ ਗ੍ਰੰਥੀ ਤੇ ਜਪੁ ਜੀ ਸਾਹਿਬ ਵਾਲੇ ਸਦਕੇ ਜਾਈਏ ਇਨ੍ਹਾਂ ਵੀ ਹੋਰ ਖਿਆਲ ਭਰ ਤੇ।
ਸਕੇਸੀ ਇਸ਼ਨਾਨ ਪਾਠੀਆਂ ਕਰਨ ਵਾਲੇ ਸ਼ਰਧਾਲੂਆਂ ਅੰਦਰ ਇਨ੍ਹਾਂ ਖਿਆਲ ਭਰ ਤੇ।
ਰੁਮਾਲਿਆਂ ਬਿਨਾਂ ਗੁਰੂ ਪਰਦੇ ਕੱਜਦਾ ਨਹੀਂ ਅਰਦਾਸ ਨਾਲ ਸ਼ਬਦਾਂ ਨੂੰ ਜੋੜ ਧਰਿਆ।
ਪਾਠ ਨਾਲ ਸਮੱਗਰੀ ਜੋੜ ਬਹੁਤ ਸਾਰੀ ਖਿਆਲ ਸਿੱਖ ਦੀ ਕਾਰ ਦਾ ਨ ਧਰਿਆ।
ਗਰੀਬ ਆਦਮੀ ਦਾ ਰਤਾ ਨਾ ਖਿਆਲ ਰੱਖਣ ਭੇਟਾ ਪਾਠ ਦੀ ਨਾਲ ਖੀਸਾ ਆਪ ਭਰਿਆ।
ਲੜੀਆਂ ਪਾਠਾਂ ਦੀਆਂ ਰੋਕਣੀਆਂ ਪੈਣੀਆਂ ਨੇ ਸਿੰਘ ਸਭਾਈਆਂ ਵਾਂਗ ਤਿਆਰ ਹੋ ਕੇ।
ਸਿਧਾਂਤ ਗੁਰੂ ਗ੍ਰੰਥ ਪੰਥ ਦੇ ਦੱਸਣੇ ਲਈ ਕਰੀਏ ਕਮਰਕੱਸੇ ਰਤਾ ਹੁਸ਼ਿਆਰ ਹੋ ਕੇ।
ਗੁਰਬਾਣੀ ਗੁਰੂ ਦੀ ਮਹਿਮਾ ਬਹੁਤ ਵੱਡੀ ਕਰੀਏ ਪ੍ਰਚਾਰ ਮਨੋਂ ਤਿਆਰ ਹੋ ਕੇ।
ਘਬਰਾਉਣ ਡਰਨ ਦੀ ਲੋੜ ਕੋਈ ਨ ਰਹਿਏ ਪੰਥ ਦੇ ਸੱਚੇ ਬਰਖ਼ੁਰਦਾਰ ਹੋ ਕੇ।
ਗਿਆਨੀ ਦਿੱਤ ਸਿੰਘ ਪ੍ਰੋਫੈਸਰ ਗੁਰਮੁਖ ਸਿੰਘ ਹੋਈਏ ਤੁਰ ਪਈਏ ਕਰਮ ਸਿੰਘ ਸਰਦਾਰ ਬਣ ਕੇ।
ਪ੍ਰਿੰਸੀਪਲ ਤੇਜਾ ਸਿੰਘ ਬਾਵਾ ਹਰਿਕ੍ਰਿਸ਼ਨ ਸਿੰਘ ਬਣੀਏ ਭਾਈ ਵੀਰ ਸਿੰਘ ਸ਼ਬਦ ਵਿਚਾਰ ਬਣ ਕੇ।
ਲਛਮਣ ਸਿੰਘ ਤੇ ਕਰਤਾਰ ਸਿੰਘ ਝੱਬਰ ਹੋਈਏ ਪ੍ਰੋ ਸਾਹਿਬ ਸਿੰਘ ਵਾਂਗ ਕਿਰਦਾਰ ਬਣ ਕੇ।
ਮਈਆ ਸਿੰਘ ਆਇਆ ਸਿੰਘ ਹੋਈਏ ਜਵਾਹਰ ਸਿੰਘ ਕਪੂਰ ਉੱਚ ਵਿਚਾਰ ਬਣੀਏ।
ਗਿਆਨੀ ਲਾਲ ਸਿੰਘ ਵਾਂਗ ਨੌਜਵਾਨਾਂ ਗਲ ਲਾਈਏ ਗੁਰੂ ਗ੍ਰੰਥ ਪੰਥ ਦਾ ਹੋਕਾ ਦੇਵਣਾ ਹੈ।
ਭਾਜ ਦੇਣੀ ਗੁਰੂ ਗ੍ਰੰਥ ਪੰਥ ਤੋਂ ਤੋੜਨ ਵਾਲਿਆਂ ਨੂੰ ਹੋਕਾ ਦੇਣ ਮੌਕੇ ਸਹਜ ਨ ਖੋਹਣਾ ਹੈ।
ਅਸੀਂ ਆਪਸ ਵਿੱਚ ਭਾਂਵੇ ਵੰਡੇ ਹਾਂ ਬਹੁਤ ਥਾਈਂ ਵਿੱਥਾਂ ਮੇਟਣੀਆਂ ਨੇ ਦੂਰ ਹੋਵਣਾ ਨਹੀਂ।

-0-

ਜਿਥੋਂ ਦਾ ਜੀਊਣਾ ਵੀ,
ਜਿਥੋਂ ਦਾ ਮਰਨਾ ਵੀ,
ਜਿਥੋਂ ਦਾ ਹੱਸਣਾ ਵੀ,
ਜਿਥੋਂ ਦਾ ਰੋਣਾ ਵੀ,
ਦੁਨੀਆ ਦੀ ਖਿਦਮਤ ਏ।
ਲੋਕਾਂ ਦੀ ਸੇਵਾ ਏ।

ਏਥੇ ਜੇ ਹੋਵੇ ਨਾ ਕਦੇ ਘਾਟ ਸਫਾਈਆਂ ਦੀ।
ਏਥੇ ਜੇ ਹੋਵੇ ਨਾ ਬਹੁਤਾਤ ਲੜਾਈਆਂ ਦੀ।
ਏਥੋ ਦੇ ਬੰਦੇ ਜੇ ਆਪੋ ਵਿਚ ਪਾਟਨ ਨਾ।
ਏਥੋਂ ਦੀਆਂ ਸ਼ਾਖ਼ਾਂ ਜੇ ਆਪੋ ਵਿਚ ਤਿੜਕਨ ਨਾ।
ਦਾਰੂ ਦੇ ਘੁੱਟ ਉਤੋਂ ਖ਼ੂਨ ਜੇ ਡੁਲ੍ਹਣ ਨਾ।
ਸੜਦਾ ਤਕ ਇੱਕੀ ਨੂੰ ਦੂਜੇ ਜੇ ਫੁੱਲਣ ਨਾ।
ਉਜੜ ਫੌਜਦਾਰੀ ਵਿਚ ਜੇ ਕਰ ਨਾ ਗਵਾਹਾਂ ਤੇ।
ਜੀਵੀਂ ਦੇ ਮਰਲੇ ਜੇ ਵੇਚਣ ਨਾ ਵਿਆਹਾਂ ਤੇ।
ਏਥੋਂ ਦੇ ਵਾਸੀ ਜੇ ਰਲ ਮਿਲ ਕੇ ਬਹਿ ਸੱਕਣ।
ਦੁਖ ਸੁਖ ਨੂੰ ਆਪੋ ਵਿਚ ਰਾਜੀ ਜੇ ਰਹਿ ਸੱਕਣ।
ਤੱਕ ਜੀਵਨ ਏਥੋਂ ਦਾ,

ਤੱਕ ਵਾਸਾ ਏਥੋਂ ਦਾ,
ਤੱਕ ਕਹਿਨੀ ਏਥੋਂ ਦੀ,
ਸੁਰਗਾਂ ਦੇ ਵਾਸੀ ਵੀ ਪਿੰਡਾਂ ਵਿਚ ਆ ਜਾਵਣ।
ਸੁਰਗਾਂ ਤੇ ਬਹਿਸ਼ਤਾਂ ਨੂੰ ਬਸ ਜੰਦਰੇ ਲਗ ਜਾਵਣ।

-0-

# ਵਿਰਸਾ ਸੰਭਾਲ ਸਿੱਖਾ

**ਡਾ. ਗੁਰਮੀਤ ਸਿੰਘ ਬਰਸਾਲ**

ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।
ਸਮਿਆਂ ਦੇ ਨਾਲ ਬਦਲਗੀ
ਤੇਰੀ ਕਿਉਂ ਚਾਲ ਓਏ।
ਗੁਰੂਆਂ ਨੇ ਤੈਨੂੰ ਸਿੱਖਾ
ਬਖਸ਼ੀ ਸਰਦਾਰੀ ਸੀ।
ਹੱਥ ਵਿੱਚ ਕਿਰਪਾਨ ਤੇ ਸਿਰ ਤੇ
ਪਗੜੀ ਸਵਾਰੀ ਸੀ।
ਤੇਰਾ ਸਿਰ ਬਾਝੋਂ ਗੁਰ ਦੇ
ਝੁਕਣੋਂ ਇਨਕਾਰੀ ਸੀ।
ਪਗੜੀ ਤਾਂ ਕਿਧਰੇ ਤੇਰੇ
ਲੱਭਦੇ ਨਾ ਵਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।
ਸਿਮਰਣ ਗੁਰਸਿੱਖਿਆ ਵਾਲਾ
ਹਰ ਪਲ ਤੂੰ ਕਰਦਾ ਸੀ।
ਗੁਰਮਤਿ ਦੇ ਉਲਟ ਜਾਣ ਤੋਂ
ਕਿੰਨਾ ਤੂੰ ਡਰਦਾ ਸੀ।
ਬਾਣੀ ਦੇ ਦਰਸ਼ਨ ਬਾਝੋਂ
ਤੇਰਾ ਨਾ ਸਰਦਾ ਸੀ।
ਹੁਣ ਤਾਂ ਗੁਰਬਾਣੀ ਪੜ੍ਹਨਾ
ਹੋ ਗਿਆ ਮੁਹਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।
ਵਿਹਲਾ ਜਦ ਹੁੰਦਾ ਸੀ ਤੂੰ
ਕਿਰਤਾਂ ਅਤੇ ਫਰਜਾਂ ਤੋਂ।
ਬੇਮੁੱਖ ਤੂੰ ਹੋਇਆ ਨਹੀਂ ਸੀ
ਗੁਰੂਆਂ ਦੇ ਕਰਜਾਂ ਤੋਂ।
ਸਿੱਖਦਾ ਸੀ ਜੀਵਨ ਰਮਜਾਂ
ਨਾਨਕ ਦੀਆਂ ਤਰਜਾਂ ਤੋਂ
ਵਿਹਲੇ ਤੇਰੇ ਅੱਜ ਸਮੇਂ ਦਾ
ਟੀ.ਵੀ. ਜੰਜਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।

ਟੱਬਰ ਵਿੱਚ ਰਹਿੰਦਾ ਸੀ ਬਣ
ਸੱਚਾ ਸੰਸਾਰੀ ਓਏ।

ਸਾਰਾ ਦਿਨ ਚੜ੍ਹੀ ਸੀ ਰਹਿੰਦੀ
ਨਾਮ ਖੁਮਾਰੀ ਓਏ।
ਨੇੜੇ ਨਾ ਫਟਕਣ ਦਿੱਤੀ
ਕੋਈ ਬਿਮਾਰੀ ਓਏ।
ਐਪਰ ਅੱਜ ਨਸ਼ਿਆਂ ਕੀਤਾ
ਮੰਦਾ ਤੇਰਾ ਹਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।
ਮਿਹਨਤ ਤੇ ਕਿਰਤ ਤੇਰੀ ਨੂੰ
ਸਾਰੇ ਵਡਿਆਉਂਦੇ ਸੀ।
ਨਾਮ ਤੇ ਵੰਡ ਛਕਣ ਜਿਹੇ
ਤੈਥੋਂ ਗੁਣ ਪਾਉਂਦੇ ਸੀ।
ਵਿਹਲੜ ਜਿਹੇ ਸਾਧ ਜੋਤਸ਼ੀ
ਤੈਂਥੋਂ ਘਬਰਾਉਂਦੇ ਸੀ।
ਅੱਜਕਲ੍ਹ ਤੂੰ ਏਹਨਾਂ ਅੱਗੇ
ਫਿਰਦਾ ਬੇਹਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।

ਠੱਗੀ ਤੇ ਬੇਈਮਾਨੀ
ਨੇੜੇ ਨਾ ਆਉਂਦੇ ਸੀ।
ਨਿੰਦਿਆ ਤੇ ਚੁਗਲੀ, ਚੋਰੀ
ਤੈਥੋ ਸ਼ਰਮਾਉਂਦੇ ਸੀ।
ਝੂਠੇ,ਖੁਦਗਰਜ ਵਿਅਕਤੀ
ਤੈਨੂੰ ਨਾ ਭਾਉਂਦੇ ਸੀ।
ਮੁੜ ਕੇ ਕਿਉਂ ਹੋਈ ਜਾਦੇ
ਤੇਰੇ ਇਹ ਨਾਲ ਓਏ।
ਵਿਰਸਾ ਸੰਭਾਲ ਸਿੱਖਾ
ਵਿਰਸਾ ਸੰਭਾਲ ਓਏ।
ਸਮਿਆਂ ਦੇ ਨਾਲ ਬਦਲਗੀ
ਤੇਰੀ ਕਿਉਂ ਚਾਲ ਓਏ।

-0-

# ਅੱਜ ਕਲ੍ਹ ਦੇ ਬਾਬੇ

**ਬੇਦੀ ਮੀਰਪੁਰੀ 90411-83752**

ਦੋ ਕਰੋੜ ਦੀ ਗੱਡੀ ਦੇ ਵਿੱਚ, ਆਇਆ ਬਾਬਾ,
ਮਹਿੰਗਾ ਮਖਮਲੀ ਬਾਣਾ ਵੀ ਸੀ ਪਾਇਆ ਬਾਬਾ।
ਗੱਪਾਂ ਖ਼ੂਬ ਸੁਣਾਕੇ ਜਦ ਸੀ ਗੋਲਕ ਭਰ ਗਈ,
ਮਾਇਆ ਸੱਪ ਦੀ ਬੱਚੀ ਫ਼ਿਰ ਫੁਰਮਾਇਆ ਬਾਬਾ।
ਮਾਈਕ ਵਰਤਕੇ ਕਹਿੰਦਾ, ਸਾਇੰਸ ਚੰਗੀ ਨਹੀਓਂ,
ਬਣੋ ਪੁਰਾਤਨ ਰਹਿਣੀ ਕੋਈ ਵੀ, ਤੰਗੀ ਨਹੀਓਂ।
ਉਂਝ ਆਈਫ਼ੋਨ ਸੀ ਬੋਝੇ ਦੇ ਵਿੱਚ ਪਾਇਆ ਬਾਬਾ,
ਮਾਇਆ ਬੜੀ ਜ਼ਹਿਰੀਲੀ, ਫ਼ਿਰ ਫੁਰਮਾਇਆ ਬਾਬਾ।
ਔਰਤ ਕੁੱਖੋਂ ਜੰਮਕੇ, ਔਰਤ ਭੰਡੀ ਜਾਵੇ,
ਕਰ ਅਰਦਾਸਾਂ ਸਭ ਨੂੰ ਪੁੱਤਰ ਵੰਡੀ ਜਾਵੇ।
ਚਾਹੇ ਔਰਤ ਜ਼ਰੀਏ ਦੁਨੀਆਂ ਉੱਤੇ, ਆਇਆ ਬਾਬਾ,
ਪਰ ਔਰਤ ਨਰਕ ਦੁਆਰੀ, ਸੀ ਫ਼ੁਰਮਾਇਆ ਬਾਬਾ।
ਮਲਕ ਭਾਗੋਆਂ ਦੇ ਨਾਲ਼, ਗੂੜ੍ਹੀ ਯਾਰੀ ਰੱਖਦਾ,
ਮਾਤੜਾਂ ਨੂੰ ਬੱਸ ਦੂਰੋਂ -ਈ ਬਾਬਾ ਤਾੜੀ ਰੱਖਦਾ।
ਉਂਝ ਮਿਲ਼ਦਾ ਰੱਬ ਗਰੀਬਾਂ ਤਾਈਂ, ਸੁਣਾਇਆ ਬਾਬਾ,
ਪਰ ਮਾਇਆ ਨੂੰ ਸੀ ਘੁੱਟਕੇ ਜੱਫਾ ਪਾਇਆ ਬਾਬਾ।
ਢਿੱਡਲ ਬਾਬਾ ਤੰਦਰੁਸਤੀ ਦੀਆਂ ਦਾਤਾਂ ਵੰਡੇ,
ਲੁੱਟਕੇ ਖਾ ਲਈ ਸੰਗਤ, ਠੱਗ ਸੁਗਾਤਾਂ ਵੰਡੇ।
ਨਾਲ਼ ਨੀ ਕੁਝ ਵੀ ਜਾਣਾ ਉਂਝ ਸਮਝਾਇਆ ਬਾਬਾ,
ਪਰ ਸਵਿਸ ਬੈਂਕ ਵਿੱਚ ਜਾ ਖ਼ਾਤਾ ਖੁਲਵਾਇਆ ਬਾਬਾ।
ਮੀਰਪੁਰੀ ਚੱਲ ਕਲਮ ਰੋਕ ਲੈ ਤੜਫ਼ ਜਾਣਗੇ,
ਭਾਵਨਾਵਾਂ ਦੇ ਸਣੇ, "ਭਗਤ" ਵੀ ਭੜਕ ਜਾਣਗੇ।
ਬੰਦਾ ਬਣਜਾ "ਬੇਦੀ" ਫ਼ੋਨ ਮਿਲ਼ਾਇਆ ਬਾਬਾ,
ਮੇਰੀ ਪੜ੍ਹਕੇ ਤਿੱਖੀ ਲਿਖ਼ਤ, ਫਿਰੇ ਬੌਖਲਾਇਆ ਬਾਬਾ।
"ਆਮ ਜਿਆ ਲਿਖ਼ਾਰੀ" ਕਿਤਾਬ 'ਚੋਂ ਇੱਕ ਲਿਖ਼ਤ।

-0-

# ਖੇਤੀਬਾੜੀ ਦੀ ਸਥਿਰਤਾ 'ਚ ਜੋਖਿਮ ਪ੍ਰਬੰਧਨ ਦਾ ਮਹੱਤਵ

**ਡਾ. ਮੁਹਿੰਦਰ ਸਿੰਘ ਬਾਜਵਾ # 98147-09845 *ਸਾਬਕਾ ਨਿਰਦੇਸ਼ਕ (ਖੋਜ) ਪੀਏਯੂ, ਲੁਧਿਆਣਾ।**

ਖੇਤੀਬਾੜੀ ਉੱਪਰ ਦੇਸ਼ ਦੀ 50 ਪ੍ਰਤੀਸ਼ਤ ਤੋਂ ਵੱਧ ਆਬਾਦੀ ਨਿਰਭਰ ਹੈ। ਹਰ ਵੇਲੇ ਕਿਸਾਨੀ ਨੂੰ ਵੱਖ-ਵੱਖ ਕਿਸਮ ਦੇ ਅਚਨਚੇਤ ਜਾਂ ਲੰਬੇ ਸਮੇਂ ਤਕ ਮਾਰ ਕਰਨ ਵਾਲੇ ਜੋਖ਼ਿਮ ਦੇ ਅਸਰ ਹੇਠ ਫ਼ਸਲਾਂ ਦੇ ਉਤਪਾਦਨ, ਉਤਪਾਦਨ-ਕੁਸ਼ਲਤਾ ਤੇ ਮੁਨਾਫ਼ੇ ਵਿੱਚ ਘਾਟ, ਅਸਥਿਰਤਾ ਤੇ ਅਨਿਸ਼ਚਿਤਤਾ ਵਧਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਖੇਤੀਬਾੜੀ ਵਿੱਚ ਆਉਂਦੇ ਜੋਖ਼ਿਮਾਂ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਜਲਵਾਯੂ ਵਿੱਚ ਤਬਦੀਲੀ, ਤਾਪਮਾਨ ਵਿੱਚ ਅਚਾਨਕ ਵਾਧਾ, ਕੋਰਾ ਪੈਣਾ, ਗੜ੍ਹੇਮਾਰ, ਬੇਵਕਤ ਬਾਰਸ਼, ਤੇਜ਼ ਹਨ੍ਹੇਰੀਆਂ ਤੇ ਝੱਖੜ, ਔੜ-ਹੜ੍ਹ, ਅੱਗਾਂ, ਮੰਡੀ (ਦੇਸੀ ਤੇ ਵਿਦੇਸ਼ੀ) ਕੀਮਤਾਂ ਵਿੱਚ ਉਤਰਾਅ-ਚੜ੍ਹਾਅ, ਖਾਦਾਂ-ਬੀਜਾਂ, ਕੀਟਨਾਸ਼ਕ ਦਵਾਈਆਂ ਦੀਆਂ ਕੀਮਤਾਂ ਵਿੱਚ ਅਚਾਨਕ ਉਤਰਾਅ-ਚੜ੍ਹਾਅ, ਸਰਕਾਰੀ ਨੀਤੀਆਂ ਵਿੱਚ ਤਬਦੀਲੀਆਂ (ਜਿਵੇਂ ਨੋਟਬੰਦੀ ਨਾਲ ਸਬਜ਼ੀਆਂ ਤੇ ਹੋਰ ਉਤਪਾਦਾਂ ਦੀਆਂ ਕੀਮਤਾਂ ਡਿੱਗੀਆਂ), ਮਾਲੀ ਸਹਾਇਤਾ ਮਿਲਣ ਵਿੱਚ ਅਨਿਸ਼ਚਿਤਤਾ, ਕਿਸਾਨਾਂ (ਖਾਸ ਕਰਕੇ ਛੋਟੇ ਕਿਸਾਨਾਂ) ਦੀ ਆਧੁਨਿਕ ਖੇਤੀ-ਤਕਨੀਕਾਂ ਤਕ ਪਹੁੰਚ ਨਾ ਹੋਣੀ, ਫ਼ਸਲਾਂ ਉੱਪਰ ਅਚਾਨਕ ਕੀੜੇ ਤੇ ਬਿਮਾਰੀਆਂ ਦੇ ਹਮਲੇ, ਨਕਲੀ ਖਾਦਾਂ ਤੇ ਕੀਟਨਾਸ਼ਕ ਜ਼ਹਿਰਾਂ ਆਦਿ। ਇਸ ਤੋਂ ਇਲਾਵਾ ਸ਼ਹਿਰੀ ਇਲਾਕਿਆਂ ਵਿੱਚ ਜਾਂ ਹੋਰ ਥਾਈਂ ਗੰਦੇ ਪਾਣੀ ਨਾਲ ਸਿੰਚਾਈ ਕੀਤੇ ਜਾਣਾ, ਭੂਮੀ ਅਤੇ ਧਰਤੀ ਹੇਠਲੇ ਪਾਣੀ ਵਿੱਚ ਪ੍ਰਦੂਸ਼ਣ ਕਰਕੇ ਫ਼ਸਲਾਂ, ਇਨਸਾਨੀ ਅਤੇ ਜੀਵ-ਜੰਤੂਆਂ ਦੀ ਸਿਹਤ ਲਈ ਵੱਡਾ ਖ਼ਤਰਾ ਬਣ ਜਾਂਦੇ ਹਨ।

ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰਾਂ ਕਾਰਨ ਕਈ ਵਾਰ ਕਿਸਾਨ ਭਾਈਚਾਰੇ ਨੂੰ ਨਾ ਸਿਰਫ਼ ਅਸਹਿ ਆਰਥਿਕ ਨੁਕਸਾਨ ਪੁੱਜਦਾ ਹੈ, ਸਗੋਂ ਖੇਤੀ ਉਪਤਾਦਕਾਂ ਵਿੱਚ ਵਿਕਾਸ ਕਾਇਮ ਰੱਖਣ ਦੀ ਸਮਰੱਥਾ ਨੂੰ ਵੀ ਢਾਹ ਲੱਗ ਜਾਂਦੀ ਹੈ। ਜਦੋਂ ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰ ਬਹੁਤ ਵੱਡੇ ਇਲਾਕੇ ਵਿੱਚ ਹੋ ਜਾਣ ਤਾਂ ਦੇਸ਼ ਜਾਂ ਸੂਬਾ ਪੱਧਰ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਉਤਰਾਅ-ਚੜ੍ਹਾਅ ਆਉਣ ਨਾਲ ਸਰਕਾਰਾਂ ਵੱਲੋਂ ਪੀੜਤ ਲੋਕਾਂ ਨੂੰ ਰਾਹਤ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਭਾਰੀ ਰਕਮ ਖ਼ਰਚਣੀ ਪੈ ਜਾਂਦੀ ਹੈ।

ਇਨ੍ਹਾਂ ਖ਼ਤਰਿਆਂ ਦੇ ਖੇਤੀ ਉਤਪਾਦਨ ਉੱਪਰ ਮਾੜੇ ਅਸਰਾਂ 'ਤੇ ਕਾਬੂ ਪਾਉਣਾ ਤੇ ਆਰਥਿਕ ਵਾਧੇ ਦਾ ਰੁਝਾਨ ਕਾਇਮ ਰੱਖਣਾ ਸਰਕਾਰਾਂ, ਨੀਤੀਆਂ ਬਣਾਉਣ ਵਾਲਿਆਂ, ਖੇਤੀ ਮਾਹਿਰਾਂ ਅਤੇ ਕਿਸਾਨਾਂ ਵਾਸਤੇ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਅਹਿਸਾਸ ਕੀਤਾ ਜਾ ਰਿਹਾ ਹੈ ਕਿ ਖੇਤੀ ਖੇਤਰ ਦਾ ਦੇਸ਼ ਦੀ ਜੀਡੀਪੀ ਵਿੱਚ ਹਿੱਸਾ, ਜੋ ਘਟਦੇ-ਘਟਦੇ 17 ਫ਼ੀਸਦੀ ਰਹਿ ਗਿਆ ਹੈ ਅਤੇ 2019-20 ਤਕ ਇਹ 10 ਫ਼ੀਸਦੀ ਤਕ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ, ਇਸ ਹਿੱਸੇ ਨੂੰ ਫੇਰ ਤੋਂ ਵਾਧੇ ਵੱਲ ਲੈ ਕੇ ਜਾਣਾ ਕੇਂਦਰ ਸਰਕਾਰ ਵੱਲੋਂ ਅਨਾਜ ਉਤਪਾਦਨ ਦੀ ਮਿੱਥੀ ਗਈ ਸਾਲਾਨਾ ਵਾਧੇ ਦੀ ਦਰ 4.1 ਫ਼ੀਸਦੀ ਨੂੰ ਪ੍ਰਾਪਤ ਕਰਨਾ, ਦੇਸ਼ ਵਿੱਚ ਦੂਜਾ ਹਰਾ ਇਨਕਲਾਬ ਪੈਦਾ ਕਰਨਾ ਅਤੇ ਵਧਦੀ ਆਬਾਦੀ ਵਾਸਤੇ ਖੁਰਾਕ ਦੀ ਲੋੜ ਤੇ ਸੁਰੱਖਿਅਤਾ ਯਕੀਨਨ ਕਾਇਮ ਰੱਖਣਾ ਤਾਂ ਹੀ ਸੰਭਵ ਹੋ ਸਕੇਗਾ ਜੇ ਖੇਤੀਬਾੜੀ ਉੱਪਰ ਵੱਖ-ਵੱਖ ਖ਼ਤਰਿਆਂ ਦੇ ਮਾੜੇ ਅਸਰਾਂ 'ਤੇ ਵੀ ਕਾਬੂ ਪਾਇਆ ਜਾਏਗਾ।

ਆਮ ਤੌਰ 'ਤੇ ਆਫ਼ਤ ਆ ਜਾਣ 'ਤੇ ਸਰਕਾਰਾਂ, ਖੇਤੀ ਮਾਹਿਰਾਂ ਤੇ ਹੋਰ ਸਬੰਧਿਤ ਅਦਾਰਿਆਂ ਵੱਲੋਂ ਜੋਖ਼ਿਮ-ਪ੍ਰਬੰਧ ਕਰਨ, ਮਾਲੀ ਰਾਹਤ ਦੇਣ ਤੇ ਹੋਰ ਬਦਲਵੀਆਂ ਫ਼ਸਲਾਂ ਵਾਸਤੇ ਬੀਜ, ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਪੀੜਤ ਲੋਕਾਂ ਤਕ ਪਹੁੰਚਾਉਣ ਲਈ ਹਫੜਾ-ਦਫੜੀ ਮੱਚ ਜਾਂਦੀ ਹੈ। ਲੋੜ ਹੈ ਕਿ ਸਰਕਾਰ, ਖੇਤੀ ਮਾਹਿਰ ਤੇ ਹੋਰ ਸਬੰਧਿਤ ਅਦਾਰੇ ਖੇਤੀ-ਖ਼ਤਰੇ ਦੇ ਮਾੜੇ ਅਸਰਾਂ ਨੂੰ ਰੋਕਣ ਵਾਸਤੇ ਸੂਬਾ, ਖੇਤਰ, ਪਿੰਡ ਅਤੇ ਫਾਰਮ ਪੱਧਰ ਦੀਆਂ ਸਰਬਪੱਖੀ ਖੇਤੀ-ਜੋਖ਼ਿਮ ਪ੍ਰਬੰਧਨ, ਰਾਹਤ ਦੇਣ ਦੀਆਂ ਨੀਤੀਆਂ ਤੇ ਕਾਰਜ ਕਾਰਵਾਈਆਂ ਕਰਨ ਦੀਆਂ ਰਣਨੀਤਕ ਯੋਜਨਾਵਾਂ ਬਣਾਉਣ। ਆਫ਼ਤ ਆਉਣ ਤੋਂ ਪਹਿਲੋਂ ਜਾਂ ਆਫ਼ਤ ਆ ਜਾਣ 'ਤੇ ਫੌਰੀ ਤੌਰ 'ਤੇ ਲਾਗੂ ਕਰਨ।

ਪੰਜਾਬ ਵਿੱਚ ਲਗਾਤਾਰ ਝੋਨਾ-ਕਣਕ ਫ਼ਸਲੀ ਪ੍ਰਣਾਲੀ ਅਪਣਾਏ ਜਾਣਾ ਇਨ੍ਹਾਂ ਖ਼ਤਰਿਆਂ ਦੇ ਵਧਣ ਦਾ ਇੱਕ ਵੱਡਾ ਕਾਰਨ ਸਮਝਿਆ ਜਾਂਦਾ ਹੈ। ਇਸ ਕਰਕੇ ਫ਼ਸਲਾਂ ਵਿੱਚ ਵਿਭਿੰਨਤਾ ਦੀਆਂ ਸਿਫਾਰਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਖਾਦਾਂ, ਕੀਟਨਾਸ਼ਕ ਜ਼ਹਿਰਾਂ ਦੀ ਅੰਧਾਧੁੰਦ ਵਰਤੋਂ ਕਰਦੇ ਜਾਣ ਨਾਲ ਨਾ ਸਿਰਫ਼ ਭੂਮੀ ਦੀ ਉਪਜਾਊ ਗੁਣਵੱਤਾ 'ਤੇ ਮਾੜੇ ਅਸਰ ਪੈਂਦੇ ਹਨ, ਸਗੋਂ ਭੂਮੀ ਤੇ ਪਾਣੀ ਵਿੱਚ ਪ੍ਰਦੂਸ਼ਣ ਵਧਦਾ ਜਾਂਦਾ ਹੈ। ਇਸ ਵਾਸਤੇ ਲੋੜ ਹੈ ਕਿ ਭੂਮੀ, ਪਾਣੀ, ਖਾਦਾਂ, ਕੀਟਨਾਸ਼ਕ ਜ਼ਹਿਰਾਂ ਆਦਿ ਦੀ ਲੋੜ ਅਨੁਸਾਰ ਵਰਤੋਂ ਕਰਨ ਵਾਸਤੇ ਅਸਰਦਾਰ ਸਿਸਟਮ ਬਣਾਇਆ ਜਾਏ। ਇਸ ਵਾਸਤੇ ਵੱਡੀ ਗਿਣਤੀ ਵਿੱਚ ਸਥਾਪਿਤ ਭੂਮੀ ਪਰਖ ਪ੍ਰਯੋਗਸ਼ਾਲਾਵਾਂ ਤੇ ਖੇਤੀਬਾੜੀ ਮਾਹਿਰਾਂ ਨੂੰ ਕਿਸਾਨਾਂ ਦੇ ਭਰੋਸੇਯੋਗ ਸਲਾਹਕਾਰ ਬਣਨਾ ਚਾਹੀਦਾ ਹੈ।

ਬੜੀ ਤੇਜ਼ੀ ਨਾਲ ਜਲਵਾਯੂ ਵਿੱਚ ਬਦਲਾਅ ਆਉਣ ਅਤੇ ਤਪਸ਼ ਦੇ ਵਧਣ ਕਰਕੇ ਗੰਭੀਰ ਖ਼ਤਰੇ ਪੈਦਾ ਹੋ ਸਕਦੇ ਹਨ। ਇਨ੍ਹਾਂ ਦੇ ਨਤੀਜੇ ਵਜੋਂ ਦੇਸ਼ ਵਿੱਚ ਖੇਤੀ ਉਤਪਾਦਨ ਦੀ ਸਮਰੱਥਾ 40 ਫ਼ੀਸਦੀ ਤਕ ਘਟਣ ਦੀ ਉਮੀਦ ਕੀਤੀ ਜਾ ਰਹੀ ਹੈ। ਬਾਰਸ਼ ਨਿਰਭਰ ਖੇਤਰਾਂ ਵਿੱਚ ਖੇਤੀ ਉਤਪਾਦਨ ਵਿੱਚ 50 ਫ਼ੀਸਦੀ ਤਕ ਗਿਰਾਵਟ ਆ ਸਕਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਇੱਕ ਖੋਜ ਅਨੁਸਾਰ ਆਮ ਤਾਪਮਾਨ ਤੋਂ 1 ਡਿਗਰੀ ਸੈਂਟੀਗਰੇਡ ਵਧਣ ਨਾਲ ਕਣਕ ਦਾ 2 ਮਣ ਪ੍ਰਤੀ ਏਕੜ ਝਾੜ ਘਟ ਸਕਦਾ ਹੈ। ਇਸ ਵਾਸਤੇ ਨੀਤੀਆਂ ਬਣਾਉਣ ਤੇ ਤਕਨੀਕਾਂ ਦੀ ਖੋਜ ਕਰਨ ਦੀ ਲੋੜ ਹੈ। ਵਿਕਾਸ ਦੇ ਅਦਾਰੇ ਅਤੇ ਕਿਸਾਨ ਪਹਿਲ ਦੇ ਤੌਰ 'ਤੇ ਜਲਵਾਯੂ ਦੇ ਬਦਲਾਅ ਤੋਂ ਹੋਣ ਵਾਲੇ ਖ਼ਤਰਿਆਂ 'ਤੇ ਕਾਬੂ ਪਾਉਣ ਬਾਰੇ ਯੋਜਨਾਵਾਂ ਤੇ ਕਾਰਜ ਨੀਤੀਆਂ ਬਣਾਉਣ।

ਇੱਕ ਵੱਡਾ ਖ਼ਤਰਾ ਮੰਡੀਆਂ ਵਿੱਚ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਅਸਥਿਰਤਾ ਜਾਂ ਅਚਨਚੇਤ ਗਿਰਾਵਟ ਆਉਣ ਕਰਕੇ ਪੈਦਾ ਹੁੰਦਾ ਹੈ, ਜੋ ਕਿਸਾਨ ਦੀ ਆਰਥਿਕਤਾ ਨੂੰ ਢਾਅ ਲਾਉਂਦਾ ਹੈ। ਸਰਕਾਰ ਵੱਲੋਂ ਅਚਾਨਕ ਬਰਾਮਦ ਤੇ ਦਰਾਮਦ ਕਰਨ ਦੀ ਥਾਂ ਕਈ ਹੋਰ ਨੀਤੀਆਂ ਵਿੱਚ ਤਬਦੀਲੀਆਂ ਅਤੇ ਗ਼ੈਰ-ਯੋਜਨਾਬੱਧ ਫ਼ਸਲਾਂ ਦੇ ਰਕਬੇ ਵਧਣ ਨਾਲ ਉਤਪਾਦਾਂ ਦੀ ਬਹੁਤਾਤ ਹੋਣ

**ਬਾਕੀ ਸਫਾ 39 'ਤੇ**

# ਗਰਭਵਤੀ ਔਰਤਾਂ ਦੀ ਸਿਰ ਪੀੜ ਦੇ ਕਾਰਨ ਤੇ ਇਲਾਜ

**ਡਾ. ਹਰਸ਼ਿੰਦਰ ਕੌਰ # 0175-2216783**

ਧਿਆਨ ਵਿੱਚ ਰੱਖਣ ਵਾਲੀਆਂ ਕੁਝ ਅਹਿਮ ਗੱਲਾਂ:

* ਸਿਰ ਪੀੜ ਹੁੰਦੇ ਸਾਰ ਕੰਮ ਕਾਰ ਛੱਡ ਕੇ ਸੈਰ ਕਰਨ ਨਿਕਲ ਜਾਓ।

* ਪੀੜ ਵਾਲੀ ਥਾਂ ਫਰੀਜ਼ਰ ਵਿੱਚ ਰੱਖੇ ਜੰਮੇ ਮਟਰਾਂ ਦਾ ਪੈਕਟ ਵੀ ਝਟਪਟ ਕੱਢ ਕੇ ਧਰਿਆ ਜਾ ਸਕਦਾ ਹੈ ਜਾਂ ਠੰਢੇ ਤੱਤੇ ਪਾਣੀ ਵਿੱਚ ਭਿਉਂ ਕੇ ਰੱਖੇ ਵੱਖੋ-ਵੱਖ ਤੋਲੀਏ ਵਰਤੇ ਜਾ ਸਕਦੇ ਹਨ।

* ਠੰਢੇ ਪਾਣੀ ਨਾਲ ਸਿਰ ਨਹਾਓ ਜਾਂ ਸਿਰ ਦੀ ਮਾਲਿਸ਼ ਕਰੋ।* ਧਿਆਨ ਰਹੇ ਸਿਰ ਧੋਣ ਤੋਂ ਬਾਅਦ ਡ੍ਰਾਇਰ ਨਾਲ ਵਾਲ ਨਹੀਂ ਸੁਕਾਉਣੇ ਚਾਹੀਦੇ। ਜੇ ਵਰਤਣਾ ਵੀ ਪਵੇ ਤਾਂ ਬਹੁਤ ਹਲਕੀ ਹਵਾ ਅਤੇ ਘਟ ਗਰਮ ਹਵਾ ਹੀ ਚਲਾਉਣੀ ਚਾਹੀਦੀ ਹੈ।

* ਐਕੂਪ੍ਰੈਸ਼ਰ ਵੀ ਅਸਰਦਾਰ ਹੈ।

* ਲੈਵੈਂਡਰ ਤੇਲ ਦੀ ਖ਼ੁਸ਼ਬੂ ਲੈਣ ਨਾਲ ਜਾਂ ਸਿਰ ਦੇ ਪਾਸਿਆਂ ਉੱਤੇ ਇੱਕ ਅੱਧ ਬੂੰਦ ਲਾ ਕੇ ਸੁੰਘਦੇ ਰਹਿਣ ਨਾਲ ਆਰਾਮ ਮਿਲ ਜਾਂਦਾ ਹੈ।



ਗਰਭਵਤੀ ਔਰਤਾਂ ਲਈ ਸਿਰ ਪੀੜ ਇੱਕ ਵੱਡੀ ਸਮੱਸਿਆ ਹੈ। ਲਗਪਗ ਹਰ ਜ਼ੱਚਾ ਨੂੰ ਕਦੇ ਨਾ ਕਦੇ ਸਿਰ ਪੀੜ ਨਾਲ ਜੂਝਣਾ ਪੈਂਦਾ ਹੈ ਕਿਉਂਕਿ ਗਰਭ ਦੌਰਾਨ ਵਧਿਆ ਪ੍ਰੋਜੈਸਟਰੋਨ ਹਾਰਮੋਨ ਸਰੀਰ ਦੀਆਂ ਲਹੂ ਵਾਲੀਆਂ ਨਸਾਂ ਖੋਲ੍ਹ ਦਿੰਦਾ ਹੈ ਤਾਂ ਜੋ ਲਹੂ ਪੂਰੇ ਸਰੀਰ ਦੇ ਨਾਲੋ ਨਾਲ ਭਰੂਣ ਦੇ ਅੰਦਰ ਵੀ ਪਹੁੰਚ ਸਕੇ। ਇੰਜ ਹੀ ਦਿਮਾਗ ਵੱਲ ਜਾਂਦੀਆਂ ਨਸਾਂ ਵੀ ਖੁੱਲ੍ਹ ਜਾਂਦੀਆਂ ਹਨ। ਵਾਧੂ ਲਹੂ ਜਿਉਂ ਹੀ ਜ਼ੱਚਾ ਦੇ ਸਿਰ ਅੰਦਰ ਪਹੁੰਚਦਾ ਹੈ, ਸਿਰ ਪੀੜ ਦਾ ਕਾਰਨ ਬਣ ਜਾਂਦਾ ਹੈ। ਬਹੁਤੀ ਵਾਰ ਅਜਿਹੀ ਪੀੜ ਗਰਭ ਦੇ ਪਹਿਲੇ ਤਿੰਨਾਂ ਮਹੀਨਿਆਂ ਵਿੱਚ ਮਹਿਸੂਸ ਹੁੰਦੀ ਹੈ। ਜੇ ਸਿਰ ਪੀੜ ਵੱਧ ਹੋ ਜਾਵੇ ਤਾਂ ਇਸ ਦਾ ਕਾਰਨ ਸਿਰਫ਼ ਹਾਰਮੋਨ ਹੀ ਨਹੀਂ ਬਲਕਿ ਤਣਾਓ, ਟੇਢਾ ਬੈਠਣਾ ਜਾਂ ਲੇਟਣਾ, ਨਜ਼ਰ ਘਟਣੀ, ਆਦਿ ਵੀ ਹੋ ਸਕਦੇ ਹਨ।

ਸਿਰ ਪੀੜ ਦੇ ਹੋਰ ਕਾਰਨ ਹਨ: ਨੀਂਦਰ ਨਾ ਆਉਣੀ, ਲਹੂ ਵਿੱਚ ਸ਼ੱਕਰ ਦੀ ਕਮੀ, ਪਾਣੀ ਦੀ ਕਮੀ, ਵਾਧੂ ਕੌਫ਼ੀ ਪੀਣ ਵਾਲੀਆਂ ਔਰਤਾਂ ਜਦੋਂ ਇਕਦਮ ਕੌਫ਼ੀ ਪੀਣੀ ਛੱਡ ਦੇਣ, ਘਬਰਾਹਟ, ਤਣਾਓ ਅਤੇ ਮਿਗਰੇਨ ਆਦਿ।

ਗਰਭ ਦੇ ਛੇਵੇਂ ਮਹੀਨੇ ਤੋਂ ਬਾਅਦ ਹੁੰਦੀ ਸਿਰ ਪੀੜ ਦੇ ਕਾਰਨ: ਟੇਢਾ ਲੇਟਣਾ ਜਾਂ ਟੇਢਾ ਬੈਠਣਾ, ਭਰੂਣ ਬਾਰੇ ਬੇਵਜ੍ਹਾ ਚਿੰਤਾ ਅਤੇ ਬਲੱਡ ਪ੍ਰੈਸ਼ਰ ਦਾ ਵਾਧਾ ਆਦਿ। ਇਨ੍ਹਾਂ ਕਾਰਨਾਂ ਉੱਤੇ ਸੌਖਿਆਂ ਹੀ ਕਾਬੂ ਪਾਇਆ ਜਾ ਸਕਦਾ ਹੈ। ਇਸ ਵਾਸਤੇ ਰੈਗੂਲਰ ਤੌਰ ਉੱਤੇ ਕਸਰਤ ਕਰਨੀ ਲਾਜ਼ਮੀ ਹੁੰਦੀ ਹੈ। ਰੋਜ਼ਾਨਾ ਕੀਤੀ ਸੈਰ ਜਿੱਥੇ ਸਰੀਰ ਤੰਦਰੁਸਤ ਰੱਖਦੀ ਹੈ, ਉੱਥੇ ਹੱਡੀਆਂ ਅਤੇ ਪੱਠਿਆਂ ਨੂੰ ਵੀ ਮਜ਼ਬੂਤੀ ਦਿੰਦੀ ਹੈ। ਸਵੇਰੇ ਦੀ ਤਾਜ਼ਾ ਹਵਾ ਮਨ ਵਿੱਚੋਂ ਕਈ ਤਰ੍ਹਾਂ ਦੀਆਂ ਬੇਲੋੜੀਆਂ ਚਿੰਤਾਵਾਂ ਤੋਂ ਵੀ ਮੁਕਤੀ ਦੁਆ ਦਿੰਦੀ ਹੈ। ਆਰਾਮ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਭਰੂਣ ਨੂੰ ਲਹੂ ਸਹੀ ਤਰੀਕੇ ਪਹੁੰਚਦਾ ਰਹੇ ਤੇ ਭਰੂਣ ਠੀਕ ਤਰ੍ਹਾਂ ਵਧ ਫੁੱਲ ਸਕੇ। ਆਰਾਮ ਨਾਲ ਲੇਟਣ 'ਤੇ ਪੂਰੀ ਨੀਂਦਰ ਲੈਣ ਨਾਲ ਤਣਾਓ ਘਟ ਜਾਂਦਾ ਹੈ। ਭਰੂਣ ਪ੍ਰਤੀ ਚੰਗੇ ਵਿਚਾਰ, ਉਸ ਦੇ ਪੈਦਾ ਹੋਣ ਤੋਂ ਬਾਅਦ ਉਸ ਨੂੰ ਵਧੀਆ ਤਰੀਕੇ ਸਾਂਭਣ ਅਤੇ ਬੱਚੇ ਦੇ ਨਵੇਂ ਕੱਪੜੇ ਖ਼ਰੀਦਣ ਆਦਿ ਵੱਲ ਧਿਆਨ ਕਰਨ ਨਾਲ ਮਨ ਖ਼ੁਸ਼ੀ ਨਾਲ ਭਰ ਜਾਂਦਾ ਹੈ ਤੇ ਸਿਰ ਪੀੜ ਤੋਂ ਬਚਿਆ ਜਾ ਸਕਦਾ ਹੈ।

ਠੀਕ ਤਰੀਕੇ ਬੈਠਣਾ ਜ਼ਰੂਰੀ ਹੈ। ਭਾਵ ਪਿੱਠ ਸਿੱਧੀ ਰੱਖ ਕੇ ਢੋਅ ਲਾ ਕੇ ਬੈਠਣ ਨਾਲ ਪੀੜ ਘਟ ਜਾਂਦੀ ਹੈ। ਖ਼ੁਰਾਕ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਹਰੀਆਂ ਸਬਜ਼ੀਆਂ, ਦੁੱਧ, ਦਹੀਂ, ਫਲ, ਫੁਲਕਾ, ਚੌਲ, ਦਾਲਾਂ ਅਤੇ ਅੰਡਾ ਆਦਿ ਸਮੇਤ ਸੰਤੁਲਿਤ ਖ਼ੁਰਾਕ ਖਾਣੀ ਚਾਹੀਦੀ ਹੈ। ਇਹ ਖ਼ੁਰਾਕ ਭਰੂਣ ਨੂੰ ਸਿਹਤਮੰਦ ਰਖਦੀ ਹੈ ਤੇ ਜ਼ੱਚਾ ਨੂੰ ਵੀ। ਜ਼ਿਆਦਾ ਸਿਰ ਪੀੜ ਹੋਣ 'ਤੇ ਸਿਰ ਦੁਆਲੇ ਠੰਢੇ ਤੇ ਤੱਤੇ ਪੈਕ ਲਾਏ ਜਾ ਸਕਦੇ ਹਨ ਜੋ ਸਿਰ ਪੀੜ ਨੂੰ ਆਰਾਮ ਦਿੰਦੇ ਹਨ। ਹਲਕਾ-ਹਲਕਾ ਸਿਰ ਨੂੰ ਘੁਟਾਉਣਾ ਜਾਂ ਤੇਲ ਝੱਸਣ ਨਾਲ ਵੀ ਆਰਾਮ ਮਿਲ ਜਾਂਦਾ ਹੈ।

ਸਿਰ ਪੀੜ ਲਈ ਐਸਪਰਿਨ ਜਾਂ ਇਬੂਪਰੋਫੈਨ ਨਹੀਂ ਲੈਣੀ ਚਾਹੀਦੀ। ਜੇ ਸਾਈਨਸ ਦੀ ਪੀੜ ਹੋਵੇ ਤਾਂ ਅੱਖਾਂ ਤੇ ਨੱਕ ਦੁਆਲੇ ਗਰਮ ਕੱਪੜੇ ਨਾਲ ਸੇਕ ਦਿੱਤਾ ਜਾ ਸਕਦਾ ਹੈ ਤੇ ਭਾਫ਼ ਵੀ ਲਈ ਜਾ ਸਕਦੀ ਹੈ। ਜੇ ਤਣਾਓ ਨਾਲ ਸਿਰ ਪੀੜ ਹੋ ਰਹੀ ਹੋਵੇ ਤਾਂ ਸਿਰ ਦੇ ਪਿਛਲੇ ਹਿੱਸੇ ਵਿੱਚ ਗਲੇ ਉੱਤੇ ਕੱਪੜੇ ਵਿੱਚ ਬਰਫ਼ ਰੱਖ ਕੇ ਕੁਝ ਚਿਰ ਆਰਾਮ ਲਿਆ ਜਾ ਸਕਦਾ ਹੈ। ਇੰਜ ਹਲਕੀ ਠੰਢਕ ਨਾਲ ਖਿੱਚੀਆਂ ਨਸਾਂ ਨੂੰ ਆਰਾਮ ਮਿਲ ਜਾਂਦਾ ਹੈ।

ਲਹੂ ਵਿਚਲੀ ਸ਼ੱਕਰ ਦੀ ਮਾਤਰਾ ਠੀਕ ਰੱਖਣ ਲਈ ਜ਼ੱਚਾ ਨੂੰ ਕੁਝ ਨਾ ਕੁਝ ਥੋੜ੍ਹੇ-ਥੋੜ੍ਹੇ ਚਿਰ ਬਾਅਦ ਖਾਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਜਿੱਥੇ ਸਰੀਰ ਨੂੰ ਤਾਕਤ ਮਿਲਦੀ ਰਹਿੰਦੀ ਹੈ, ਉੱਥੇ ਸ਼ੱਕਰ ਦੀ ਮਾਤਰਾ ਵੀ ਸਹੀ ਰਹਿੰਦੀ ਹੈ। ਇਸ ਵਾਸਤੇ ਸਲਾਦ, ਫਲ, ਆਈਸਕ੍ਰੀਮ, ਪਿੰਨੀ ਅਤੇ ਸੁੱਕੇ ਮੇਵੇ ਆਦਿ ਲਏ ਜਾ ਸਕਦੇ ਹਨ। ਗਲੇ ਅਤੇ ਮੋਢਿਆਂ ਦੀ ਮਾਲਿਸ਼ ਰੋਜ਼ਾਨਾ ਕਰਨ ਦੀ ਲੋੜ ਹੈ। ਇਸ ਲਈ ਕਿਸੇ ਖ਼ਾਸ ਕਿਸਮ ਦੇ ਤੇਲ ਦੀ ਲੋੜ ਨਹੀਂ ਹੁੰਦੀ। ਕੋਈ ਵੀ ਤੇਲ ਜਾਂ ਕ੍ਰੀਮ ਨਾਲ ਮਾਲਿਸ਼ ਕੀਤੀ ਜਾ ਸਕਦੀ ਹੈ। ਹਨ੍ਹੇਰੇ ਕਮਰੇ ਵਿੱਚ ਬਹਿ ਕੇ ਅੱਖਾਂ ਮੀਟ ਕੇ ਲੰਮੇ-ਲੰਮੇ ਸਾਹ ਖਿੱਚਣ ਨਾਲ ਵੀ ਕਾਫ਼ੀ ਆਰਾਮ ਮਿਲ ਜਾਂਦਾ ਹੈ ਤੇ ਵਾਧੂ ਚਿੰਤਾ ਵੀ ਘਟ ਜਾਂਦੀ ਹੈ। ਰੋਜ਼ ਕੋਸੇ ਪਾਣੀ ਨਾਲ ਨਹਾਉਣਾ ਤੇ ਨਹਾਉਣ ਤੋਂ ਪਹਿਲਾਂ ਲੱਤਾਂ ਬਾਹਵਾਂ ਦੀ ਮਾਲਿਸ਼ ਵੀ ਸਿਰ ਪੀੜ ਘਟਾ ਦਿੰਦੀ ਹੈ। ਇਨ੍ਹਾਂ ਤਰੀਕਿਆਂ ਵਿੱਚੋਂ ਸਭ ਤੋਂ ਵੱਧ ਅਸਰਦਾਰ ਹੈ- ਠੰਢੇ ਤੇ ਤੱਤੇ ਪੈਕ ਜੇ ਸਿਰ, ਗਲੇ ਤੇ ਅੱਖਾਂ ਦੁਆਲੇ ਵਾਰੋ-ਵਾਰ ਲਾਏ ਜਾਣ ਤਾਂ ਝਟਪਟ ਆਰਾਮ ਲਿਆ ਜਾ ਸਕਦਾ ਹੈ।

ਜੇ ਮਿਗਰੇਨ ਹੁੰਦੀ ਹੋਵੇ ਤਾਂ ਜ਼ੱਚਾ ਨੂੰ ਇਹ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ: ਚਾਕਲੇਟ, ਸ਼ਰਾਬ, ਠੰਢਾ ਦਹੀਂ, ਪੁਰਾਣਾ ਪਨੀਰ, ਮੂੰਗਫਲੀ, ਬਰੈਡ (ਖਮੀਰ ਸਦਕਾ), ਡੱਬਾ ਬੰਦ ਮੀਟ ਅਤੇ ਖੱਟੀ ਮਲਾਈ।

ਜੇ ਉੱਪਰ ਦੱਸੇ ਕਿਸੇ ਵੀ ਤਰੀਕੇ ਨਾਲ ਆਰਾਮ ਨਾ ਮਿਲ ਰਿਹਾ ਹੋਵੇ ਤਾਂ ਮਾਹਿਰ ਡਾਕਟਰ ਕੋਲ ਚੈੱਕਅੱਪ ਲਾਜ਼ਮੀ ਕਰਵਾ ਲੈਣਾ ਚਾਹੀਦਾ ਹੈ।

ਡਾਕਟਰ ਕੋਲ ਤੁਰੰਤ ਚੈੱਕਅੱਪ ਕਰਵਾਉਣ ਜਾਣਾ ਚਾਹੀਦਾ ਹੈ, ਜੇ: ਤਿੱਖੀ ਸਿਰ ਪੀੜ ਤੇ ਉਲਟੀਆਂ ਲੱਗ ਜਾਣ, ਪਹਿਲਾਂ ਨਾਲੋਂ ਵੱਖ ਤਰ੍ਹਾਂ ਦੀ ਸਿਰ ਪੀੜ ਹੋਣ ਲੱਗ ਪਵੇ, ਨਜ਼ਰ ਘਟਣ ਲੱਗ ਪਵੇ, ਇਕਦਮ ਭਾਰ ਵਧ ਜਾਵੇ, ਢਿੱਡ ਦੇ ਉੱਪਰਲੇ ਸੱਜੇ ਹਿੱਸੇ ਵਿੱਚ ਪੀੜ ਹੋਣ ਲੱਗ ਪਵੇ, ਹੱਥਾਂ ਪੈਰਾਂ ਵਿੱਚ ਸੋਜ਼ਿਸ਼ ਹੋ ਜਾਵੇ, ਬਹੁਤ ਜ਼ਿਆਦਾ ਮੋਬਾਈਲ ਫੋਨ, ਫੇਸਬੁੱਕ, ਟੀ.ਵੀ ਅਤੇ ਕੰਪਿਊਟਰ ਉੱਤੇ ਬਹਿ ਕੇ ਕੰਮ ਕਰਨ ਵਾਲੀਆਂ ਗਰਭਵਤੀ ਔਰਤਾਂ ਨੂੰ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਜਿੱਥੇ ਅੱਖਾਂ ਥੱਕਣ ਕਾਰਨ ਸਿਰ ਭਾਰਾ ਹੋ ਜਾਂਦਾ ਹੈ, ਉੱਥੇ ਮਾੜੀਆਂ ਚੰਗੀਆਂ ਖ਼ਬਰਾਂ ਨਾਲ ਵੀ ਤਣਾਓ ਬਹੁਤ ਵਧ ਜਾਂਦਾ ਹੈ ਜੋ ਸਿਰਫ਼ ਸਿਰ ਪੀੜ ਹੀ ਨਹੀਂ ਬਲਕਿ ਭਰੂਣ ਵੱਲ ਜਾਂਦੇ ਲਹੂ ਨੂੰ ਵੀ ਵਧਾ ਘਟਾ ਦਿੰਦਾ ਹੈ ਤੇ ਭਰੂਣ ਦੀ ਧੜਕਨ ਉੱਤੇ ਵੀ ਅਸਰ ਪੈਂਦਾ ਹੈ। ਇਸੇ ਲਈ ਇਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰ ਕੇ ਪੂਜਾ-ਪਾਠ, ਸੁਖਾਵਾਂ ਸੰਗੀਤ ਅਤੇ ਸੈਰ ਆਦਿ ਵੱਲ ਵੱਧ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਜੇ ਪਾਣੀ ਦੀ ਕਮੀ ਕਰਕੇ ਸਿਰ ਪੀੜ ਹੋ ਰਹੀ ਹੋਵੇ ਤਾਂ ਇਹ ਆਮ ਤੌਰ ਉੱਤੇ ਸਿਰ ਦੇ ਪਿਛਲੇ ਪਾਸੇ ਹੇਠਾਂ ਕਰਕੇ ਹੁੰਦੀ ਹੈ। ਜੇ ਤਣਾਓ ਕਰਕੇ ਹੋ ਰਹੀ ਹੋਵੇ ਤਾਂ ਸਾਰਾ ਸਿਰ ਜਕੜਿਆ ਮਹਿਸੂਸ ਹੁੰਦਾ ਹੈ। ਗਰਭ ਦੌਰਾਨ ਪਹਿਲੇ ਚਾਰ-ਪੰਜ ਮਹੀਨਿਆਂ ਤਕ ਤੈਰਿਆ ਵੀ ਜਾ ਸਕਦਾ ਹੈ। ਤੈਰਨ ਨਾਲ ਵੀ ਬਹੁਤ ਸਾਰੇ ਕੇਸਾਂ ਵਿੱਚ ਸਿਰ ਪੀੜ ਤੇ ਤਣਾਓ ਘਟਿਆ ਵੇਖਿਆ ਗਿਆ ਹੈ। ਗਰਭਵਤੀ ਔਰਤਾਂ ਨੂੰ ਰੋਜ਼ ਡੇਢ ਲਿਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤੇ ਕੌਫ਼ੀ ਚਾਹ ਘਟਾ ਲੈਣੀ ਚਾਹੀਦੀ ਹੈ। ਸਿਗਰਟ, ਸ਼ਰਾਬ ਉੱਕਾ ਹੀ ਬੰਦ ਕਰਨੀ ਬਿਹਤਰ ਹੈ। ਹਰੀ ਚਾਹ (ਗਰੀਨ ਟੀ) ਵੀ ਲੈਣੀ ਠੀਕ ਨਹੀਂ ਹੈ ਕਿਉਂਕਿ ਇਸ ਵਿਚ ਕਾਫ਼ੀ ਜ਼ਿਆਦਾ ਕੈਫ਼ੀਨ ਹੁੰਦੀ ਹੈ। ਕਾਲੀ ਚਾਹ (ਬਿਨਾਂ ਦੁੱਧ) ਵੀ ਪੀਣੀ ਠੀਕ ਨਹੀਂ। ਇਸ ਦੀ ਥਾਂ ਫੁੱਲਾਂ ਤੇ ਫ਼ਲਾਂ ਤੋਂ ਬਣੀ ਚਾਹ ਪੱਤੀ ਤੇ ਕੈਫ਼ੀਨ ਤੋਂ ਬਿਨਾਂ ਵਾਲੀ ਚਾਹ ਪੱਤੀ ਪੀਤੀ ਜਾ ਸਕਦੀ ਹੈ। ਸਿਰ ਹੇਠਾਂ ਰੱਖੇ ਸਿਰਹਾਣੇ ਬਹੁਤੇ ਉੱਚੇ ਨਹੀਂ ਹੋਣੇ ਚਾਹੀਦੇ ਜਿਸ ਨਾਲ ਗਲਾ ਤੇ ਸਿਰ ਬਹੁਤ ਟੇਢਾ ਹੋ ਜਾਂਦਾ ਹੈ ਤੇ ਸਿਰ ਪੀੜ ਦੇ ਨਾਲ ਪਿੱਠ ਦਰਦ ਵੀ ਹੋਣ ਲੱਗ ਪੈਂਦੀ ਹੈ।

ਇਸ ਹਾਲਤ ਵਿੱਚ ਸਭ ਤੋਂ ਜ਼ਰੂਰੀ ਹੈ ਕਿ ਖ਼ੁਸ਼ ਰਹੋ ਤੇ ਖ਼ੁਸ਼ ਰੱਖੋ। ਮਾਂ ਬਣਨ ਦੇ ਸਮੇਂ ਦੌਰਾਨ ਤਣਾਓ ਛੱਡ ਕੇ, ਇਸ ਸਮੇਂ ਨੂੰ ਮਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

-0-

**ਸਫਾ 37 ਦਾ ਬਾਕੀ**

ਕਰਕੇ ਮੰਡੀਆਂ ਵਿੱਚ ਕੀਮਤਾਂ ਅੰਦਰ ਅਸਥਿਰਤਾ ਜਾਂ ਘਾਟ ਹੋ ਸਕਦੀ ਹੈ। ਇਨ੍ਹਾਂ ਖ਼ਤਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਖੇਤੀ ਉਤਪਾਦਾਂ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦੀ ਨੀਤੀ ਨੂੰ ਅਪਣਾਇਆ ਗਿਆ ਹੈ। ਇਸ ਖ਼ਰੀਦ ਪ੍ਰਣਾਲੀ ਹੇਠ ਕਣਕ ਤੇ ਝੋਨੇ ਦੇ ਨਾਲ-ਨਾਲ ਬਾਕੀ ਸਾਰੀਆਂ ਫ਼ਸਲਾਂ ਵੀ ਆਉਣੀਆਂ ਚਾਹੀਦੀਆਂ ਹਨ। ਕਿਸਾਨਾਂ ਦੀ ਆਰਥਿਕਤਾ ਸਰਬਪੱਖੀ ਤੌਰ 'ਤੇ ਸਥਿਰ ਅਤੇ ਲਾਹੇਵੰਦ ਰੱਖਣ ਵਾਸਤੇ 'ਸਵਾਮੀਨਾਥਨ ਕਮੇਟੀ' ਦੀ ਸਿਫਾਰਿਸ਼ ਕੀਤੀ ਐੱਮ.ਐੱਸ.ਪੀ. ਲਾਗੂ ਕਰਨੀ ਚਾਹੀਦੀ ਹੈ।

ਖੇਤੀ ਖ਼ਤਰਿਆਂ ਤੋਂ ਪੀੜਤ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਵਾਸਤੇ ਕੌਮੀ ਪੱਧਰ 'ਤੇ ਅਚਨਚੇਤ ਬਿਪਤਾ ਫੰਡ ਅਤੇ ਸੂਬਾ ਪੱਧਰੀ ਰਾਹਤ ਫੰਡ ਸਥਾਪਿਤ ਕੀਤੇ ਗਏ ਹਨ ਤਾਂ ਜੋ ਔੜ, ਹੜ੍ਹ, ਗੜ੍ਹੇਮਾਰ, ਤੂਫ਼ਾਨ, ਸੁਨਾਮੀ ਆਦਿ ਹਾਲਤਾਂ ਵਿੱਚ ਲੋੜੀਂਦੀ ਰਾਹਤ ਦਾ ਭੁਗਤਾਨ ਕੀਤਾ ਜਾ ਸਕੇ। ਇਨ੍ਹਾਂ ਫੰਡਾਂ ਤੋਂ ਇਲਾਵਾ ਖੇਤੀ ਬੀਮਾ ਯੋਜਨਾਵਾਂ, ਅਚਾਨਕ ਖੇਤੀ ਅਸਫ਼ਲਤਾ ਕਰਕੇ ਹੁੰਦੇ ਮਾਲੀ ਨੁਕਸਾਨ ਦੇ ਖ਼ਤਰੇ ਘਟਾਉਣ ਲਈ ਬਹੁਤ ਵੱਡਾ ਹਿੱਸਾ ਪਾ ਸਕਦੀਆਂ ਹਨ।

ਵੱਖ-ਵੱਖ ਖ਼ਤਰਿਆਂ ਤੋਂ ਪੀੜਤ ਕਿਸਾਨਾਂ ਤਕ ਜਲਦੀ ਰਾਹਤ (ਮਾਲੀ ਸਹਾਇਤਾ, ਬਦਲਵੀਆਂ ਫ਼ਸਲਾਂ ਦੇ ਬੀਜ, ਖਾਦਾਂ, ਕੀਟਨਾਸ਼ਕ ਜ਼ਹਿਰਾਂ ਆਦਿ) ਉਪਲੱਬਧ ਕਰਨਾ ਤੇ ਪ੍ਰਬੰਧਨ ਕਾਰਜ ਨੀਤੀਆਂ ਨੂੰ ਕੁਸ਼ਲਤਾ ਨਾਲ ਲਾਗੂ ਕਰਨਾ ਜ਼ਰੂਰੀ ਹੈ ਤਾਂ ਜੋ ਪੀੜਤ ਲੋਕਾਂ ਦਾ ਤੇਜ਼ੀ ਨਾਲ ਆਰਥਿਕ ਮੁੜ ਵਸੇਬਾ ਹੋ ਸਕੇ। ਇਸ ਵਾਸਤੇ ਵੱਖ-ਵੱਖ ਖ਼ਤਰਿਆਂ, ਨਿਸ਼ਚਿਤ ਹੋਏ ਨੁਕਸਾਨ ਦੀ ਕਿਸਮ, ਮਿਕਦਾਰ ਅਤੇ ਖੇਤਰਫਲ ਬਾਰੇ ਭਰੋਸੇਯੋਗ ਤੇ ਤੇਜ਼ੀ ਨਾਲ ਜਾਣਕਾਰੀ ਹਾਸਲ ਕਰਨੀ ਮੁੱਢਲੀ ਲੋੜ ਹੈ। ਫਿਲਹਾਲ ਪਟਵਾਰੀ-ਗਿਰਦਾਵਰੀ ਪ੍ਰਣਾਲੀ ਹੀ ਇਹ ਜਾਣਕਾਰੀ ਲੈਣ ਦਾ ਤਰੀਕਾ ਵਰਤਿਆ ਜਾਂਦਾ ਹੈ, ਜਿਸ ਉੱਪਰ ਕਈ ਤਰ੍ਹਾਂ ਦੇ ਸ਼ੱਕ ਅਤੇ ਸ਼ਿਕਾਇਤਾਂ ਹੁੰਦੀਆਂ ਹਨ। ਰਾਹਤ ਮੁਹੱਈਆ ਕਰਨ ਵਿੱਚ ਕਾਫ਼ੀ ਦੇਰੀ ਵੀ ਹੋ ਜਾਂਦੀ ਹੈ। ਇਸ ਵਾਸਤੇ ਲੋੜ ਹੈ ਕਿ ਦੂਰ ਸੰਵੇਦੀ ਤਕਨੀਕ ਨਾਲ ਭੂਗੋਲਿਕ ਜਾਣਕਾਰੀ ਪ੍ਰਣਾਲੀ ਆਧਾਰਿਤ ਹਰ ਖੇਤਰ, ਪਿੰਡ ਤੇ ਫਾਰਮ ਵਿੱਚ ਖੇਤੀ ਉੱਪਰ ਨੁਕਸਾਨ ਹੇਠ ਰਕਬੇ ਹੇਠ ਜਲਦੀ ਤੇ ਸਹੀ ਜਾਣਕਾਰੀ ਲਈ ਜਾ ਸਕੇ। ਪੀੜਤ ਕਿਸਾਨਾਂ ਨੂੰ ਸਹੀ ਮਿਕਦਾਰ ਵਿੱਚ ਰਾਹਤ ਪਹੁੰਚਾਉਣ ਬਾਰੇ ਤੁਰੰਤ ਫ਼ੈਸਲੇ ਲਏ ਜਾ ਸਕਦੇ ਹਨ।

ਪੰਚਾਇਤਾਂ ਜਿਨ੍ਹਾਂ ਨੂੰ ਪੇਂਡੂ ਵਿਕਾਸ ਲਈ ਵਿਧਾਨਕ ਅਖ਼ਤਿਆਰ ਮਿਲੇ ਹੋਏ ਹਨ, ਖੇਤੀ-ਖ਼ਤਰਿਆਂ ਦੇ ਅਸਰਾਂ 'ਤੇ ਕਾਬੂ ਪਾਉਣ ਵਿੱਚ ਸਿੱਧੇ ਅਤੇ ਅਸਿੱਧੇ ਤੌਰ 'ਤੇ ਯੋਗਦਾਨ ਪਾ ਸਕਦੀਆਂ ਹਨ।

ਅਚਾਨਕ ਆਉਂਦੇ ਖ਼ਤਰਿਆਂ ਦੇ ਸੰਕਟ ਵਰਗੇ ਹਾਲਾਤ ਨਾਲ ਨਿਪਟਣ ਲਈ 'ਤੇਜ਼ੀ ਨਾਲ ਖ਼ਤਰਾ-ਪ੍ਰਬੰਧ ਕਰਨ ਯੋਗ ਟੀਮ' ਦਾ ਖੇਤਰ, ਬਲਾਕ ਤੇ ਪਿੰਡ ਪੱਧਰ 'ਤੇ ਗਠਨ ਕੀਤਾ ਜਾਣਾ ਚਾਹੀਦਾ ਹੈ। ਜੋ ਮਾਲ ਤੇ ਖੇਤੀਬਾੜੀ ਵਿਭਾਗ, ਜਲਵਾਯੂ ਵਿਭਾਗ, ਮਾਰਕੀਟ ਸਬੰਧੀ ਅਦਾਰੇ, ਖੇਤੀਬਾੜੀ ਯੂਨੀਵਰਸਿਟੀਆਂ, ਕਿਸਾਨ ਸੰਗਠਨਾਂ, ਇਨ-ਪੁੱਟ ਸਪਲਾਈ ਕਰਨ ਦੇ ਅਦਾਰਿਆਂ, ਪੰਚਾਇਤਾਂ ਤੇ ਹੋਰ ਸਬੰਧਿਤ ਵਿਭਾਗਾਂ ਨਾਲ ਮਿਲ ਕੇ ਵੱਖ-ਵੱਖ ਖ਼ਤਰਿਆਂ ਦਾ ਸਾਹਮਣਾ ਕਰਨ ਵਾਸਤੇ ਕਾਰਜ ਨੀਤੀਆਂ ਬਣਾਉਣ ਅਤੇ ਖ਼ਤਰੇ ਆਉਣ 'ਤੇ ਫੌਰੀ ਤੌਰ 'ਤੇ ਲਾਗੂ ਕਰਨ। ਵੱਖ-ਵੱਖ ਵਿਭਾਗਾਂ ਅਤੇ ਉਨ੍ਹਾਂ ਦੇ ਕਾਰਜਕਰਤਾਵਾਂ ਦੀਆਂ ਜ਼ਿੰਮੇਵਾਰੀਆਂ ਸਹੀ ਤਰ੍ਹਾਂ ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ।

ਲੋੜ ਹੈ ਕਿ ਖੇਤੀ ਖ਼ਤਰਿਆਂ ਦੇ ਪ੍ਰਬੰਧਾਂ ਸਬੰਧੀ ਬਹੁ-ਵਿਭਾਗੀ ਤਾਲਮੇਲ ਨਾਲ ਇੱਕ ਸਰਬਪੱਖੀ ਕਾਰਜ ਨੀਤੀ ਅਪਣਾਈ ਜਾਵੇ ਜਿਸ ਅਧੀਨ ਖ਼ਤਰਿਆਂ ਦੀ ਰੋਕਥਾਮ, ਮਾੜੇ ਅਸਰਾਂ ਨੂੰ ਘਟਾਉਣ, ਰਾਹਤ ਦੇ ਇੰਤਜ਼ਾਮ, ਜੋਖ਼ਿਮ ਅਤੇ ਜਲਵਾਯੂ ਨਾਲ ਲਚਕੀਲੀ ਤਕਨਾਲੋਜੀ, ਪੀੜਤ ਕਿਸਾਨਾਂ ਦੇ ਮੁੜ-ਵਸੇਬੇ ਵਾਸਤੇ ਉਪਰਾਲੇ ਅਤੇ ਹੋਰ ਤਕਨੀਕੀ ਤੇ ਪ੍ਰਸ਼ਾਸਨਿਕ ਕਾਰਵਾਈਆਂ ਸਮੁੱਚੇ ਤੌਰ 'ਤੇ ਨਾਲ-ਨਾਲ ਕੀਤੀਆਂ ਜਾਣ। ਇਸ ਲਈ ਵੱਡੇ ਪੱਧਰ 'ਤੇ ਸਰਕਾਰੀ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਕੀਤੇ ਜਾਣ ਦੀ ਲੋੜ ਹੈ।

-0-

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਜਨਵਰੀ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਸੋਮਵਾਰ ਤੋਂ ਸ਼ਨੀਵਾਰ ਤੱਕ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**3. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਐਤਵਾਰ ਨੂੰ ਪਿੰਡ ਰੂੜੇ ਆਸਲ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪੱਟੀ ਸ਼ਹਿਰ ਅਤੇ ਪਿੰਡ ਵਣਿੰਗ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**ਮਾਲਵਾ:-**

**4. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਵਿਖੇ ਹਰ ਰੋਜ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਿਆਲਬੰਦ ਬਿਲਾਸਪੁਰ, ਛੱਤੀਸਗੜ੍ਹ ਵਿਖੇ ਗੁਰਮਤਿ ਸਿਖਿਆ ਕੈਂਪ ਵਿੱਚ ਹਾਜਰੀ ਭਰੀ ਗਈ। 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**5. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਦੀਆਂ ਕਲਾਸਾਂ ਤੋਂ ਇਲਾਵਾ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਿਆਲਬੰਦ ਬਿਲਾਸਪੁਰ, ਛੱਤੀਸਗੜ੍ਹ ਵਿਖੇ ਗੁਰਮਤਿ ਸਿਖਿਆ ਕੈਂਪ ਵਿੱਚ ਹਾਜਰੀ ਭਰੀ ਗਈ। ਕਲਾਸਾਂ ਵਿਚ ਬੱਚਿਆਂ ਨੂੰ ਕੇਸਾਂ ਦੀ ਸੰਭਾਲ, ਬਾਣੀ ਨਾਲ ਜੁੜਨਾ ਅਤੇ ਐਲੀਮੈਂਟਰੀ ਕੋਰਸ ਸੰਬੰਧੀ ਜਾਣਕਾਰੀ ਦਿਤੀ ਜਾਂਦੀ ਹੈ। ਹਰ ਰੋਜ ਵਿਦਿਆਰਥੀਆਂ ਦੀ ਦਸਤਾਰ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**6. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਧਾਰਮਿਕ ਦਿਹਾੜੇ ਗੁਰੂ ਹਰਿ ਰਾਇ ਸਾਹਿਬ ਜੀ, ਜੋੜ ਮੇਲਾ ਸ੍ਰੀ ਮੁਕਤਸਰ ਸਾਹਿਬ, ਜਨਮ ਬਾਬਾ ਦੀਪ ਸਿੰਘ ਜੀ ਸੰਬੰਧੀ ਸਵੇਰ ਦੀ ਸਭਾ ਵਿੱਚ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸ੍ਰੀ ਸਹਿਜ ਪਾਠ ਨਾਲ ਵੀ ਜੋੜਿਆ ਜਾਂਦਾ ਹੈ। 20 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 27 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ। 129 ਬੱਚੇ ਸਹਿਜ ਪਾਠ ਕਰ ਰਹੇ ਹਨ।

**7. ਮਹਾਂ ਸਿੰਘ ਨਗਰ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗੁਰਦੁਆਰਾ ਫਤਹਿ ਸਿੰਘ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਸਹਿਜ ਪਾਠ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਕੰਠ ਕਰਵਾਇਆ ਜਾਂਦਾ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 3 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ ਅਤੇ ਦਸਤਾਰਾਂ ਵੀ ਸਿਖਾਈਆਂ ਗਈਆਂ। 5 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਬੰਧ ਵਿੱਚ ਗੁਰੂ ਨਾਨਕ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ। ਭਗਤ ਰਵੀਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਲਤਾਲਾ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਕਲਾਸ ਦੇ ਬੱਚਿਆਂ ਵਲੋਂ ਕਵਿਤਾਵਾਂ, ਕਵੀਸ਼ਰੀਆਂ ਪੇਸ਼ ਕੀਤੀਆਂ ਗਈਆਂ। ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਪਿੰਡ ਕਾਲਖ ਵਿਖੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਜੇਤੂ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ। ਧਾਰਮਿਕ ਲਿਟਰੇਚਰ ਵੰਡਿਆ ਗਿਆ। ਪਿੰਡ ਮਾਜਰੀ ਵਿਖੇ ਸਮਾਗਮ ਦੌਰਾਨ ਇਤਿਹਾਸ ਦੀਆਂ ਕਿਤਾਬਾਂ ਵੰਡੀਆਂ ਗਈਆਂ। 15 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ।

**ਦੁਆਬਾ**

**10. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ

ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਪਿੰਡ ਲੁਹਾਰਾ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਦੋ ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਅਤੇ ਲੈਕਚਰ ਪੇਸ਼ ਕੀਤਾ ਗਿਆ। ਹਾਜਰੀ ਭਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸੈਂਟ ਜੋਨਸ ਅਕੈਡਮੀ ਸ਼ੰਕਰ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। 27 ਜਨਵਰੀ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਚੱਕ ਖੁਰਦ ਵਿਖੇ ਹੋਏ ਸਮਾਗਮ ਵਿੱਚ ਹਾਜਰੀ ਭਰੀ ਗਈ। ਗੁਰਦੁਆਰੇ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਕਲਾਸ, ਗਤਕੇ ਦੀ ਕਲਾਸ ਅਤੇ ਤਬਲੇ ਦੀ ਕਲਾਸ ਵੀ ਲਗਾਈ ਜਾਂਦੀ ਹੈ।



**12. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਨੌਰਾ ਵਿਖੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸੈਮੀਨਾਰ ਕੀਤਾ ਗਿਆ। ਕਾਲੇਵਾਲ ਲੱਲੀਆਂ ਦੇ ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਦੇ ਸਹਿਯੋਗ ਨਾਲ ਵੱਖ-ਵੱਖ ਸਕੂਲਾਂ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਏ ਗਏ। ਜੈ ਭਾਰਤ ਸਕੂਲ ਸਮੁੰਦੜਾ ਅਤੇ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 3 ਪਿੰਡਾਂ ਵਿਚ ਹਰ ਐਤਵਾਰ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**13. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**14. ਇੰਦਨਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਕੀਤੀ ਜਾਂਦੀ ਹੈ। ਵੀਰਵਾਰ ਨੂੰ ਬੀਬੀਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**15. ਕਾਲੇਵਾਲ ਲੱਲੀਆਂ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ਼ਹੀਦਾਂ ਸਿੰਘਾਂ ਕਾਲੇਵਾਲ ਵਿਖੇ ਜਨਵਰੀ ਮਹੀਨੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਜਿਸ ਵਿਚ ਬੱਚਿਆਂ ਨੇ ਕਵਿਤਾ, ਕਵੀਸ਼ਰੀ ਪੇਸ਼ ਕੀਤੀਆਂ ਅਤੇ ਭਾਈ ਸਾਹਿਬ ਵਲੋਂ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਰੋਜਾਨਾ ਹੁਕਮਨਾਮਾ ਸਾਹਿਬ ਦੀ ਵੀਚਾਰ ਕੀਤੀ ਜਾਂਦੀ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**17. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**18. ਜਰਮਨ (00491631 892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**19. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**20. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**21. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

## 21 ਫਰਵਰੀ 2026 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਸਾਕਾ ਨਨਕਾਣਾ ਸਾਹਿਬ ਦੀ ਯਾਦ ਵਿਚ ਅਤੇ ਗੁਰਦੁਆਰਾ ਸਾਹਿਬ ਦੇ ਨਵੇਂ ਹਾਲ ਦੇ ਉਦਘਾਟਨੀ ਸਮਾਰੋਹ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ



RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਪਰਿੰਗੜੀ ਵਿਖੇ ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਗੁਰਮਤਿ ਕਲਾਸ ਲਗਾਉਂਦੇ ਹੋਏ।



ਕੇਂਦਰ ਪਰਿੰਗੜੀ ਵਿਖੇ ਕੈਪਟਨ ਅਵਤਾਰ ਸਿੰਘ ਗੁਰਮਤਿ ਕਲਾਸ ਲਗਾਉਂਦੇ ਹੋਏ।





ਕੇਂਦਰ ਗਲੋਟੀ ਵਿਖੇ ਕਾਲਜ ਵਲੋਂ ਪ੍ਰਬੰਧਕਾਂ ਤੇ ਗ੍ਰੰਥੀ ਸਾਹਿਬਾਨ ਨੂੰ ਸਨਮਾਨਤ ਕਰਦੇ ਹੋਏ ਕੈਪਟਨ ਅਵਤਾਰ (ਸੱਜੇ) ਗਲੋਟੀ ਵਿਖੇ ਗੁਰਮਤਿ ਸਮਾਗਮ ਦੌਰਾਨ ਬੱਚੀਆਂ ਕਵੀਸ਼ਰੀ ਪੇਸ਼ ਕਰਦੀਆਂ ਹੋਈਆਂ।





(ਖੱਬੇ) ਸੀਨੀਅਰ ਸਿਟੀਜ਼ਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ ਹਫਤਾਵਾਰੀ ਮੀਟਿੰਗ ਦੌਰਾਨ । (ਸੱਜੇ) ਕਾਲਜ ਦੇ ਸਰਪ੍ਰਸਤ ਬਾਪੂ ਜਗਤਾਰ ਸਿੰਘ ਜੀ ਅਕਾਲੀ ਕਾਲਜ ਦੇ ਵਿਦਿਆਰਥੀਆਂ ਨਾਲ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਵਾਇਸ ਪ੍ਰਿੰਸੀਪਲ ਭਾਈ ਸੁਖਵਿੰਦਰ ਸਿੰਘ ਜੀ ਦਦੇਹਰ ਨੂੰ ਨਗਰ ਕਾਲਖ ਦੀ ਸਮੂਹ ਸੰਗਤ ਵਲੋਂ ਪ੍ਰੋ. ਸਾਹਿਬ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਗਿਆ।




21 ਫਰਵਰੀ 2026 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਕੇਂਦਰ ਚੱਕ ਕਲਾਂ ਦੇ ਪ੍ਰਬੰਧਕ ਵੀਰਾਂ ਦੇ ਆਉਣ ’ਤੇ ਕਾਲਜ ਵਲੋਂ ਪ੍ਰਬੰਧਕ ਕਮੇਟੀ ਦਾ ਸਨਮਾਨ ਕੀਤਾ ਗਿਆ।